ਵਰਿਆਮ

ਜਨਵਰੀ-੨੦੧੭

੪੨ਵਾਂ ਸਾਲ



ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ

25/-



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200 ਸਾਲਾ ਪ੍ਰਕਾਸ਼ ਪੁਰਬ ਸੰਬੰਧੀ ਹਾਜਰਾ ਹਜ਼ੂਰ
ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਬਖਸ਼ਿਸ਼ ਸਦਕਾ 200 ਅਖੰਡ ਪਾਠਾਂ ਦੀ ਲੜੀ ਸ੍ਰੀ ਭੈਣੀ ਸਾਹਿਬ ।
ਸ੍ਰੀ ਸਤਿਗੁਰੂ ਉਦੇ ਸਿੰਘ ਜੀ ਪਾਠੀ ਸਿੰਘਾਂ ਨਾਲ ਪਾਵਨ ਗੁਰਬਾਣੀ ਦਾ ਪਾਠ ਕਰਦੇ ਹੋਏ।



ਸ੍ਰੀਮਤੀ ਬਖਸ਼ੀਸ਼ ਕੌਰ ਜੀਵਨ ਸੰਗਨੀ ਸ. ਜਗਦੀਸ਼ ਸਿੰਘ ਵਰਿਆਮ
1941-20

ਵਰਿਆਮ

ਜਨਵਰੀ - ੨੦੧੭
ਜਿਲਦ-੪੨
ਅੰਕ- ੩

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'
ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ
ਮੋਬ.- 98143-18720

ਮੈਨੇਜਰ : ਡਾ. ਰਜਵੰਤ ਕੌਰ
ਮੋਬਾਇਲ : 98786-16996

ਦਫਤਰ ਦਾ ਪਤਾ:	Office Address :
ਮਾਸਿਕ ਵਰਿਆਮ	Monthly WARIAM
ਲਾਡੋਵਾਲੀ ਰੋਡ	
(ਸਾਹਮਣੇ ਸੈਂਟਰਲ ਟਾਊਨ)	Ladowali Road.
ਜਲੰਧਰ- ੧੪੪੦੦੧	Opp. Central Town, Jalandhar-144001
ਫੋਨ-:੦੧੮੧- ੨੨੨੨੫੪੩	Ph. :0181-2222543 (O)
ਘਰ : ੦੧੮੧-੨੪੫੬੨੮੯	0181-2456289 (R)

ਵਰਿਆਮ ਦੇ ਦਰ

ਇਹ ਅੰਕ	੨੫-੦੦
ਸਲਾਨਾ ਚੰਦਾ	੨੫੦-੦੦
ਪੰਜ ਸਾਲ ਲਈ	੧੦੦੦-੦੦
ਜੀਵਨ ਮੈਂਬਰ	੨੫੦੦-੦੦
ਵਿਦੇਸ਼ ਲਈ ਹਵਾਈ ਡਾਕ ਰਾਹੀਂ	੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ)

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਤਤਕਰਾ

WARIAM Current A/C No.
071300 5500 288 342
RTGS/NEFT IFS CODE : PUNB0071300
Punjab National Bank Central Town Jal. City

ਈ-ਮੇਲ ਪਤਾ :
jagdishsinghwariam@gmail.com
drrajwant@gmail.com

ਸੰਪਾਦਕੀ

ਪਿਤਾ ਦਸ਼ਮੇਸ਼ ਦਾ ੩੫੦ਵਾਂ ਪ੍ਰਕਾਸ਼ ਵਰ੍ਹਾ

ਭਾਰਤੀ ਪਰੰਪਰਾ ਵਿੱਚ ਗੁਰੂ ਨਾਨਕ ਦੀ ਗੱਦੀ ਦੇ ਦਸਵੇਂ ਰਿਹਬਰ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਇਹ ੩੫੦ਵਾਂ ਪ੍ਰਕਾਸ਼ ਵਰ੍ਹਾ ਹੈ। ਇਹ ਸਾਲ ਸਤਿਗੁਰੂ ਜੀ ਦੇ ਸ਼ਰਧਾਵਾਨ ਸਿੱਖਾਂ ਅਤੇ ਹੋਰ ਅਦਾਰਿਆਂ ਵਲੋਂ ਉਚੇਚੇ ਤੌਰ ਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਸਤਿਗੁਰੂ ਜੀ ਨੇ ੧੬੬੬ ਈ. ਵਿੱਚ ਗੁਰੂ ਤੇਗ ਬਹਾਦਰ ਦੇ ਗ੍ਰਹਿ ਵਿਖੇ ਮਾਤਾ ਗੁਜਰੀ ਜੀ ਦੀ ਗੋਦ ਨੂੰ ਸੁਭਾਇਮਾਨ ਕੀਤਾ। ਆਪ ਦਾ ਅਵਤਾਰ ਤਾਂ ਪਟਨੇ ਵਿੱਚ ਹੋਇਆ ਪਰ ਕੁਝ ਸਾਲਾਂ ਬਾਅਦ ਹੀ ਆਪ ਪੰਜਾਬ ਆ ਗਏ ਅਤੇ ਆਨੰਦਪੁਰ ਸਾਹਿਬ ਵਿਖੇ ਕੌਤਕ ਕਰਨ ਲੱਗੇ। ੧੬੭੫ ਈ. ਵਿੱਚ ਨੌਵੇਂ ਸਤਿਗੁਰੂ ਤੇਗ ਬਹਾਦਰ ਦੀ ਦੀ ਸ਼ਹੀਦੀ ਉਪਰੰਤ ਆਪ ਨੇ ਗੁਰੂ ਨਾਨਕ ਦੀ ਰਾਜਯੋਗ ਗੱਦੀ ਨੂੰ ਸੁਭਾਇਮਾਨ ਕੀਤਾ। ਆਪ ਨੇ ਸ਼ਾਸਤਰਾਂ ਦਾ ਅਧਿਐਨ ਕੀਤਾ, ਬਾਣੀ ਰਚੀ, ਸ਼ਸਤਰ ਵਿੱਧਿਆ ਸਿੱਖੀ ਅਤੇ ਆਪਣੇ ਸਿੱਖਾਂ ਨੂੰ ਉਹਨਾਂ ਦੇ ਭਲੇ ਲਈ ਉਪਦੇਸ਼ ਦਿੱਤਾ। ਆਪਨੇ ੧੬੯੯ ਵਿੱਚ ੫ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ। ਆਪ ਨੇ ੫ ਪਿਆਰਿਆਂ ਨੂੰ ਅਤੇ ਆਪਣੇ ਹੋਰ ਅੰਮ੍ਰਿਤਧਾਰੀ ਸਿੱਖਾਂ ਨੂੰ ੫ ਕਕਾਰ ਦੇ ਧਾਰਨੀ ਬਣਾਇਆ। ਆਪਨੇ ਪਹਿਲੇ ਸਤਿਗੁਰੂ ਸਾਹਿਬਾਨ ਦੀ ਬਾਣੀ ਦਾ ਪਾਠ ਕਰਨ ਅਤੇ ਉਸ ਤੇ ਸ਼ਰਧਾ ਰੱਖਦੇ ਹੋਏ ਅਮਲ ਕਰਨ ਦਾ ਉਪਦੇਸ਼ ਦਿੱਤਾ ਅਤੇ ਖੁਦ ਵੀ ਬਾਣੀ ਰਚੀ। ਖਾਲਸੇ ਨੂੰ ਆਪਨੇ ਨਵੇਕਲੀ ਪਛਾਣ ਅਤੇ ਉੱਚੀ-ਸੁੱਚੀ ਰਹਿਤ ਮਰਿਆਦਾ ਦੇ ਧਾਰਨੀ ਬਣਾਇਆ। ਸੰਗਤ ਦੇ ਆਪ ਨਾਲ ਜੁੜਨ ਕਰਕੇ ਬਾਈਧਾਰ ਦੇ ਪਹਾੜੀ ਰਾਜੇ ਆਪ ਨਾਲ ਈਰਖਾ ਕਰਨ ਲੱਗੇ। ਕੁਝ ਲੜਾਈਆਂ ਵੀ ਹੋਈਆਂ ਜਿਸ ਵਿੱਚ ਉਹਨਾਂ ਨੂੰ ਸੋਂਹ ਦੀ ਖਾਣੀ ਪਈ।

ਆਨੰਦਪੁਰ ਸਾਹਿਬ ਵਿੱਚ ਆਪਨੇ ਇੱਕ ਕਿਲਾ ਬਣਾਇਆ ਸੀ, ਰਾਜਿਆਂ ਦੀ ਅਤੇ ਉਹਨਾਂ ਦੀ ਗੱਲ ਮੰਨ ਕੇ ਮੁਗਲ ਸੈਨਾ ਨੇ ਉਸ ਕਿਲ੍ਹੇ ਨੂੰ ਘੇਰ ਲਿਆ। ਕਿਲ੍ਹਾ ਖਾਲੀ ਕਰਨ ਦੀ ਉਹਨਾਂ ਨੇ ਆਪਣੀ ਗੱਲ ਮਨਾਉਣ ਲਈ ਗਊ ਦੀ ਸਹੌਂ ਵੀ ਖਾਧੀ ਕਿ "ਅਸੀਂ ਤੁਹਾਨੂੰ ਕੁਝ ਨਹੀਂ ਕਹਾਂਗੇ, ਤੁਸੀਂ ਕਿਲ੍ਹਾ ਖਾਲੀ ਕਰ ਦਿਉ। ਪਰ ਜਿਉਂ ਹੀ ਕਿਲ੍ਹੇ ਅੰਦਰੋਂ ਗੁਰੂ ਪਰਿਵਾਰ ਤੇ ਸਿੱਖ, ਸਾਹਮਣੇ ਆਏ, ਫੌਜ ਨੇ ਟਿੱਢੀ-ਦਲ ਵਾਂਗ ਹਮਲਾ ਬੋਲ ਦਿੱਤਾ। ਇੱਧਰ ਵੀ ਸਭ ਸਿੱਖ ਹਥਿਆਰ ਬੰਦ ਸਨ, ਖੰਡਾ ਖੜਕਦਾ ਰਿਹਾ, ਸਿੱਖ ਅੱਗੇ ਵੱਧਦੇ ਰਹੇ। ਸਰਸਾ ਨਦੀ ਪਾਰ ਕਰਕੇ ਸਾਰੇ ਕੱਠੇ ਨਾ ਰਹਿ ਸਕੇ। ਸਤਿਗੁਰੂ ਜੀ ਨੇ ਚਮਕੌਰ ਦੀ ਗੜ੍ਹੀ ਦਾ ਆਸਰਾ ਲਿਆ ਪਰ ਹੁਕੂਮਤ ਦੀ ਫੌਜ ਨੇ ਇੱਥੇ ਵੀ ਘੇਰਾ ਘੱਤਿਆ। ਸਤਿਗੁਰੂ ਜੀ ਤਾਂ ਕਿਸੇ ਤਰ੍ਹਾਂ ਸਿੱਖਾਂ ਦੀ ਅਰਜ ਮੰਨ ਕੇ ਉੱਥੋਂ ਨਿਕਲ ਗਏ ਪਰ ਵੱਡੇ ਦੋ ਸਾਹਿਬਜ਼ਾਦੇ ਸ਼ਹੀਦ ਹੋ ਗਏ। ਛੋਟੇ ਦੋ ਸਾਹਿਬਜ਼ਾਦਿਆਂ ਨੂੰ ਸਰਹੰਦ ਦੇ ਨਵਾਬ ਨੇ ਸ਼ਹੀਦ ਕਰ ਦਿੱਤਾ, ਉਥੇ ਹੀ ਮਾਤਾ ਗੁਜਰੀ ਜੀ ਨੇ ਪ੍ਰਾਣ ਤਿਆਗ ਦਿੱਤੇ।

ਸਤਿਗੁਰੂ ਜੀ ਮੁਕਤਸਰ ਦੇ ਜੰਗ ਯੁੱਧ ਤੋਂ ਬਾਅਦ ਦਮਦਮਾ ਸਾਹਿਬ ਆ ਕੇ ਕੁਝ ਵਿਸ਼ਰਾਮ ਕੀਤਾ ਅਤੇ ਔਰੰਗਜ਼ੇਬ ਨੂੰ ਫਾਰਸੀ ਵਿੱਚ ਉਸਦੀਆਂ ਫੌਜਾਂ ਦੀਆਂ ਕੋਝੀਆਂ ਘਿਨੌਨੀਆਂ ਚਾਲਾਂ ਬਾਰੇ ਲਿਖਿਆ।

ਅਸੀਂ ਅੱਜ ਉਹਨਾਂ ਨੂੰ ਹਿੰਦੂ ਧਰਮ ਦੇ ਰਾਖੇ ਸਰਬੰਸਦਾਨੀ ਵਜੋਂ ਯਾਦ ਕਰਦੇ ਹਾਂ। ਸਤਿਗੁਰੂ ਗੋਬਿੰਦ ਸਿੰਘ ਦਾ ਜੰਗਾਂ-ਯੁਧਾਂ ਦਾ ਉਹਨਾਂ ਦੇ ਪਰਿਵਾਰ ਦੀਆਂ ਸ਼ਹਾਦਤਾਂ ਦਾ ਬੜਾ ਮਾਰਮਿਕ ਜ਼ਿਕਰ ਕੀਤਾ ਜਾਂਦਾ ਹੈ। ਨਾਲ ਹੀ ਉਹਨਾਂ ਦੀ ਬਾਣੀ ਦਾ ਵੀ ਜ਼ਿਕਰ ਆਉਂਦਾ ਹੈ।

ਸਤਿਗੁਰੂ ਜੀ ਖੁਦ ਤੇਗ ਦੇ ਧਨੀ ਸਨ। ਉਹਨਾਂ ਨੇ ਆਪਣੇ ਸਿੱਖਾਂ ਨੂੰ ਵੀ ਸ਼ਾਸਤਰ ਵਿੱਦਿਆ ਸਿਖਾਈ ਜਿਸ ਕਰਕੇ ਉਹ ਜ਼ੁਲਮ-ਜ਼ਬਰ ਦਾ ਟਾਕਰਾ ਕਰ ਸਕੇ। ਅਸੀਂ ਇਹ ਪੱਖ ਤਾਂ ਉਜਾਗਰ ਕਰਦੇ ਹਾਂ ਪਰ ਉਹਨਾਂ ਦੇ ਸ਼ਾਸਤਰਾਂ ਬਾਰੇ ਉਸ ਤਰ੍ਹਾਂ ਗੱਲ ਨਹੀਂ ਹੁੰਦੀ। ਉਹਨਾਂ ਦੀ ਆਪਣੀ ਬਾਣੀ ਦਾ ਵੀ ਇੱਕ ਗ੍ਰੰਥ ਹੈ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ। ਇੱਕ ਗ੍ਰੰਥ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਨੇ ਸੰਪਾਦਿਤ ਕੀਤਾ ਸੀ ਉਹ ਸ੍ਰੀ ਗੁਰੂ ਆਦਿ ਗ੍ਰੰਥ ਸਾਹਿਬ ਹੈ। ਕੁਝ ਸਿੱਖ ਸੰਸਥਾਵਾਂ ਦੋਵਾਂ ਗ੍ਰੰਥ ਸਾਹਿਬਾਂ ਦਾ ਆਦਰ ਕਰਦੀਆਂ ਹਨ ਜਿਵੇਂ ਨਿਹੰਗ ਸਿੰਘ, ਨਾਮਧਾਰੀ ਸਿੰਘ, ਦਮਦਮੀ ਟਕਸਾਲ ਆਦਿ ਅਤੇ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਤ ੨ ਤਖ਼ਤ-ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਦੋਹਾਂ ਗ੍ਰੰਥਾਂ ਸਾਹਿਬਾਂ ਦਾ ਪ੍ਰਕਾਸ਼ ਹੁੰਦਾ ਹੈ ਅਤੇ ਬਾਣੀ ਦਾ ਪਾਠ ਹੁੰਦਾ ਹੈ।

ਸਤਿਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦਾ ਵੀ ਵੱਧ ਪ੍ਰਚਾਰ-ਪ੍ਰਸਾਰ ਹੋਵੇ ਤਾਂ ਬਹੁਤ ਸਾਰੇ ਲੋਕ ਉਹਨਾਂ ਦੀ ਵਿਦਵਤਾ, ਪੌਰਾਣਿਕ ਸੂਝ, ਅਧਿਆਤਮਕ ਚੇਤਨਤਾ, ਸਦਾਚਾਰਕ ਉੱਚਤਾ ਅਤੇ ਉੱਚੀਆਂ-ਸੁੱਚੀਆਂ ਕਦਰਾਂ ਕੀਮਤਾਂ ਦੀ ਸ਼ਲਾਘਾ ਕਰਦੇ ਹੋਏ ਉਸਨੂੰ ਅਪਨਾ ਸਕਦੇ ਹਨ।

ਪਿਛਲੇ ੩੫੦ ਸਾਲਾਂ 'ਚ ਦਸਮ ਪਾਤਸ਼ਾਹ ਦੀ ਸਿੱਖੀ ਦੀ ਸੰਭਾਲ ਹੁੰਦੀ ਰਹੀ। ਇਸ ਵਿੱਚ ਕਈ ਤਰ੍ਹਾਂ ਦੇ ਉਤਾਰ-ਚੜ੍ਹਾ ਆਏ, ਕੁਰਬਾਨੀਆਂ ਹੁੰਦੀਆਂ ਰਹੀਆਂ ਪਰ ਸੱਚੇ-ਸੁੱਚੇ ਸਿੱਖਾਂ ਨੇ ਕਿਸੇ ਦੀ ਈਨ ਨਹੀਂ ਮੰਨੀ। ਮਰਿਆਦਾ ਨਹੀਂ ਛੱਡੀ ਭਾਵੇਂ ਪ੍ਰਾਣਾਂ ਦੀ ਆਹੂਤੀ ਦੇਣੀ ਪਈ। ਵਰਤਮਾਨ ਸਮੇਂ ਵਿੱਚ ਅਸੀਂ ਕਿੱਥੇ ਖਲੋਤੇ ਹਾਂ, ਇਹ ਦਿਨ ਮਨਾਉਣੇ ਕੇਵਲ ਰਸਮੀ ਜਿਹਾ ਤਾਂ ਨਹੀਂ, ਕੀ ਸਾਡੀ ਮਰਿਆਦਾ ਸਾਬਤ ਸੂਰਤ ਸਿੱਖਾਂ ਵਾਲੀ ਹੈ, ਕੀ ਅਸੀਂ ਰਹਿਤਨਾਮਿਆਂ ਵਿੱਚ ਦਿੱਤੀ ਮਰਿਆਦਾ ਅਨੁਸਾਰ ਦਸਮ ਪਿਤਾ ਦੇ ਸੱਚੇ ਸਿੱਖ ਹਾਂ। ਸਾਡੀ ਲੜਾਈ ਤਾਂ ਮਾੜੇ ਕਰਮਾਂ ਨਾਲ ਹੋਣੀ ਚਾਹੀਦੀ ਹੈ ਪਰ ਉਸਦੀ ਥਾਂ ਤੇ ਕਈ ਵਾਰ ਅਸੀਂ ਆਪਣੇ ਧੜੇ ਦੇ ਹੱਕ ਵਿੱਚ ਖਲੋਂਦੇ ਹਾਂ ਅਤੇ ਉਸ ਲਈ ਲੜਦੇ ਹਾਂ। ਅਸੀਂ ਸਿੱਖੀ ਨੂੰ ਵੀ ਉਥੋਂ ਤੱਕ ਤਾਂ ਸੀਮਿਤ ਨਹੀਂ ਕਰ ਦਿੰਦੇ। ਜੇ ਅਸੀਂ ਗੁਰੂ ਗੋਬਿੰਦ ਸਿੰਘ ਦੇ ਸਿੱਖ ਵਜੋਂ ਗੁਰੂ ਨਾਨਕ ਨਾਮ ਲੇਵਾ ਸੰਪ੍ਰਦਾਵਾਂ ਨੂੰ ਵੀ ਨਾਲ ਲੈ ਕੇ ਤੁਰਾਂਗੇ ਤਾਂ ਸਾਡੀ ਤਾਕਤ ਵਧੇਗੀ। ਅਸੀਂ ਭੈੜੇ ਕਰਮਾਂ ਵਿੱਚ ਲੱਗੇ ਸਿੱਖਾਂ ਜਿਹੜੇ ਪੱਗ-ਦਾੜ੍ਹੀ ਦੀ ਲਾਜ ਨਹੀਂ ਰੱਖਦੇ, ਨਸ਼ਈ ਤੇ ਵਿਸ਼ਈ ਹੋਏ ਆਪਣਾ ਹੀ ਨੁਕਸਾਨ ਕਰ ਰਹੇ ਹਨ, ਉਹਨਾਂ ਨੂੰ ਵੀ ਸਿੱਧੇ ਰਾਹ ਲਿਆਉਣ ਲਈ ਉਪਰਾਲਾ ਕਰ ਸਕਾਂਗੇ।

—ਤਾਰਾ ਸਿੰਘ ਅਨਜਾਣ

ਮਾਵਾਂ ਠੰਡੀਆਂ ਛਾਂਵਾਂ

-ਡਾ. ਰਜਵੰਤ ਕੌਰ

ਮੇਰੀ ਮਾਂ ਸ੍ਰੀਮਤੀ ਬਖਸ਼ੀਸ਼ ਕੌਰ ਸਪੁਤਨੀ ਸ. ਜਗਦੀਸ਼ ਸਿੰਘ ਵਰਿਆਮ। ਉਨ੍ਹਾਂ ਨੂੰ ਸਾਡੇ ਤੋਂ ਵਿਛੜਿਆਂ (15 ਜਨਵਰੀ 2015) ਇਕ ਸਾਲ ਹੋ ਗਿਆ ਹੈ ਪਰ ਅਜੇ ਵੀ ਉਨ੍ਹਾਂ ਦੀਆਂ ਯਾਦਾਂ ਜਿਹਨ ਵਿੱਚ ਤਰੋ ਤਾਜ਼ਾ ਹਨ। ਸਕੂਲ ਜਾਣ ਦੇ ਦਿਨਾਂ ਤੋਂ ਲੈ ਕੇ ਕਾਲਜ ਦੀ ਪੜ੍ਹਾਈ, ਵਿਆਹ ਸਾਡੇ ਜਲੰਧਰ ਆਉਣ ਦੀ ਉਡੀਕ ਬੱਚਿਆਂ ਦਾ ਸੁਆਗਤ ਤੇ ਸੁਖ-ਦੁੱਖ ਵਿਚ ਸਦਾ ਸਾਥ ਰਹਿਣਾ ਸਭ ਚੰਗੀ ਤਰ੍ਹਾਂ ਨਿਭਾਇਆ। ਇਹ ਸਹੀ ਅਰਥਾਂ ਵਿੱਚ ਮਮਤਾ, ਸੇਵਾ ਅਤੇ ਸਾਦਗੀ ਦੀ ਮੂਰਤ ਸਨ।

ਮੰਮੀ ਦਾ ਜਨਮ ਸੰਨ 1941 ਵਿੱਚ ਪਿਤਾ ਸ. ਸੂਰਤ ਸਿੰਘ ਹੰਸਪਾਲ ਅਤੇ ਮਾਤਾ ਮਹਿੰਦਰ ਕੌਰ ਦੇ ਘਰ ਪਿੰਡ ਬਾਠਾਂ ਵਾਲਾ, ਜ਼ਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ) ਵਿਖੇ ਹੋਇਆ। ਪਾਕਿਸਤਾਨ ਬਣ ਤੋਂ ਬਾਅਦ ਮੇਰਾ ਨਾਨਕਾ ਪਰਿਵਾਰ ਉੱਤਰ ਪ੍ਰਦੇਸ਼ ਦੇ ਬਿਜਨੌਰ ਸ਼ਹਿਰ ਵਿੱਚ ਆ ਕੇ ਵੱਸ ਗਿਆ ਕਿਉਂਕਿ ਮੇਰੇ ਨਾਨਾ ਜੀ ਦੇ ਪਰਿਵਾਰ ਵਿੱਚੋਂ ਭਰਾ ਸ. ਗਿਆਨ ਸਿੰਘ ਹੰਸਪਾਲ ਜੀ ਇੱਥੋ ਸ਼ੂਗਰ ਮਿਲ ਵਿੱਚ ਚੀਫ ਇੰਜੀਨੀਅਰ ਸਨ। ਮੇਰੇ ਨਾਨਾ ਜੀ ਇਸੇ ਸ਼ੂਗਰ ਮਿਲ ਵਿੱਚ ਨੌਕਰੀ ਕਰ ਲਗ ਗਏ। ਮੇਰੇ ਮੰਮੀ ਤਿੰਨ ਭੈਣਾਂ ਤੇ ਇੱਕ ਭਰਾ ਵਿੱਚੋਂ ਸਭ ਤੋਂ ਵੱਡੇ ਸਨ। ਛੋਟੇ ਭਰਾ ਗੁਰਮੀਤ ਸਿੰਘ ਨੂੰ ਤੇ ਉਨ੍ਹਾਂ ਨੇ ਤਰਸ ਕੇ ਲਿਆ ਸੀ। ਇਸ ਲਈ ਮੇਰੇ ਮਾਮਾ ਜੀ ਦੀ ਉਹ ਮਾ ਵਰਗੀ ਭੈਣ ਸੀ। ਘਰ ਵਿੱਚ ਵੱਡੀ ਹੋਣ ਕਰਕੇ ਉਨ੍ਹਾਂ ਨੂੰ ਬਚਪਨ ਵਿੱਚ ਹੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਸੀ। ਉਹ ਆਪਣੀ ਪੜ੍ਹਾਈ ਦੇ ਨਾਲ-ਨਾਲ ਘਰ ਦੇ ਕੰਮ ਕਾਜਵਿੱਚ ਆਪਣੀ ਮਾਤਾ ਜੀ ਦੇ ਮਦਦ ਵੀ ਕਰਦੇ ਸਨ।

ਅਠਾਰਾਂ ਸਾਲ ਦੀ ਉਮਰ ਵਿੱਚ ਉਨ੍ਹਾਂ ਦਾ ਅਨੰਦ ਕਾਰਜ ਮੇਰੇ ਪਿਤਾ ਜੀ (ਜਿਨ੍ਹਾਂ ਨੂੰ ਅਸੀਂ ਹਮੇਸ਼ਾ ਭਾਜੀ ਕਹਿੰਦੇ ਰਹੇ ਹਾਂ) ਨਾਲ 11 ਸਤੰਬਰ 1959 ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਸਤਾਰਬੰਦੀ ਮੇਲੇ ਤੇ ਹੋਇਆ ਤੇ ਉਹ ਬਿਜਨੌਰ ਤੋਂ ਜਲੰਧਰ ਜਥੇਦਾਰ ਨੱਥਾ ਸਿੰਘ ਦੀ ਨੂੰਹ ਬਣ ਕੇ ਆ ਗਏ। ਇਨ੍ਹਾਂ ਦੇ ਰਿਸ਼ਤੇ ਦੀ ਖੂਬਸੂਰਤ ਗੱਲ ਇਹ ਸੀ ਕਿ ਮੇਰੇ ਭਾਜੀ ਦੇ ਸੱਕੇ ਮਾਮਾ ਜੀ-ਮਾਮੀ ਜੀ (ਸ. ਸਰੈਣ ਸਿੰਘ ਤੇ ਬੀਬੀ ਮਾਇਆ) ਮੇਰੇ ਮੰਮੀ ਦੇ ਸੱਕੇ ਮਾਸੜ ਜੀ ਤੇ ਮਾਸੀ ਸਨ। ਤਿਨ੍ਹਾਂ ਪਰਿਵਾਰਾਂ (ਮੇਰੀ ਦਾਦੀ ਸਵਰਨ ਕੌਰ, ਨਾਨੀ ਜੀ ਅਤੇ ਉਨ੍ਹਾਂ ਦੀ ਭੈਣ ਜੋ ਕਿ ਮੇਰੀ ਦਾਦੀ ਜੀ ਦੀ ਭਰਜਾਈ ਜੀ) ਨੇ ਇਹ ਰਿਸ਼ਤਾ ਸਾਰੀ ਉਮਰ ਬਾਖੂਬੀ ਨਿਭਾਇਆ। ਇਸ ਤਰ੍ਹਾਂ ਜਲੰਧਰ ਵਿੱਚ ਮੇਰੇ ਪਿਤਾ ਅਤੇ ਸਾਡਾ ਨਾਨਕਾ ਘਰ ਇਕ ਹੀ ਸੀ। ਵਿਆਹ ਤੋਂ ਬਾਅਦ ਮੇਰੇ ਮੰਮੀ ਨੇ ਆਪਣੇ ਸੁਹਰੇ ਘਰ ਦੀ ਸਾਰੀ ਜ਼ਿੰਮੇਵਾਰੀ ਸੰਭਾਲ ਲਈ। ਉਸ ਸਮੇਂ ਮੇਰੇ ਚਾਚਾਜੀ ਨਰੈਣ ਸਿੰਘ ਅਤੇ ਭੂਆ ਜੀ ਪਰਮਜੀਤ ਕੌਰ ਅਜੇ ਬਚਪਨ ਦੀਆਂ ਦਹਲੀਜਾਂ ਵਿੱਚ ਸਨ। ਇਸ ਦੇ ਨਾਲ ਹੀ ਸ਼ੁਰੂ ਹੋਇਆ ਇੱਕ ਲੰਮਾ ਜੀਵਨ ਸੰਘਰਸ਼। ਉਨ੍ਹਾਂ ਨੇ ਜੀਵਨ ਦੇ ਹਰ ਖੇਤਰਵਿੱਚ ਭਾਜੀ (ਮੇਰੇ ਪਿਤਾ ਜੀ) ਦੇ ਨਾਲ ਮੋਢੇ ਮੋਢਾ ਜੋੜ ਕੇ ਸਾਥ ਦਿੱਤਾ।

ਵਿਆਹ ਦੇ ਸਮੇਂ ਭਾਜੀ ਆਪਣੇ ਮਾਮਾ ਜੀ ਦੀ ਬੈਟਰੀਆਂ ਦੀ ਦੁਕਾਨ ਤੇ ਕੰਮ ਕਰਦੇ ਸਨ। ਖੁਲ੍ਹੀ ਕਮਾਈ ਨਹੀਂ ਸੀ ਪਰ ਉਹ ਸੁਚੱਜੇ ਤਰੀਕੇ ਨਾਲ ਘਰ ਦਾ ਗੁਜ਼ਾਰਾ ਕਰੀ ਜਾ ਰਹੇ ਸਨ। ਮੇਰੀਆਂ ਦੋਨੋਂ ਵੱਡੀਆਂ ਭੈਣਾਂ ਗੁਰਦਰਸ਼ ਕੌਰ ਅਤੇ ਸਤਵੰਤ ਕੌਰ ਅਜੇ ਛੋਟੀਆਂ ਹੀ ਸਨ ਕਿ ਕਾਰੋਬਾਰ ਦੇ ਸਿਲਸਿਲੇ ਵਿੱਚ ਚਾਰੇ ਜਣੇ ਜੰਮੂ ਚਲੇ ਗਏ। ਇੱਥੇ ਉਹ ਚਾਰ ਪੰਜ ਸਾਲ ਰਹੇ। ਇੱਥੇ ਰਹਿੰਦੇ ਹੋਏ ਦੋਨਾਂ ਜੀਆਂ ਨੇ ਸਾਰੀ ਸੰਗਤ ਦਾ ਬਹੁਤ ਪਿਆਰ ਅਤੇ ਸਤਿਕਾਰ ਕਮਾਇਆ। ਇੱਥੇ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਦ੍ਰਿਸ਼ਟੀ ਭਾਜੀ ਉੱਤੇ ਪਈ ਤੇ ਉਨ੍ਹਾਂ ਨੇ ਭਾਜੀ ਨੂੰ ਸ੍ਰੀ ਭੈਣੀ ਸਾਹਿਬ ਆ ਕੇ ਵਿਦਿਅਕ ਸੰਮੇਲਨ ਵਿੱਚ ਹਿੱਸਾ ਲੈਣ ਲਈ ਹੁਕਮ ਕੀਤਾ। ਸਤਿਗੁਰੂ ਜੀ ਦੀ ਐਸੀ ਮਿਹਰ ਹੋਈ ਕਿ ਉਹ ਹਰ ਖੇਤਰ ਵਿੱਚ ਆਪਣਾ ਨਾਂ ਖੱਟਦੇ ਰਹੇ। ਮੇਰੀ ਉਮਰ ਅਜੇ ਸਾਲ ਦੀ ਹੀ ਸੀ ਕਿ ਅਸੀਂ ਵਾਪਿਸ ਜਲੰਧਰ ਆਪਣੇ ਘਰ ਆ ਗਏ। ਨਵੰਬਰ 1975 ਵਿੱਚ ਭਾਜੀ ਨੇ ਮਾਸਿਕ ਵਰਿਆਮ ਕੱਢਣਾ ਸ਼ੁਰੂ ਕੀਤਾ। ਇਸ ਤੋਂ ਬਾਅਦ ਭਾਜੀ ਆਪਣੇ ਕਾਰੋਬਾਰੀ, ਧਾਰਮਿਕ ਅਤੇ ਸਾਹਿਤਕ ਰੁਝੇਵਿਆਂ ਵਿੱਚ ਰੁਝੇ ਰਹੇ। ਮੰਮੀ ਹਮੇਸ਼ਾ ਘਰ ਰਹਿ

ਕੇ ਆਪਣੇ ਬੱਚਿਆਂ ਅਤੇ ਸੱਸ ਸੁਹਰੇ ਦੀ ਸੇਵਾ ਵਿਚ ਲੱਗੇ ਰਹੇ।

ਮੰਮੀ ਸਾਰੇ ਘਰ ਦੇ ਕੰਮ ਆਪ ਹੀ ਕਰਦੇ ਸਨ। ਘਰ ਦੇ ਰੋਜ਼ ਦੇ ਕੰਮਾਂ ਤੋਂ ਇਲਾਵਾ ਕਪੜੇ ਸੀਣੇ, ਸਵੈਟਰ ਬੁਨਣੇ ਤੇ ਬਾਜ਼ਾਰੋਂ ਸੌਦਾ ਲਿਆਉਣ ਦਾ ਸਾਰਾ ਕੰਮ ਉਹ ਆਪ ਹੀ ਕਰਦੇ ਸਨ। ਸਾਡੇ ਘਰ ਸੰਤਾਂ, ਜਥੇਦਾਰਾਂ ਅਤੇ ਸਾਧ ਸੰਗਤ ਦਾ ਆਉਣਾ ਇੱਕ ਆਮ ਗੱਲ ਸੀ। ਉਹ ਹਰ ਮੇਹਮਾਨ ਨੂੰ ਪਰਸ਼ਾਦਾ ਅਤੇ ਜਲ ਪਾਣੀ ਛਕਾਉਣ ਵਿੱਚ ਖੁਸ਼ੀ ਮਹਿਸੂਸ ਕਰਦੇ ਸਨ। ਘਰ ਦੇ ਨਾਲ-ਨਾਲ ਨਾਮਧਾਰੀ ਧਰਮਸ਼ਾਲਾ ਦੀ ਸੇਵਾ ਵਿੱਚ ਵੀ ਰੁੱਝ ਗਏ। ਬਸੰਤ ਦੇ ਮੇਲੇ ਤੋਂ ਪਹਿਲਾਂ ਉਹ ਜਿਆਦਾ ਕਿਰਿਆਸ਼ੀਲ ਹੋ ਜਾਂਦੇ ਸਨ। ਗੁਰਦੁਆਰੇ ਵਾਸਤੇ ਬਿਸਤਰੇ ਅਤੇ ਭਾਂਡੇ ਖਰੀਦਣ ਤੋਂ ਇਲਾਵਾ ਉਹ ਲੰਗਰ ਦੀ ਸੇਵਾ ਵੀ ਕਰਦੇ ਸਨ। ਗੁਰਦੁਆਰੇ ਕੋਈ ਵੀ ਸਮਾਗਮ ਹੋਵੇ ਭਾਜੀ ਵੱਲੋਂ ਹਿਦਾਇਤ ਸੀ ਕਿ ਘਰ ਵਿੱਚ ਦਾਲ ਸਬਜੀ ਜ਼ਰੂਰ ਬਣਾ ਕੇ ਰੱਖਣੀ ਹੈ ਕਿਉਂਕਿ ਕਿਸੇ ਵੇਲੇ ਵੀ ਕੋਈ ਪ੍ਰਾਹੁਣਾ ਜਥੇਦਾਰ, ਕਵੀ ਜਾਂ ਕੋਈ ਪ੍ਰਚਾਰਕ ਪਰਸ਼ਾਦਾ ਛੱਕਣ ਆ ਸਕਦਾ ਸੀ।

ਸਮਾਂ ਆਪਣੀ ਚਾਲ ਚਲਦਾ ਗਿਆ। ਅਸੀਂ ਤਿੰਨੇ ਭੈਣਾ ਪੜ੍ਹਾਈ ਵਿੱਚ ਆਪਣੀਆਂ ਜਮਾਤਾਂ ਚੱਪ ਰਹੀਆਂ ਸੀ ਅਤੇ ਭਾਜੀ ਆਪਣੇ ਕਾਰੋਬਾਰ ਵਿੱਚ ਮਸਰੂਫ ਸਨ। ਮੇਰੇ ਭੂਆ ਜੀ ਅਤੇ ਚਾਚਾ ਜੀ ਦਾ ਵਿਆਹ ਹੋ ਚੁੱਕਾ ਸੀ। ਚਾਚਾ ਜੀ ਦਾ ਵਿਆਹ ਮੇਰੀ ਸਭ ਤੋਂ ਛੋਟੀ ਮਾਸੀ ਗੁਰਮੀਤ ਕੌਰ ਨਾਲ ਹੋ ਗਿਆ। ਧੀਆਂ ਵਰਗੀ ਭੈਣ ਨੂੰ ਮੰਮੀ ਆਪਣੀ ਦਰਾਣੀ ਅਤੇ ਨੂੰਹ ਬਣਾ ਕੇ ਲੈ ਆਈ ਸੀ। ਇਸ ਦੌਰਾਨ ਹੀ ਮੰਮੀ ਨੇ ਆਪਣੇ ਗੁਆਂਢੀ ਪਰਿਵਾਰ ਦੇ ਮਨਪਸੰਦ ਮੁੰਡੇ ਨਾਲ ਆਪਣੀ ਛੋਟੀ ਮਾਸੀ ਦੀ ਧੀ ਭੈਣੀ ਦਾ ਰਿਸ਼ਤਾ ਕਰਾ ਦਿੱਤਾ। ਫੇਰ ਤਿੰਨਾਂ ਭੈਣਾਂ ਦੀ ਸਰਦਾਰੀ ਵੀ ਹੋ ਗਈ ਤੇ ਸਾਥ ਵੀ।

ਸਤਿਗੁਰੂ ਹੁਕਮ ਅਨੁਸਾਰ 3 ਜੁਲਾਈ 1982 ਮੇਰੀਆਂ ਦੋਨਾਂ ਭੈਣਾ ਦਾ ਵਿਆਹ ਨੈਰੋਬੀ (ਕੀਨੀਆ) ਨਿਵਾਸੀ ਸ. ਗੁਰਚੈਨ ਸਿੰਘ ਫਲੌਰਾ ਦੇ ਸਪੁੱਤਰਾਂ ਕੁਲਦੀਪ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਨਾਲ ਹੋ ਗਿਆ। ਵਿਆਹ ਤੋਂ ਡੇਢ ਕੁ ਮਹੀਨਾ ਬਾਅਦ ਦੋਵੇਂ ਧੀਆਂ ਇੱਕੋ ਦਿਨ ਇਕੱਠੀਆਂ ਆਪਣੇ ਸੋਹਰੇ ਘਰ ਨੈਰਬੀ ਤੇ ਫਿਰ ਇੰਗਲੈਂਡ ਚੱਲੀਆਂ ਗਈ। ਦੋਹਾਂ ਜੀਆਂ ਦਾ ਵੱਡਾ ਜਿਗਰਾ ਸੀ ਕਿ ਇਕੋ ਵੇਲੇ ਦੋਨੋ ਧੀਆਂ ਪਰਦੇਸ ਭੇਜ ਦਿੱਤਾ। ਚਿੱਠੀਆਂ ਅਤੇ ਫੋਨਾਂ ਦੇ ਸਾਰੇ ਸਮਾਂ ਬੀਤ ਗਿਆ।

ਇਸ ਤੋਂ ਬਾਅਦ ਮੇਰੀਆਂ ਹੋਰ ਛੋਟੀਆਂ ਭੈਣਾਂ (ਚਾਚਾ ਜੀ ਦੀਆਂ ਧੀਆਂ) ਅਮਨ ਅਤੇ ਰਮਨ ਆ ਗਈਆਂ। ਮੰਮੀ ਨੇ ਉਨ੍ਹਾਂ ਨੂੰ ਵੀ ਬਹੁਤ ਪਿਆਰ ਦਿੱਤਾ। ਪਰ ਘਰ ਵਿੱਚ ਇੱਕ ਪੁੱਤਰ ਦੀ ਕਮੀ ਹਰ ਵੇਲੇ ਮਹਿਸੂਸ ਹੁੰਦੀ ਸੀ। ਇਸ ਕਮੀ ਨੂੰ ਮੇਰੇ ਦਾਦਾ ਜੀ ਦੇ ਇਕਲੌਤੇ ਪੋਤਰੇ ਤੇ ਨਾਨਾ ਜੀ ਦੇ ਇਕਲੌਤੇ ਦੋਹਤਰੇ ਗੁਰਰਤਨ ਸਿੰਘ (ਵੀਰੂ) ਨੇ ਪੂਰਾ ਕੀਤਾ। ਮੰਮੀ ਹਮੇਸ਼ਾ ਉਸਨੂੰ ਕਾਕਾ ਕਹਿ ਕੇ ਬੁਲਾਉਂਦੇ ਸਨ। ਧੀਆਂ ਮੰਮੀ ਦੀ ਜਿੰਦ-ਜਾਨ ਸਨ ਅਤੇ ਕਾਕਾ ਉਨ੍ਹਾਂ ਦੀ ਰੂਹ ਸੀ। ਉਸਦੇ ਜੰਮਨ ਤੋਂ ਬਾਅਦ ਉਹ ਮੁੰਡੇ ਦੀ ਮਾਂ, ਤਾਈ ਅਤੇ ਦਾਦੀ ਬਣ ਗਏ। ਦੋਹਾਂ ਜੀਆਂ ਨੇ ਕਾਕੇ ਨੂੰ ਰੱਜ ਕੇ ਪਿਆਰ ਦਿੱਤਾ ਅਤੇ ਕਾਕੇ ਨੇ ਵੀ ਉਨ੍ਹਾਂ ਕੋਈ ਗੱਲ ਭੁੰਜੇ ਨਹੀਂ ਪੈਣ ਦਿੱਤੀ। ਜਦੋਂ ਉਹ ਐਮ.ਬੀ.ਏ. ਦੀ ਪੜ੍ਹਾਈ ਕਰਨ ਦਿੱਲੀ ਚਲਾ ਗਿਆ, ਤਾਂ ਮੰਮੀ ਬਹੁਤ ਇਕਲਾ ਮਹਿਸੂਸ ਕਰਨ ਲੱਗ ਗਏ। ਇਸਦਾ ਉਨ੍ਹਾਂ ਦੇ ਮਾਨਸਿਕ ਅਸਰ ਵੀ ਹੋਇਆ। ਪੜ੍ਹਾਈ ਖਤਮ ਕਰਕੇ ਜਦੋਂ ਉਹ ਵਾਪਿਸ ਜਲੰਧਰ ਆ ਗਿਆ ਤੇ ਉਥੇ ਹੀ ਨੌਕਰੀ ਕਰਨ ਲੱਗ ਪਿਆ, ਮੰਮੀ ਫੇਰ ਚੜ੍ਹਦੀਆਂ ਕਲਾਂ ਵਿੱਚ ਆ ਗਏ।

ਮੰਮੀ ਨੇ ਘਰ ਆਏ ਹਰ ਮਹਿਮਾਨ ਦੀ ਸੇਵਾ ਦਿਲੋਂ ਜਾਨ ਨਾਲ ਕੀਤੀ। ਜਲੰਧਰ ਵਿੱਚ ਹਰ ਸਾਲ ਦਸੰਬਰ ਦੇ ਆਖਰੀ ਦਿਨਾਂ ਵਿੱਚ ਸ੍ਰੀ ਹਰਬਲੱਬ ਸੰਗੀਤ ਸੰਮੇਲਨ ਹੁੰਦਾ ਹੈ। ਇਸ ਸੰਮੇਲਨ ਦਾ ਅਨੰਦ ਮਾਨਣ ਵਾਲੇ ਭਾਜੀ ਦੇ ਦੋਸਤ, ਮਿੱਤਰ ਤੇ ਸੰਗੀਤ ਪ੍ਰੇਮੀ ਅਕਸਰ ਸਾਡੇ ਘਰ ਠਹਿਰ ਦੇ। ਮੰਮੀ ਦੇ ਹੱਥਾਂ ਦੇ ਬਣਾਏ ਆਲੂ ਦੇ ਪਰਾਂਠੇ ਅੱਜ ਵੀ ਸਾਰੇ ਯਾਦ ਕਰਦੇ ਹਨ।

ਮੇਰੇ ਮੰਮੀ ਸਾਦਗੀ ਦੀ ਮੂਰਤ ਸਨ। ਮੈਂ ਕਦੇ ਵੀ ਉਨ੍ਹਾਂ ਨੂੰ ਮੇਕਅਪ ਕੀਤੇ ਨਹੀਂ ਦੇਖਿਆ। ਉਨ੍ਹਾਂ ਕਦੇ ਗੂੜ੍ਹੇ ਤੇ ਚੱਟਕੀਲੇ ਰੰਗਾਂ ਦੇ ਕੱਪੜੇ ਨਹੀਂ ਪਾਏ ਸਨ। ਉਹ ਹਮੇਸ਼ਾ ਸਾਦਾ ਰਹਿੰਦੇ ਸਨ। ਉਨ੍ਹਾਂ ਦਾ ਸੁਹਪਣ ਕੁਦਰਤੀ ਸੀ। ਜ਼ਿੰਦਗੀ ਵਿੱਚ ਕਦੀ ਬਨਾਵਟੀਪਨ ਜਾਂ ਵਿਖਾਵਾ ਨਹੀਂ ਕੀਤਾ। ਸਿਰਫ ਨਿਸ਼ਕਾਮ ਸੇਵਾ ਕਰਦੇ ਸਨ। ਸੰਨ 2001 ਵਿੱਚ ਜਦੋਂ "ਵਰਿਆਮ" ਦੀ ਸਿਲਵਰ ਜੁਬਲੀ ਮਨਾਈ ਤੇ ਉਥੇ ਆਪਣੀ ਹਾਜ਼ਰੀ ਲਾਉਣ ਵਾਲੇ ਭਾਜੀ ਲੇਖਕ ਮਿਤਰਾਂ ਦਾ ਕਹਿਣਾ ਸੀ ਕਿ ਜਗਦੀਸ਼ ਸਿੰਘ ਨੂੰ ਜਗਦੀਸ਼ ਸਿੰਘ ਵਰਿਆਮ ਬਣਾਉਣ ਵਾਲੀ ਉਸਦੀ ਪਤਨੀ ਬਖਸ਼ੀਸ਼ ਕੌਰ ਹੈ। ਪਰ ਉਨ੍ਹਾਂ ਨੇ ਕੱਦੇ ਇਸ ਗੱਲ ਦਾ ਗੁਮਾਨ ਨਹੀਂ ਕੀਤਾ। ਹਮੇਸ਼ਾ ਆਪਣੇ ਸੱਸ ਸੁਹਰੇ ਤੇ ਪਤਨੀ ਦੀ ਸੇਵਾ ਵਿੱਚ

ਤੱਤਪਰ ਰਹੇ। ਭਾਜੀ ਦੀ ਖਾਣਪੀਣ ਦੀ ਹਰ ਫਰਮਾਇਸ਼ ਉਹ ਝੱਟ ਪੂਰੀ ਕਰ ਦਿੰਦੇ।

ਉਹ ਹਰ ਵੇਲੇ ਕਿਸੇ ਨਾ ਕਿਸੇ ਕੰਮ ਵਿੱਚ ਰੁਝੇ ਰਹਿੰਦੇ ਸਨ। ਸੁਸਤੀ ਜਰਾ ਨਹੀਂ ਕਰਦੇ ਸਨ। ਖਾਸ ਕਰਕੇ ਜਦੋਂ ਘਰ ਵਿੱਚ ਬੱਚੇ ਆਏ ਹੋਣ, ਚਾਹੇ ਇੰਗਲੈਂਡ ਤੋਂ ਜਾਂ ਫਿਰ ਦਿੱਲੀ ਤੋਂ ਮੈਂ ਅਤੇ ਮੇਰਾ ਪਰਿਵਾਰ। ਧੀਆਂ ਜਵਾਈਆਂ ਤੇ ਦੋਹਤਰੇ ਤੇ ਦੋਹਤਰੀਆਂ ਦੀ ਸੰਗਤ ਵਿੱਚ ਉਨ੍ਹਾਂ ਵਿੱਚ ਇੱਕ ਵਿਸ਼ੇਸ਼ ਊਰਜਾ ਦਾ ਸੰਚਾਰ ਹੋ ਜਾਂਦਾ, ਜਿਸ ਨਾਲ ਉਹ ਚਾਈਂ-ਚਾਈਂ ਸਾਰੇ ਕੰਮ ਕਰਦੇ ਰਹਿੰਦੇ। ਤਿੰਨਾਂ ਜਵਾਈਆਂ ਨੂੰ ਉਨ੍ਹਾਂ ਨੇ ਇੱਕੋ ਜਿਹਾ ਤੇ ਰੱਜ ਪਿਆਰ ਤੇ ਸਤਿਕਾਰ ਦਿੱਤਾ। ਮੇਰੇ ਦਿੱਲੀ ਤੋਂ ਅਕਸਰ ਸਾਲ ਵਿੱਚ ਤਿੰਨ ਚਾਰ ਗੇੜੇ ਲੱਗ ਜਾਂਦੇ ਸਨ। ਬੱਚਿਆਂ ਨਾਲ ਘਰ ਵਿੱਚ ਰੌਣਕ ਆ ਜਾਂਦੀ। ਫੇਰ ਜਦੋਂ ਅਸੀਂ ਲੁਧਿਆਣੇ ਆ ਗਏ ਤੇ ਉਨ੍ਹਾਂ ਨੂੰ ਸਾਡੇ ਨੇੜੇ ਹੋਣ ਦਾ ਹੋਰ ਸੁਖ ਹੋ ਗਿਆ। ਪਰ ਇਸ ਦੇ ਨਾਲ ਵੱਧੀ ਉਮਰ ਨੇ ਤੇ ਬਿਮਾਰਿਆਂ ਨੇ ਵੀ ਅਸਰ ਵਿਖਾਉਣਾ ਸ਼ੁਰੂ ਕਰ ਦਿੱਤਾ ਸੀ।

ਉਨ੍ਹਾਂ ਨੂੰ ਸ਼ੂਗਰ, ਬਲੱਡਪ੍ਰੈਸ਼ਰ ਜਾਂ ਦਿਲ ਦੀ ਬਿਮਾਰੀ ਵਰਗੀ ਕੋਈ ਵੱਡੀ ਬਿਮਾਰੀ ਨਹੀਂ ਸੀ। ਉਨ੍ਹਾਂ ਦਾ ਪੇਟ ਖਰਾਬ ਰਹਿਣ ਲੱਗ ਸੀ, ਜਿਸਦਾ ਪੇਟ ਦੇ ਮਾਹਿਰ ਡਾਕਟਰਾਂ ਦਾ ਇਲਾਜ ਚੱਲ ਰਿਹਾ ਸੀ। ਇਸ ਨਾਲ ਉਹ ਠੀਕ ਵੀ ਹੋ ਜਾਂਦੇ ਸਨ। ਪਰ ਖਾਣ ਪੀਣ ਦਾ ਬੜਾ ਸੰਕੋਚ ਕਰਨਾ ਪੈਂਦਾ ਸੀ। ਸੱਭ ਤੋਂ ਵੱਡੀ ਬਿਮਾਰੀ ਚਿੰਤਾ ਕਰਨ ਦੀ ਲੱਗ ਸੀ।

ਭਾਜੀ ਨੂੰ ਜਦੋਂ ਸੰਨ 2011 ਵਿੱਚ ਅਧਰੰਗ ਦਾ ਐਟਕ ਆਇਆ ਉਦੋਂ ਸਥਿਤੀ ਹੋਰ ਚਿੰਤਾਜਨਕ ਹੋ ਗਈ। ਉਨ੍ਹਾਂ ਨੇ ਜੀਅ-ਜਾਨ ਨਾਲ ਭਾਜੀ ਦੀ ਸੇਵਾ ਕੀਤੀ। ਉਨ੍ਹਾਂ ਦੇ ਖਾਣ-ਪੀਣ ਦਾ ਤੇ ਦਵਾਈ ਦਾ ਪੂਰਾ ਖਿਆਲ ਰੱਖਣ ਲੱਗੇ। ਉਨ੍ਹਾਂ ਦੀ ਸੇਵਾ ਨਾਲ ਭਾਜੀ ਕਾਫੀ ਠੀਕ ਹੋ ਗਏ। ਜ਼ਿੰਦਗੀ ਦੀ ਗੱਡੀ ਹੌਲੀ-ਹੌਲੀ ਤੁਰੀ ਜਾ ਰਹੀ ਸੀ। ਇਸੇ ਸਮੇਂ ਦਰਮਿਆਨ ਮੇਰੇ ਨਾਨੀ ਜੀ ਸੰਨ 2011 ਵਿੱਚ ਅਤੇ ਨਾਨਾ ਜੀ ਸੰਨ 2014 ਵਿੱਚ ਪੂਰੇ ਹੋ ਗਏ। ਨਾਨਾ ਜੀ ਦੇ ਪੂਰੇ ਹੋਣ ਤੇ ਦੋਵੇ ਜੀਅ ਸਸਕਾਰ ਅਤੇ ਭੋਗ ਤੇ ਦਿੱਲੀ ਨਾ ਜਾ ਸਕੇ, ਕਿਉਂਕਿ ਸਰੀਰ ਸਫਰ ਕਰਨ ਤੋਂ ਅਸਮਰਥ ਸੀ। ਇਸ ਗੱਲ ਵੀ ਉਨ੍ਹਾਂ ਨੂੰ ਸਦਮਾ ਲੱਗਾ।

ਸੰਨ 2012 ਵਿੱਚ ਇੱਕ ਬਾਰ ਫੇਰ ਪੇਟ ਦੀ ਬਿਮਾਰੀ ਨੇ ਉਨ੍ਹਾਂ ਉੱਪਰ ਐਟਕ ਕੀਤਾ ਜਿਸ ਨਾਲ ਉਹ ਬਹੁਤ ਹੀ ਕੰਮਜੋਰ ਹੋ ਗਏ। ਹੁਣ ਉਹ ਘਰ ਦਾ ਕੰਮ-ਕਾਰ ਵੀ ਨਹੀਂ ਕਰ ਸਕਦੇ ਸੀ। ਇਹੀ ਗੱਲ ਉਨ੍ਹਾਂ ਨੂੰ ਖਾਈ ਜਾ ਰਹੀ ਸੀ ਕਿ ਸਰੀਰ ਸਾਥ ਨਹੀਂ ਦੇ ਰਿਹਾ। ਇਸੇ ਗੱਲ ਨੇ ਉਨ੍ਹਾਂ ਦੇ ਦਿਮਾਗ ਤੇ ਵੀ ਅਸਰ ਕਰ ਦਿੱਤਾ। ਹੌਲੀ-ਹੌਲੀ ਪਾਰਕਿੰਨਸਨ ਦੀ ਬਿਮਾਰੀ ਹੋ ਗਈ। ਜਿਸ ਨਾਲ ਉਨ੍ਹਾਂ ਦੇ ਹੱਥ ਕੰਬਣ ਲੱਗ ਪਏ। ਆਪਣੇ ਆਪ ਖਾ-ਪੀਅ ਨਹੀਂ ਸਕਦੇ ਸਨ। ਮਾਸਪੇਸ਼ੀਆਂ ਵੀ ਕਮਜ਼ੋਰ ਹੋ ਗਈਆਂ ਸਨ। ਆਪਣੇ ਆਪ ਤੁਰਨ ਫਿਰਨ ਤੇ ਉੱਠਣ-ਬੈਠਣ ਵਿੱਚ ਵੀ ਮੁਸ਼ਕਿਲ ਆ ਗਈ ਸੀ। ਜਦੋਂ ਜਿਆਦਾ ਬਿਮਾਰ ਹੁੰਦੇ ਤਾਂ ਉਹ ਮੇਰੇ ਕੋਲ ਲੁਧਿਆਣੇ ਆ ਜਾਂਦੇ ਕਿਉਂਕਿ ਭਾਜੀ ਵੀ ਉਨ੍ਹਾਂ ਨੂੰ ਇਸ ਨਾਜ਼ੁਕ ਹਾਲਤ ਵਿੱਚ ਦੇਖ ਨਹੀਂ ਸਕਦੇ ਸਨ। ਇਸੇ ਸਮੇਂ ਦੌਰਾਨ ਮੇਰੀਆਂ ਭੈਣਾਂ ਨੇ ਆਪਣੇ ਬੱਚੇ ਜਲੰਧਰ ਆ ਕੇ ਵਿਆਹੇ। ਦੋਹਤਰਿਉ ਨੂੰਹਾਂ ਨਾਲ ਉਹ ਬੜਾ ਖੁਸ਼ ਰਹਿੰਦੇ ਸਨ। ਉਹ ਤੇ ਉਨ੍ਹਾਂ ਸਹੇਲੀਆਂ ਬਣ ਗਈਆਂ ਸਨ। ਮੰਮੀ ਉਨ੍ਹਾਂ ਦੀਆਂ ਜ਼ਰੂਰਤਾਂ ਖਿਆਲ ਰੱਖਦੇ ਤੇ ਉਨ੍ਹਾਂ ਦੀ ਕਰਦੇ। ਉਹ ਸਮਾਂ ਪਾ ਕੇ ਆਪਣੇ ਘਰ ਇੰਗਲੈਂਡ ਚੱਲੇ ਗਈਆਂ। ਇੱਕਲਤਾ ਹੋਰ ਸਤਾਉਣ ਲੱਗੀ।

ਹੁਣ ਉਹ ਜਿਆਦਤਰ ਲੁਧਿਆਣੇ ਮੇਰੇ ਕੋਲ ਰਹਿਣ ਲੱਗ ਗਏ। ਪਰ ਪਿੱਛੇ ਭਾਜੀ ਦਾ ਖਿਆਲ ਹਮੇਸ਼ਾ ਰਹਿੰਦਾ। ਸੰਨ 2015 ਵਿੱਚ ਵੀਰੂ ਦਾ ਵਿਆਹ ਹੋ ਗਿਆ। ਉਹ ਬਹੁਤ ਖੁਸ਼ ਸਨ। ਵੀਰੂ ਦੀ ਬਦਲੀ ਉਸ ਸਮੇਂ ਸੂਰਤ(ਗੁਜਰਾਤ) ਹੋਈ ਹੋਈ ਸੀ। ਥੋੜ੍ਹਾ ਚਿਰ ਜਲੰਧਰ ਰਹਿ ਕੇ ਵੀਰੂ ਤੇ ਉਸ ਤੇ ਵਹੁਟੀ ਸੂਰਤ ਚਲੇ ਗਏ। ਪਰ ਉਹ ਉਸਨੂੰ ਬਹੁਤ ਯਾਦ ਕਰਦੇ ਸਨ। ਸਰੀਰ ਦੀ ਅਵਸਥਾ ਇਸ ਤਰ੍ਹਾਂ ਹੋ ਗਈ ਸੀ ਕਿ ਉਹ ਆਪਣਾ ਆਪ ਸਾਂਭਣ ਤੋਂ ਵੀ ਅਸਮਰਥ ਹੋ ਗਏ। ਦਿਮਾਗੀ ਸੰਤੁਲਨ ਵੀ ਵਿਗੜਣ ਲੱਗ ਪਿਆ। ਜਲੰਧਰ ਛੁੱਟ ਗਿਆ ਸੀ। ਉਨ੍ਹਾਂ ਹੁਣ ਲੁਧਿਆਣੇ ਪੱਕਾ ਮੰਜਾ ਫੜ ਲਿਆ ਸੀ। ਉਪਰੋਂ ਭਾਜੀ ਦੀ ਹਾਲਤ ਵੀ ਢਿੱਲੀ ਰਹਿਣ ਲੱਗ ਪਈ ਸੀ। ਪਰ ਉਹ ਜਲੰਧਰ ਛੱਡ ਕੇ ਸਾਡੇ ਕੋਲ ਆਉਣ ਨੂੰ ਤਿਆਰ ਨਹੀਂ ਸੀ ਕਿਉਂਕਿ "ਵਰਿਆਮ" ਦਾ ਕੰਮ ਵੀ ਵੇਖਣਾ ਹੁੰਦਾ ਸੀ। ਬਿਮਾਰੀ ਨੇ ਦੋਨਾਂ ਜੀਆਂ ਨੂੰ ਵੱਖਰਾ ਤੇ ਇਕੱਲਾ ਕਰ ਦਿੱਤਾ। ਪਰ ਮੰਮੀ ਭਾਜੀ ਨੂੰ ਹਮੇਸ਼ਾ ਆਪਣੇ ਨਾਲ ਹੀ ਮਹਿਸੂਸ ਕਰਦੇ ਸਨ। ਅਕਸਰ ਮੈਨੂੰ ਕਹਿਣਾ "ਭਾਜੀ ਨੂੰ ਰੋਟੀ ਖੁਆ ਦੇ, ਉਨ੍ਹਾਂ ਦਾ ਕਛਹਿਰਾ, ਬਨੈਣ ਗੁਸਲਖਾਨੇ ਵਿੱਚ ਟੰਗ ਆ ਪੱਗ ਤੇ ਲੋਈ ਸਿਰਹਾਣੇ ਰੱਖ ਦੇ" ਆਦਿ। ਘਰ ਵਿੱਚ ਬੱਚਿਆਂ ਵਿੱਚ ਰਹਿ ਕੇ ਉਹ ਖੁਸ਼ ਸਨ। ਹਰ ਹੱਫਤੇ ਉਨ੍ਹਾਂ ਨੂੰ ਆਪਣੇ ਜਵਾਈ ਰਾਣਾ ਜੀ ਦੀ ਉਡੀਕ ਰਹਿੰਦੀ ਕਿਉਂਕਿ ਉਹ ਦਿੱਲੀ ਵਿੱਚ ਨੌਕਰੀ ਕਰਦੇ

ਸਨ ਅਤੇ ਹਰ ਸ਼ਨੀਵਾਰ ਆਉਂਦੇ ਸਨ। ਇਸ ਤਰ੍ਹਾਂ ਜ਼ਿੰਦਗੀ ਚੱਲ ਰਹੀ ਸੀ।

ਨਵੰਬਰ 2015 ਵਿੱਚ ਭਾਜੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਤੇ ਰਜਾ ਅਨੁਸਾਰ ਸ੍ਰੀ ਭੈਣੀ ਸਾਹਿਬ ਚੱਲੇ ਗਏ। ਜਿਥੇ ਉਨ੍ਹਾਂ ਦਾ ਇਲਾਜ ਅਤੇ ਸੇਵਾ ਸੰਭਾਲ ਹੁੰਦਾ ਰਿਹਾ। ਇਸ ਨਾਲ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਆਉਣ ਲੱਗ ਪਿਆ। ਦਸੰਬਰ 2015 ਦੇ ਆਖਰੀ ਹਫਤੇ ਆਪਣੇ ਸੇਵਾਦਾਰ ਨੂੰ ਨਾਲ ਲੈ ਕੇ ਉਹ ਸਾਡੇ ਕੋਲ ਲੁਧਿਆਣੇ ਰਹਿਣ ਲਈ ਆਏ। ਮੰਮੀ ਨੇ ਭਾਜੀ ਨਾਲ ਕੋਈ ਗੱਲ ਨਾ ਕੀਤੀ। ਬੱਸ ਚੁਪ ਕਰਕੇ ਉਨ੍ਹਾਂ ਦੀਆਂ ਗਤੀਵਿਧੀਆਂ ਵੇਖਦੇ ਰਹਿੰਦੇ। ਇਕ ਦਿਨ ਮੈਂ ਕਿਹਾ ਕਿ ਮੰਮੀ ਤੁਸੀਂ ਖੁਸ਼ ਨਹੀਂ ਕਿ ਭਾਜੀ ਸਾਡੇ ਕੋਲ ਆਏ ਹਨ ਤੇ ਕਹਿੰਦੇ "ਅਸੀਂ ਦੋਵੇਂ ਜੀਅ ਇਕੋ ਜਿਹੇ ਹੋ ਗਏ ਹਾਂ"। ਬੱਸ ਇਹੋ ਗੱਲ ਉਨ੍ਹਾਂ ਨੂੰ ਅੰਦਰੋਂ-ਅੰਦਰ ਸਤਾਈ ਜਾ ਰਹੀ ਸੀ। ਤਿੰਨ-ਚਾਰ ਰਹਿ ਕੇ ਜਦੋਂ ਭਾਜੀ ਸ੍ਰੀ ਭੈਣੀ ਸਾਹਿਬ ਵਾਪਿਸ ਚੱਲੇ ਗਏ ਤਾਂ ਉਨ੍ਹਾਂ ਕਿਹਾ " ਅੱਛਾ ਬਖਸ਼ੀਸ਼ ਮੈਂ ਚੱਲਿਆ ਭੈਣੀ ਸਾਹਿਬ, ਸਤਿ ਸ੍ਰੀ ਅਕਾਲ"। ਉਨ੍ਹਾਂ ਨੇ ਅੱਖਾਂ ਖੋਲ ਕੇ ਮੁਸਕੁਰਾ ਕੇ ਭਾਜੀ ਵੱਲ ਵੇਖਿਆ ਅਤੇ ਸਿਰ ਹਿਲਾ ਦਿੱਤਾ। ਬੱਸ ਇਹੀ ਉਨ੍ਹਾਂ ਆਪਣੇ ਹਮਸਫਰ ਨਾਲ ਆਖਰੀ ਮਿਲਣੀ ਅਤੇ ਆਖਰੀ ਤੱਕਣੀ ਸੀ।

ਹਫ਼ਤੇ ਬਾਅਦ ਹੀ 31 ਦਸੰਬਰ 2015 ਨੂੰ ਭਾਜੀ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ, ਲੁਧਿਆਣਾ ਵਿੱਖੇ ਦਾਖਲ ਕਰਾਉਣਾ ਪਿਆ। ਜਿਸ ਸਥਿਤੀ ਵਿੱਚੋਂ ਉਹ ਅਜੇ ਵੀ ਬਾਹਰ ਨਹੀਂ ਆਏ। ਇਸ ਤੋਂ ਬਾਅਦ ਮੰਮੀ ਸ਼ਾਂਤ ਹੋ ਗਏ ਸਨ। ਅਸੀਂ ਉਨ੍ਹਾਂ ਨੂੰ ਭਾਜੀ ਦੀ ਗੰਭੀਰ ਅਵਸਥਾ ਬਾਰੇ ਨਹੀਂ ਦੱਸਿਆ ਸੀ। ਪਰ ਉਨ੍ਹਾਂ ਨੂੰ ਅੰਦਰੋ-ਅੰਦਰ ਸੁੱਝ ਗਈ ਜਾਪਦੀ ਸੀ। ਹੁਣ ਸਾਰਾ ਦਿਨ ਮੰਜੇ ਤੇ ਅਡੋਲ ਪਏ ਰਹਿੰਦੇ। ਬੋਲਣਾ ਵੀ ਛੱਡ ਦਿੱਤਾ ਸੀ ਅਤੇ ਖਾਣ-ਪੀਣਾ ਵੀ ਨਾਂ ਮਾਤਰ ਦਾ ਹੋ ਗਿਆ ਸੀ। ਜ਼ਿੰਦਗੀ ਦਾ ਮੋਹ ਟੁੱਟ ਗਿਆ ਸੀ। ਜ਼ਿੰਦਗੀ ਹਾਰ ਗਈ ਸੀ।

ਇੰਗਲੈਂਡ ਤੋਂ ਮੇਰੀਆਂ ਦੋਨੋਂ ਵੱਡੀਆਂ ਭੈਣਾਂ ਤੇ ਜੀਜਾ ਜੀ ਭਾਜੀ ਨੂੰ ਦੇਖਣ ਆਏ। ਵੀਰੂ ਅਤੇ ਉਸ ਵਹੁਟੀ ਵੀ ਆਏ। ਜਲੰਧਰ ਅਤੇ ਦਿੱਲੀ ਤੋਂ ਉਨ੍ਹਾਂ ਦੇ ਭੈਣਾ-ਭਰਾ ਤੇ ਹੋਰ ਰਿਸ਼ਤੇਦਾਰ ਵੀ ਹਸਪਤਾਲ ਭਾਜੀ ਨੂੰ ਦੇਖਣ ਆਉਂਦੇ ਤੇ ਘਰ ਮੰਮੀ ਨੂੰ ਵੀ ਮਿਲ ਕੇ ਜਾਂਦੇ, ਪਰ ਉਹ ਇਸ ਸਾਰੇ ਹਾਲਤ ਤੋਂ ਬੇਖਬਰ ਸਨ। ਅਸੀਂ ਉਨ੍ਹਾਂ ਨੂੰ ਕੁਝ ਨਹੀਂ ਦੱਸਿਆ ਸੀ।

15 ਜਨਵਰੀ 2016 ਨੂੰ ਦਿੱਲੀ ਤੋਂ ਮੇਰੇ ਮਾਮਾ ਜੀ ਅਤੇ ਮਾਮੀ ਜੀ ਆਏ। ਇਹ ਭੈਣਾ-ਭਰਾਵਾਂ ਦੀ ਆਖਰੀ ਮੁਲਾਕਾਤ ਸੀ। ਦੁਪਿਹਰ ਤੋਂ ਬਾਅਦ ਉਹ ਵਾਪਿਸ ਦਿੱਲੀ ਚੱਲੇ ਗਏ। ਮੇਰੇ ਦੋਨੋਂ ਬੇਟੇ ਅਕਸ ਅਤੇ ਅੰਗਦ ਜੀ ਵੀ ਦਿੱਲੀ ਚੱਲੇ ਗਏ। ਕਿਉਂਕਿ ਅਗਲੇ ਦਿਨ 16 ਜਨਵਰੀ ਨੂੰ ਸਾਡੇ ਸਵਰਗੀ ਮੰਮੀ ਦੀ ਯਾਦ ਵਿੱਚ ਬਣਾਈ "ਸਰਦਾਰੀ ਜਸਪਾਲ ਕੌਰ ਟੱਰਸਟ" ਦਾ ਸਾਲਾਨਾ ਸਮਾਗਮ ਸੀ। ਘਰ ਵਿੱਚ ਅਸੀਂ ਤਿੰਨੇ ਭੈਣਾਂ ਅਤੇ ਜੀਜਾ ਜੀ ਹੀ ਸਾਂ। ਸ਼ਾਮ ਨੂੰ ਮੰਮੀ ਦਾ ਸਰੀਰ ਠੰਡਾ ਹੋਣ ਲੱਗ। ਸਾਹ ਚੱਲ ਰਹੇ ਸਨ। ਪਰ ਦਿਲ ਦੀ ਧੜਕਣ ਮੱਧਮ ਪੈ ਗਈ ਸੀ। ਉਸ ਸਮੇਂ ਮੇਰੇ ਭੂਆ ਜੀ-ਫੁਫੜ ਜੀ ਅਤੇ ਮੇਰੇ ਡਾਕਟਰ ਦੋਸਤ ਵੀ ਉਥੇ ਹੀ ਆ ਗਏ ਸਰੀਰ ਘੱਟਣ ਸ਼ੁਰੂ ਹੋ ਗਿਆ ਸੀ। ਇਸ ਲਈ ਹਸਪਤਾਲ ਲਿਜਾਉਣ ਸਥਿਤੀ ਵੀ ਨਹੀਂ ਸੀ। ਫਿਰ ਉਨ੍ਹਾਂ ਦੀਆਂ ਅੱਖਾਂ ਵੀ ਬੰਦ ਹੋ ਗਈਆਂ ਤੇ ਸਾਹ ਹੌਲੀ-ਹੌਲੀ ਘੱਟਣ ਲੱਗ ਪਏ। ਵੇਖਦੇ-ਵੇਖਦੇ ਸਾਡੇ ਸਾਹਮਣੇ ਉਨ੍ਹਾਂ ਨੇ ਆਪਣੇ ਸਵਾਸ ਤਿਆਗ ਦਿੱਤੇ।

ਹਮੇਸ਼ਾ ਆਪਣੇ ਪਤੀ ਮੱਗਰ-ਮੱਗਰ ਤੁਰਣ ਵਾਲੀ ਮੇਰੀ ਮਾਂ ਬਖਸ਼ੀਸ਼ ਕੌਰ ਅੱਜ ਜ਼ਿੰਦਗੀ ਦਾ ਸਫ਼ਰ ਪਹਿਲੇ ਮੁਕਾ ਕੇ ਅੱਗੇ ਲੰਘ ਗਈ ਸੀ। 16 ਜਨਵਰੀ ਨੂੰ ਮਾਤਾ ਚੰਦ ਕੌਰ ਜੀ ਦੀ ਹਜ਼ੂਰੀ ਵਿੱਚ ਉਨ੍ਹਾਂ ਦਾ ਅੰਤਿਮ ਸੰਸਕਾਰ ਸ੍ਰੀ ਭੈਣੀ ਸਾਹਿਬ ਕੀਤਾ ਗਿਆ। 18 ਜਨਵਰੀ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਉਨ੍ਹਾਂ ਦੇ ਨਮਿਤ ਅੰਤਿਮ ਅਰਦਾਸ ਕੀਤੀ ਗਈ। ਬਹੁਤ ਵੱਡੀ ਗਿਣਤੀ ਵਿੱਚ ਸਾਧ ਸੰਗਤ, ਸੱਜਣ ਮਿੱਤਰ ਅਤੇ ਰਿਸ਼ਤੇਦਾਰ ਆਪਣੇ ਸਤਿਕਾਰ ਭੇਂਟ ਕਰਨ ਆਏ। ਪਰ ਵੱਡੇ-ਵੱਡੇ ਸਮਾਗਮਾਂ ਦਾ ਆਯੋਜਨ ਕਰਨ ਵਾਲਾ ਉਨ੍ਹਾਂ ਦਾ ਸਰਤਾਜ ਜਗਦੀਸ਼ ਸਿੰਘ ਵਰਿਆਮ ਇਸ ਸਾਰੇ ਹਾਲਾਤ ਤੋਂ ਬੇਖਬਰ ਜ਼ਿੰਦਗੀ ਤੋਂ ਰੁਸ ਕੇ ਸਤਿਗੁਰੂ ਪ੍ਰਤਾਪ ਦੇ ਹਸਪਤਾਲ ਤੇ ਆਈ.ਸੀ.ਯੂ. ਵਿੱਚ ਮੰਜਾ ਮੱਲੀ ਬੈਠਾ ਸੀ।

ਉਨ੍ਹਾਂ ਨੂੰ ਸਾਥੋਂ ਵਿਛੜਾ ਇੱਕ ਸਾਲ ਹੋਣ ਵਾਲਾ ਹੈ। ਭਾਜੀ ਦੀ ਹਾਲਤ ਜਿਵੇਂ ਦੀ ਤਿਵੇਂ ਬਣੀ ਹੋਈ ਹੈ। ਸ਼ਾਇਦ ਉਹ ਆਪਣੀ ਜੀਵਨ ਸਾਥਣ ਨੂੰ ਉਡੀਕ ਰਹੇ ਹਨ।

-98786-16996

ਸ਼ਹੀਦ ਬਿਸ਼ਨ ਸਿੰਘ

ਫੜ ਲੈ ਬਾਂਹ ਮਾਂ, ਛਿੰਦੇ ਪੁੱਤ ਦੀ,
ਪੁੱਛ ਲੈ ਕਾਰਾ ਕਰਨ ਕੀ ਚਲਿਐ।
ਬਾਰਾਂ ਸਾਲ ਦੀ ਛੋਟੀ ਉਮਰੇ,
ਮੌਤ ਲਾੜੀ ਨੂੰ ਵਰਨ ਇਹ ਚਲਿਐ।
ਫੜ ਲੈ ਬਾਂਹ ਮਾਂ ਛਿੰਦੇ ਪੁੱਤ ਦੀ ....।

ਚੜਤ ਸਿੰਘ ਦਾ ਪੁੱਤਰ ਲਾਡਲਾ,
ਖੇਮਾਂ ਮਾਂ ਦੀ ਅੱਖ ਦਾ ਤਾਰਾ।
ਅੱਜ ਉਹ ਮੌਤ ਵਿਹਾਵਨ ਤੁਰਿਆ,
ਦੋ ਵੀਰਾਂ ਨਾਲ ਚੱਲ ਵਣਜਾਰਾ।

ਜਿੰਦਗੀ ਦਾ ਉਹ ਚੜਦਾ ਸੂਰਜ,
ਅੱਜ ਪਛਵਾੜੇ ਧਰਨ ਉਹ ਚਲਿਐ।
ਬਾਰਾਂ ਸਾਲ ਦੀ ਛੋਟੀ ਉਮਰੇ
ਮੌਤ ਲਾੜੀ ਨੂੰ ਵਰਨ ਉਹ ਚਲਿਐ।
ਫੜ ਲੈ ਬਾਂਹ ਮਾਂ ਛਿੰਦੇ ਪੁੱਤ ਦੀ ...।

ਕਿਸਨੇ ਇਸ ਨੂੰ ਗਲ ਹੈ ਕਹਿਣੀ,
ਕਹਿਦੇ ਰਾਮ ਸਿੰਘ ਨਹੀਂ ਮੇਰਾ।
ਨਾਂ ਉਹ ਮੇਰਾ ਸਾਹਿਬ ਹੈ ਕਹਿੰਦੇ,
ਨਾਂ ਹੀ ਹਾਂ ਮੈਂ ਉਸ ਦਾ ਢੇਰਾ।

ਬਣਕੇ ਕਿਸਦੇ ਤਰਸ ਦਾ ਪਾਤਰ,
ਕੀਹਦੀ ਦਾੜੀ ਫੜਨ ਇਹ ਚਲਿਐ।
ਬਾਰਾਂ ਸਾਲ ਦੀ ਛੋਟੀ ਉਮਰੇ
ਮੌਤ ਲਾੜੀ ਨੂੰ ਵਰਨ ਇਹ ਚਲਿਐ।
ਫੜ ਲੈ ਬਾਂਹ ਮਾਂ ਛਿੰਦੇ ਪੁੱਤ ਦੀ...।

ਇਨਾਂ ਸੋਹਣਾ ਰੂਪ ਏ ਮੰਗਕੇ,
ਕਿਹੜੇ ਰੂਪ-ਨਗਰ ਤੋਂ ਲਿਆਇਆ।
ਕਿੱਥੋਂ ਗਾਨਾਂ ਸ਼ਗਨਾਂ ਦਾ ਇਹ,
ਸੋਹਣੇ ਗੁੱਟ ਤੇ ਬੰਨ ਕੇ ਆਇਆ।

ਪੁੱਤ ਦਾ ਤੈਨੂੰ ਦੇ ਵਿਛੋੜਾ,
ਮਾਂ ਵਿਛੋੜਾ ਜਰਨ ਇਹ ਚਲਿਐ।
ਬਾਰਾਂ ਸਾਲ ਦੀ ਛੋਟੀ ਉਮਰੇ
ਮੌਤ ਲਾੜੀ ਨੂੰ ਵਰਨ ਇਹ ਚਲਿਐ।
ਫੜ ਲੈ ਬਾਂਹ ਮਾਂ ਛਿੰਦੇ ਪੁੱਤ ਦੀ।

ਜੇ ਮਾਂ ਰੋਕੇਗੀ ਨਾਂ ਇਸਨੂੰ,
ਜਾ ਸ਼ਹੀਦਾਂ ਵਿੱਚ ਖਲੋ ਜੂ।
ਤੋਪ ਚੋ ਕਹਿਗੀ ਬੱਦਲ ਉਠਣੇ,
ਚੰਨ ਬੱਦਲਾਂ ਦੇ ਉਹਲੇ ਹੋ ਜੂ।

ਬੰਨਕੇ ਅੱਜ ਸ਼ਹੀਦੀ ਗਾਨਾਂ,
ਜੰਗ ਅਜ਼ਾਦੀ ਲੜਨ ਇਹ ਚਲਿਐ।
ਬਾਰਾਂ ਸਾਲ ਦੀ ਛੋਟੀ ਉਮਰੇ
ਮੌਤ ਲਾੜੀ ਨੂੰ ਵਰਨ ਇਹ ਚਲਿਐ।
ਫੜ ਲੈ ਬਾਂਹ ਮਾਂ ਸ਼ਿੰਦੇ ਪੁੱਤ ਦੀ ...।

ਬਣ ਆਇਆ ਪੁੱਤ ਖੇਮ ਕੌਰ ਦਾ,
ਅੱਜ ਕਿਧਰੇ ਜਾ ਸਾਈਆਂ ਲਾਈਆਂ।
(67) ਬਰਾਤੀ ਲੈ ਕੇ ਤੁਰਿਆ,
ਕਹਿ ਗਿਆ ਅੰਮੀਏ ਹੋਣ ਵਧਾਈਆਂ।

ਜਿਹੜਾ ਕੰਮ ਕਿਸੇ ਨਹੀਂ ਕੀਤਾ,
ਪੁੱਤ ਤੇਰਾ ਅੱਜ ਕਰਨ ਇਹ ਚਲਿਐ।
ਬਾਰਾਂ ਸਾਲ ਦੀ ਛੋਟੀ ਉਮਰੇ,
ਮੌਤ ਲਾੜੀ ਨੂੰ ਵਰਨ ਇਹ ਚਲਿਐ।
ਫੜ ਲੈ ਬਾਂਹ ਮਾਂ ਛਿੰਦੇ ਪੁੱਤ ਦੀ ...।

ਨਾਂ ਡੋਲੀਂ ਨਾਂ ਰੋਈਂ ਨੀ ਅੰਮੀਏ,
ਇੱਕ ਨਾਂ ਹੰਝੂ ਕੇਰੀਂ ਨੀ।
ਦੁਨੀਆਂ ਵਿੱਚ ਮੈਂ ਸਫਲ ਕਰੂੰ ਮਾਂ,
ਕੁੱਖ ਸੁਲਖਣੀ ਤੇਰੀ ਨੀ।
"ਜੇ.ਕੇ.ਸੰਧੂ" ਸ਼ਹਿਰ ਐਲਨਾਬਾਦ,
'ਪਰਖ' ਨਦੀ ਵਿੱਚ ਤਰਨ ਇਹ ਚਲਿਐ।
ਬਾਰਾਂ ਸਾਲ ਦੀ ਛੋਟੀ ਉਮਰੇ,
ਮੌਤ ਲਾੜੀ ਨੂੰ ਵਰਨ ਇਹ ਚਲਿਐ।
ਫੜ ਲੈ ਬਾਂਹ ਮਾਂ ਛਿੰਦੇ ਪੁੱਤ ਦੀ...।

—ਜੰਗੀਰ ਕੌਰ ਸੰਧੂ
ਮਮੇਰਾ ਰੋਡ ਕਮਸਤੇ ਚੌਕ
ਐਲਨਾਬਾਦ ਸਿਰਸਾ

ਕੂਕਾ ਲਹਿਰ ਦੇ ਅਮਰ ਨਾਇਕ:



ਇਕ ਪਰਉਪਕਾਰੀ ਜੀਵਨ ਮਾਤਾ ਜੀਵਨ ਕੌਰ ਜੀ

—ਸੁਵਰਨ ਸਿੰਘ ਵਿਰਕ

ਸ੍ਰੀ ਗੁਰੂ ਹਰੀ ਸਿੰਘ ਜੀ ਦੇ ਮਹਿਲ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਾਤਾ ਜੀ, ਮਾਤਾ ਜੀਵਨ ਕੌਰ ਜਿਹਨਾਂ ਨੂੰ ਆਮ ਬੋਲਚਾਲ ਵਿੱਚ ਮਾਤਾ ਜੀਊਣ ਕੌਰ ਜੀ ਵੀ ਆਖਿਆ ਜਾਂਦਾ ਹੈ, ਨਾਂ ਸਿਰਫ ਨਾਮਧਾਰੀ ਪੰਥ ਸਗੋਂ ਸਮੂਹ ਪੰਜਾਬ ਵਿਚ ਇਕ ਸਤਿਕਾਰਤ ਹਸਤੀ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਅਰੰਭੇ ਕੂਕਾ ਅੰਦੋਲਨ ਨਾਲ ਉਹ ਆਪਣੇ ਬਚਪਨ ਤੋਂ ਹੀ ਜੁੜ ਗਏ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦਾ ਸੁਭਾਗ ਵੀ ਉਹਨਾਂ ਨੂੰ ਆਪਣੇ ਬਚਪਨ ਵਿੱਚ ਹੀ ਕਈ ਵੇਰ ਮਿਲ ਚੁੱਕਾ ਸੀ। ਉਹਨਾਂ ਦੇ ਪਿਤਾ ਸ੍ਰ. ਖੁਸ਼ਹਾਲ ਸਿੰਘ ਦੰਦੀਵਾਲ ਦੀ ਗਿਣਤੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਪਹਿਲੋਂ ਥਾਪੇ 22 ਸੂਬਿਆਂ ਵਿਚ ਹੁੰਦੀ ਹੈ ਜਿਹਨਾਂ ਦਾ ਪਿੰਡ ਥਰਾਜ ਉਸ ਸਮੇਂ ਵੀ ਅਤੇ ਅੱਜ ਕੱਲ੍ਹ ਵੀ ਸਿਰਸਾ ਜ਼ਿਲ੍ਹੇ ਵਿੱਚ ਹੈ। ਉਸ ਸਮੇਂ ਸਿਰਸਾ ਪੰਜਾਬ ਦਾ ਜ਼ਿਲ੍ਹਾ ਸੀ ਜੋ ਬਾਅਦ ਵਿਚ ਤੋੜ ਕੇ ਹਿਸਾਰ ਵਿਚ ਮਿਲਾ ਦਿੱਤਾ ਗਿਆ ਸੀ। ਅੱਜ ਕੱਲ੍ਹ ਇਹ ਹਰਿਆਣਾ ਪ੍ਰਾਂਤ ਦਾ ਜ਼ਿਲ੍ਹਾ ਹੈ। ਇਸ ਲਈ ਕਈ ਥਾਈਂ ਆਪ ਦੇ ਪਿਤਾ ਜੀ ਨੂੰ ਹਿਸਾਰ ਜ਼ਿਲ੍ਹੇ ਦਾ ਸੂਬਾ ਲਿਖਿਆ ਮਿਲਦਾ ਹੈ। ਮਾਤਾ ਜੀਵਨ ਕੌਰ ਜੀ ਦੀ ਮਾਤਾ ਜੀ ਦਾ ਨਾਮ ਭਾਗ ਭਰੀ ਸੀ। ਉਹਨਾਂ ਦਾ ਪਿੰਡ ਗਿੱਲ (ਬਠਿੰਡਾ) ਸੀ।

ਮਾਤਾ ਜੀਵਨ ਕੌਰ ਜੀ ਦਾ ਜਨਮ ਚੇਤ ਦੇ ਮਹੀਨੇ 1916 ਬਿਕਰਮੀ ਮੁਤਾਬਿਕ 1860 ਈ. ਵਿਚ ਹੋਇਆ ਸੀ। ਆਪ ਜੀ ਦੀ ਫਤਿਹ ਕੌਰ ਨਾਮ ਦੀ 4-5 ਸਾਲ ਛੋਟੀ ਇਕ ਭੈਣ ਸੀ। ਆਪ ਤੋਂ 4-5 ਸਾਲ ਵੱਡਾ ਚੂਹੜ ਸਿੰਘ ਨਾਮ ਦਾ ਇਕ ਭਾਈ ਸੀ।[1] ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਮਾਤਾ ਜੀ ਦੇ ਪਿਤਾ ਬਾਬਾ ਖੁਸ਼ਹਾਲ ਸਿੰਘ ਨੂੰ ਸੂਬਾ ਥਾਪ ਕੇ, ਸੰਗਤਾਂ ਨੂੰ ਭਜਨ ਦੇਣ ਦਾ ਹੁਕਮ ਦਿੱਤਾ ਤਾਂ ਮਾਤਾ ਜੀ ਦੇ ਨਾਨਕੇ ਪਰਿਵਾਰ ਵਿੱਚੋਂ ਉਹਨਾਂ ਦੇ ਮਾਮੇ ਹਰਨਾਮ ਸਿੰਘ ਹੋਰਾਂ ਨੇ ਸਭ ਤੋਂ ਪਹਿਲਾਂ ਭਜਨ ਪੁੱਛਿਆ ਅਤੇ ਫਿਰ ਸਾਰੇ ਪਰਿਵਾਰ ਨੂੰ ਨਾਮ ਦੁਆਇਆ। ਉਹ ਸੱਚੇ ਸੁੱਚੇ ਗੁਰਸਿੱਖ ਸਨ ਅਤੇ ਸੂਬਾ ਜੀ ਪਾਸ ਥਰਾਜ ਹੀ ਰਿਹਾ ਕਰਦੇ ਸਨ। ਖੁਸ਼ਹਾਲ ਸਿੰਘ ਹੋਰਾਂ ਦਾ ਤਕੜਾ ਜ਼ਿਮੀਂਦਾਰਾ ਸੀ ਅਤੇ ਨਾਮ ਬਾਣੀ ਦੀ ਰੰਗਣ ਵਿਚ ਰੰਗੇ ਜਾਣ ਕਾਰਨ ਬਹੁਤ ਸਾਰੇ ਕੂਕੇ ਸਾਧੂ ਜਨ, ਆਪ ਦੇ ਪਾਸ ਟਿਕ ਕੇ ਸਤਿਗੁਰੂ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਿਆ ਕਰਦੇ ਸਨ। ਇਹਨਾਂ ਵਿਚੋਂ ਭਾਈ ਸੁੰਦਰ ਸਿੰਘ , ਬਿਸ਼ਨ ਸਿੰਘ ਕਲਹਿਰੀ (ਰਿ. ਪਟਿਆਲਾ) ਭਾਈ ਸੁੰਦਰ ਸਿੰਘ ਚੀਮਾ (ਲੁਧਿਆਣਾ), ਭਾਈ ਮੱਲ ਸਿੰਘ ਲਹਿਰਾ (ਫੀਰੋਜ਼ਪੁਰ) ਅਤੇ ਭਾਈ ਗੁਲਾਬ ਸਿੰਘ ਦਮਦਮਾ ਸਾਹਿਬ ਆਦਿ ਪ੍ਰਸਿੱਧ ਸਾਧੂ ਥਰਾਜ ਵਿਖੇ ਟਿਕਣ ਕਾਰਨ, ਬਾਬਾ ਜੀ ਦੇ ਘਰ ਵਿੱਚ ਨਾਮ ਬਾਣੀ ਦਾ ਪ੍ਰਵਾਹ ਅੱਠੇ ਪਹਿਰ ਚੱਲਦਾ ਰਹਿੰਦਾ। ਇਹੋ ਜਿਹੇ ਮਾਹੌਲ ਵਿੱਚ ਪਲਣ, ਪਰਵਾਨ ਚੜ੍ਹਨ ਸਦਕਾ, ਮਾਤਾ ਜੀਵਨ ਕੌਰ ਜੀ ਨੂੰ ਬਚਪਨ ਤੋਂ ਹੀ ਸੇਵਾ, ਸਿਮਰਨ, ਸਾਦਗੀ ਅਤੇ ਤਿਆਗ-ਵੈਰਾਗ ਦੀ ਜਾਗ ਲੱਗ ਗਈ।

ਅਪਰੈਲ ਸੰਨ 1871 ਈ. ਵੈਸਾਖੀ ਦੇ ਮੇਲੇ ਤੇ ਸਤਿਗੁਰੂ ਰਾਮ ਸਿੰਘ ਜੀ ਸੰਗਤਾਂ ਸਮੇਤ, ਦਸਵੇਂ ਪਾਤਸ਼ਾਹ ਜੀ ਦੇ ਤੀਰਥ ਦੀ ਯਾਤਰਾ ਕਰਨ, ਦਮਦਮਾ ਸਾਹਿਬ ਵਿਖੇ ਗਏ। ਵੈਸਾਖੀ ਦੇ ਮੇਲੇ ਦੇ ਭੋਗ ਸਮੇਂ ਬਾਬਾ ਖੁਸ਼ਹਾਲ ਸਿੰਘ ਨੇ ਸਤਿਗੁਰੂ ਜੀ ਨੂੰ ਸੰਗਤ ਸਮੇਤ, ਥਰਾਜ ਵਿਖੇ ਦਰਸ਼ਨ ਦੇਣ ਦੀ ਬੇਨਤੀ ਕੀਤੀ। ਸਤਿਗੁਰੂ ਜੀ ਨੇ ਪਹਿਲਾ ਪੜਾਅ ਜ਼ਿਲ੍ਹਾ ਸਿਰਸਾ ਦੇ ਪਿੰਡ ਸੁਖਚੈਨ ਵਿਖੇ ਕੀਤਾ ਅਤੇ ਫਿਰ ਥਰਾਜ ਪੁੱਜ ਗਏ।

ਇਸ ਦੌਰੇ ਸਮੇਂ ਹੀ ਬਾਬਾ ਜੀ ਨੇ ਆਪਣੀਆਂ ਦੋਹਾਂ ਪੁੱਤਰੀਆਂ ਦੇ ਅਨੰਦ ਕਾਰਜ ਵੀ ਅਬਲੂ (ਬਠਿੰਡਾ) ਪਿੰਡ ਦੇ ਦੋ ਲੜਕਿਆਂ ਨਾਲ ਕੀਤੇ ਸਨ। ਇਸ ਸਮੇਂ ਵਾਪਰੇ ਪਰਸੰਗ ਵਿੱਚ ਸਾਡੇ ਭਾਵੀ ਇਤਿਹਾਸ ਦੇ ਬੀਜ ਵੀ ਲੁਕੇ ਪਏ ਹਨ। ਬਾਹੋਵਾਲ ਜੀ ਲਿਖਦੇ ਹਨ-

"ਸਵਾ ਪਹਿਰ ਨਾਲ ਇਸ਼ਨਾਨ ਕਰਕੇ ਆਸਾ ਕੀ ਵਾਰ ਲਗਣੇ ਲੱਗੀ। ਹਵਨ ਹੋਣੇ ਲਗਾ। ਗ੍ਰੰਥ ਸਾਹਿਬ ਪਰਗਾਸਿਆ। 1928 (ਅਪਰੈਲ, 1871 ਈ.) ਮੇਂ ਫਤਹ ਕੌਰ ਤੇ ਜੀਵਨ ਕੌਰ ਦੋਨਾਂ ਦੇ ਅਨੰਦ ਪੜ੍ਹੇ। ਜੇੜ੍ਹੀ ਦਾਤ ਸੀ ਸ੍ਰੀ ਸਤਿਗੁਰੂ ਜੀ ਕੇ ਹਜੂਰ ਧਰੀ। ਬਾਬੇ ਜੀ ਕਿਹਾ ਜਿਸਕੀ ਦਾਤ ਹੈ ਤਿਸਕੇ ਆਗੇ ਧਰੀ ਹੈ। ਲੜਕੇ ਵਾਲੇ ਦਿਲ ਵਿਚ ਨਰਾਜ਼ ਹੋਏ ਕਿ ਅਸੀਂ ਖਾਲੀ ਜਾਵਾਂਗੇ? ਦਾਤ ਤਾਂ ਸਾਡੀ ਸੀ। ਬਾਬੇ ਨੇ ਕਹਾ ਕਿ ਦਾਤ ਗੁਰੂ ਕੀ ਹੈ। ਗੁਰੂ ਜੀ ਬਚਨ ਕੀਤਾ ਦੇਖਾਂ ਅਬਲੂ ਥਪੇ ਕਿ ਗੁਰੂ ਥਪੇ। ਬਾਬੇ ਕੁਸ਼ਾਲ (ਖੁਸ਼ਹਾਲ) ਸਿੰਘ ਕਹਾ ਕਿ ਭਾਈ ਜੇਕਰ ਤੁਸੀਂ ਗੁਰੂ ਕੀ ਕੀਤੀ ਰੱਖੋਗੇ ਤਾਂ ਅਸੀਂ ਕੁੜੀਆਂ ਭੇਜ ਦਿਆਂਗੇ। ਜੇਕਰ ਨਾਂ ਗੀਤੀ ਰੱਖੀ ਤਾਂ ਨਾ ਭੇਜਾਂਗੇ ਕੁੜੀਆਂ। ਸਾਡਾ ਸਾਕ ਨਾਤਾ ਸਿੱਖੀ ਦਾ ਹੈ। ਧਰਮ ਕਾ ਸਾਕ ਹੈ। ਉਨਾਂ ਨੇ ਨਾ ਗੀਤੀ ਰੱਖੀ ਔਰ ਨਾਂ ਮਨਜ਼ੂਰ ਕੀਤੀ। ਬਾਬਾ ਜੀ

ਲੜਕੀਆਂ ਨਾ ਭੇਜੀਆਂ-ਅੰਤਰਜਾਮੀ ਜੀ ਬਚਨ ਕੀਤਾ ਏਹ ਨਹੀਂ ਸਮਝਣਾ ਜੋ ਅਨੰਦ ਪੜ੍ਹਾਏ ਹੈਨ। ਇਨ੍ਹਾਂ ਨੂੰ ਭਾਈ ਤੂੰ ਕੁਆਰੀਆਂ ਹੀ ਸਮਝ। ਜਿੱਥੇ ਕੀਆਂ ਹੈਨ ਓਥੇ ਹੀ ਜਾਣਗੀਆਂ।"2

ਉਸ ਸਮੇਂ ਛੋਟੀ ਉਮਰ ਵਿਚ ਵੀ ਲੜਕੀਆਂ ਦੇ ਅਨੰਦ ਕਾਰਜ ਤਾਂ ਹੋ ਜਾਂਦੇ ਸਨ ਪਰ ਮੁਕਲਾਵਾ ਬਾਅਦ ਵਿਚ ਕੁਝ ਵਰ੍ਹੇ ਲੰਘਣ ਬਾਅਦ ਹੀ ਤੋਰਿਆ ਜਾਂਦਾ ਸੀ। ਅਨੰਦ ਕਾਰਜ ਹੋਣ ਤੋਂ ਅੱਠ ਨੌਂ ਮਹੀਨੇ ਬਾਦ ਹੀ ਸਾਕਾ ਮਲੇਰਕੋਟਲਾ ਅਤੇ ਪਰਦੇਸ ਗਮਨ ਵਾਪਰ ਗਏ। ਬਾਬਾ ਖੁਸ਼ਹਾਲ ਸਿੰਘ ਹੋਰੀਂ ਉਸ ਸਮੇਂ ਦੋਹਾਂ ਪੁੱਤਰੀਆਂ ਸਮੇਤ ਮਾਘੀ 1872 ਈ. ਦੇ ਮੇਲੇ ਤੇ ਸ੍ਰੀ ਭੈਣੀ ਸਾਹਿਬ ਪੁੱਜੇ ਹੋਏ ਸਨ। ਇੱਥੋਂ ਉਹਨਾਂ ਨੂੰ ਪੁੱਤਰੀਆਂ ਸਮੇਤ ਥਾਣਿਉਂ ਥਾਣੀ ਜ਼ੇਰ ਪੁਲੀਸ ਨਿਗਰਾਨੀ ਥਰਾਜ ਵਿਖੇ ਭੇਜਿਆ ਗਿਆ। ਕੁਝ ਸਮਾਂ ਉਹਨਾਂ ਨੂੰ ਸਰਕਾਰੀ ਪਾਬੰਦੀ ਕਾਰਨ ਸਿਰਸਾ ਜਿਹਲ ਵਿਚ ਵੀ ਰਹਿਣਾ ਪਿਆ। ਉਹਨਾਂ ਦੇ ਪੁੱਤਰ ਚੂਹੜ ਸਿੰਘ ਨੂੰ ਰਿਆਸਤ ਪਟਿਆਲਾ ਦੀ ਪੁਲਿਸ ਨੇ ਕੂਕਿਆਂ ਬਾਰੇ ਪੁੱਛ ਗਿੱਛ ਕਰਨ ਲਈ ਗ੍ਰਿਫਤਾਰ ਕਰ ਲਿਆ ਸੀ। ਇਹੋ ਜਿਹੇ ਸਮੇਂ ਕੋਈ ਦਿਲ ਗੁਰਦੇ ਵਾਲੇ ਸੱਜਣ ਹੀ ਬਾਬਾ ਖੁਸ਼ਹਾਲ ਸਿੰਘ ਜਿਹੇ 'ਖ਼ਤਰਨਾਕ ਕੂਕਾ ਆਗੂ' (ਸਰਕਾਰੀ ਨਜ਼ਰਾਂ ਵਿਚ) ਨਾਲ ਰਿਸ਼ਤੇਦਾਰੀ ਪਾਲ ਸੱਕਦੇ ਸਨ। ਉਹਨਾਂ ਕੂਕਿਆਂ ਨਾਲ ਕੋਈ ਸਬੰਧ ਰੱਖਣਾ ਵੱਡਾ ਖ਼ਤਰਾ ਸਮਝਿਆ। ਨਾ ਉਹ ਗੁਰਸਿੱਖਾਂ ਜਿਉਂ ਫਿਰ ਕਦੇ ਥਰਾਜ ਆਏ ਨਾ ਬਾਬਾ ਜੀ ਨੇ ਆਪਣੀਆਂ ਪੁੱਤਰੀਆਂ ਉਹਨਾਂ ਨਾਲ ਤੋਰੀਆਂ। ਗੁਰੂਵਾਕ ਅਨੁਸਾਰ ਉਹ ਅਨੰਦ ਪੜ੍ਹਾਏ ਜਾਣ ਬਾਅਦ ਵੀ ਕੁਆਰੀਆਂ ਹੀ ਰਹੀਆਂ।

ਬਾਬਾ ਜੱਸਾ ਸਿੰਘ ਜੀ ਸਤਿਗੁਰੂ ਜੀ ਦਾ ਪਿਤਾ ਇਕ ਦਿਨ ਸੂਬਾ ਸਾਹਿਬ ਸਿੰਘ ਜੀ ਨੂੰ ਕਹਿਣ ਲੱਗਾ-"ਤੁਸੀਂ ਸੱਚੇ ਪਾਤਸ਼ਾਹ ਜੀ ਦੀ ਦੇਹ ਹੋ। ਮੈਨੂੰ ਵਰ ਲੈ ਦੇਵੋ॥" (ਸਤਿਗੁਰੂ ਜੀ) ਬਾਬੇ ਜੱਸਾ ਸਿੰਘ ਕੋ ਸਦਕੇ ਬਚਨ ਕੀਤਾ ਮੰਗ ਵਰ ਕੀ ਮੰਗਣਾ। ਬਾਬੇ ਜੀ ਕਹਾ ਜਾਂ ਤੇਰੇ ਇਕ ਲੜਕਾ ਹੋ ਜਾਵੇ ਜਾਂ ਬੁੱਧ ਸਿੰਘ (ਸ੍ਰੀ ਗੁਰੂ ਹਰੀ ਸਿੰਘ ਜੀ ਦਾ ਗੁਰਤਾਗੱਦੀ ਤੇ ਆਉਣ ਤੋਂ ਪਹਿਲਾਂ ਦਾ ਨਾਮ) ਦੇ ਹੋ ਜਾਵੇ। ਬਚਨ ਹੋਇਆ ਮੇਰੇ ਤਾਂ ਨਹੀਂ ਪਰ ਸਮਾਂ ਪਾਇਕੇ ਬੁੱਧ ਸਿੰਘ ਦੇ ਘਰ ਹੋ ਜਾਇਗਾ।"3

ਸਤਿਗੁਰੂ ਜੀ ਦੇ ਮਹਿਲ ਮਾਤਾ ਜੱਸਾਂ ਜੀ ਦੇ ਦੇਹ ਪਿਛਲੇ ਸਾਲਾਂ ਵਿਚ ਢਿੱਲੀ ਰਹਿੰਦੀ ਸੀ। ਸੂਬਾ ਗਿਆਨੀ ਸਿੰਘ ਉਰਫ ਰਤਨ ਸਿੰਘ ਮੰਡੀ ਕਲਾਂ ਨੇ ਮਾਈਸਰ ਖਾਨਾ (ਬਠਿੰਡਾ) ਦੇ ਜ਼ਿਮੀਂਦਾਰ ਰਾਮ ਸਿੰਘ ਉਰਫ ਹਰਨਾਮ ਸਿੰਘ ਦੀ ਪੁੱਤਰੀ ਜਿਸ ਦਾ ਨਾਮ ਅਤਰ ਕੌਰ ਸੀ, ਉਸ ਨੂੰ ਮਾਲਵੇ ਦੇ ਸਿੰਘਾਂ ਨਾਲ ਰਾਇ ਕਰਕੇ, ਸਤਿਗੁਰੂ ਰਾਮ ਸਿੰਘ ਜੀ ਨਾਲ ਅਨੰਦ ਪੜ੍ਹਾਉਣ ਦੀ ਅਰਜ਼ 1871 ਈ. ਦੀ ਵੈਸਾਖੀ ਤੋਂ ਮੁੜਦਿਆਂ ਜਦੋਂ ਮਾਈਸਰਖਾਨੇ ਪੜਾਅ ਕੀਤਾ ਤਾਂ ਉਸ ਸਮੇਂ ਕੀਤੀ ਸੀ। ਸਤਿਗੁਰੂ ਜੀ ਨੇ ਇਸ ਅਨੰਦ ਕਾਰਜ ਦੀ ਪਰਵਾਨਗੀ ਨਾਂ ਦਿੱਤੀ- "ਸਾਡੇ ਏਕ ਗਾਨਾ ਬੱਧਾ ਹੋਇਆ ਹੈ।" ਲੜਕੀ ਦੇ ਪਿਤਾ ਨੂੰ ਸੱਦਕੇ ਵੀ ਕਿਹਾ ਕਿ ਸਾਡਾ ਅਗਲਾ ਸਮਾਂ ਸੰਕਟ ਭਰਪੂਰ ਹੈ। ..."ਧੁਆਨੂੰ ਕਬੀਲਾ ਦੁੱਖ ਦੇਊਗਾ। ਸਰਕਾਰ ਦੁੱਖ ਦੇਵੇਗੀ।"4

ਸੂਬਾ ਗਿਆਨੀ ਸਿੰਘ "ਖਾਨੇ ਸੇ ਕੁੜੀ ਨੂੰ ਨਾਲ ਲੈ ਕੇ ਖਟੜੀ ਆਇ ਮਿਲਿਆ। ਦਰਸ਼ਨ ਦੇਂਦੇ ਸਤਿਗੁਰੂ ਜੀ ਰਾਮਦਾਸਪੁਰੇ (ਸ੍ਰੀ ਭੈਣੀ ਸਾਹਿਬ) ਆਏ। ਗਿਆਨਾ ਸਿੰਘ ਨੇ ਫੇਰ ਅਰਜ ਕੀਤੀ ਕਿ ਅਨੰਦ ਤੁਸੀਂ ਪੜਾਵੋ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸ਼ਤਾਬੀ ਨਾਂ ਕਰ ਅਸਾਂ ਅਜੇ ਪਰਦੇਸ ਜਾਣਾ ਹੈ। ਬੜਾ ਕੰਮ ਰਹਿੰਦਾ ਹੈ। ਅਜੇ ਤਾਂ ਮੈਂ ਗੋਡ੍ਹੇ ਵਿਚੋਂ ਪੂਣੀ ਬੀ ਨਹੀਂ ਕੱਤੀ। ਗਿਆਨਾ ਸਿੰਘ ਨੇ ਫੇਰ ਕਹਾ ਜੀ ਅਨੰਦ ਪੜ੍ਹਾਇ ਲਵੋ ਡੇਰ ਕਿਉਂ ਕਰਦੇ ਹੋ। ਸਤਿਗੁਰੂ ਜੀ ਬਚਨ ਕੀਤਾ ਗਿਆਨਾ ਸਿੰਘ ਕਿਉਂ ਸ਼ਤਾਬੀ ਗਲ ਫਾਂਸੀ ਪੌਂਦਾ ਹੈ।"5

ਇਸ ਤੋਂ ਕੁਝ ਮਹੀਨੇ ਬਾਅਦ ਪਰਦੇਸ ਗਮਨ ਸਾਕਾ ਵਾਪਰ ਗਿਆ। ਬੀਬੀ ਅਤਰ ਕੌਰ ਜੋ ਸਤਿਗੁਰੂ ਜੀ ਦੀ ਮੰਗੇਤਰ ਬਣਨ ਕਰਕੇ, ਮਾਈ ਅਤਰੀ ਕਰਕੇ ਜਾਣੀ ਜਾਣ ਲੱਗੀ, ਉਸ ਦਾ ਜ਼ਿਆਦਾ ਸਮਾਂ ਆਪਣੇ ਚਾਚੇ ਮਨੀ ਸਿੰਘ ਪਾਸ ਗੁਰਬਾਣੀ ਦਾ ਪਾਠ ਕਰਦਿਆਂ ਬਤੀਤ ਹੋਣ ਲੱਗਾ। ਮਨੀ ਸਿੰਘ ਵਿਦਵਾਨ ਸੱਜਣ ਸੀ ਅਤੇ ਗੁਰਬਾਣੀ ਦੀਆਂ ਪੋਥੀਆਂ ਦੇ ਉਤਾਰੇ ਵੀ ਕਰਿਆ ਕਰਦਾ ਸੀ। ਬਾਅਦ ਵਿਚ ਮਾਈ ਅਤਰੀ ਨੇ ਸਤਿਗੁਰੂ ਜੀ ਪਾਸ ਰੰਗੂਨ ਜਾਕੇ ਰਹਿਣ ਦੀ ਇੱਛਾ ਬਾਰੇ ਸਰਕਾਰ ਨੂੰ ਅਰਜ਼ੀਆਂ ਵੀ ਪਾਈਆਂ। ਸ੍ਰੀ ਸਤਿਗੁਰੂ ਜੀ ਨੂੰ ਜਦੋਂ ਅਧਿਕਾਰੀਆਂ ਨੇ ਇਸ ਸਬੰਧੀ ਪੁੱਛਿਆ ਤਾਂ ਉਹਨਾਂ ਕਿਹਾ ਕਿ ਉਹਨਾਂ ਦੀ ਇਕੋ ਹੀ ਪਤਨੀ ਸੀ ਅਤੇ ਉਹ ਗੁਜ਼ਰ ਚੁੱਕੀ ਹੈ। ਮਾਤਾ ਜੱਸਾਂ 1871 ਈ. ਦੇ ਅਕਤੂਬਰ ਨਵੰਬਰ ਵਿਚ ਗੁਜ਼ਰ ਗਏ ਸਨ। ਅਤਰੀ ਨੂੰ ਰੰਗੂਨ ਜਾਣ ਦੀ ਆਗਿਆ ਤਾਂ ਨਾ ਮਿਲੀ ਪਰ ਜਾਣੇ ਅਨਜਾਣੇ ਨਾਮਧਾਰੀ ਸੰਗਤ ਵਿਚ ਸਤਿਗੁਰੂ ਜੀ ਨਾਲ ਉਸਦਾ ਨਾਮ ਜੁੜਨ ਕਰਕੇ, ਉਸ ਦੀ ਮਾਨਤਾ ਹੋਣ ਲੱਗ ਪਈ। ਮਾਈ ਅਤਰੀ ਮਾਲਵੇ ਵਿਚ ਅਤੇ ਸਮਾਂ ਪਾ ਕੇ ਸਾਰੇ ਪੰਜਾਬ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਪਰਚਾਰ ਕਰਨ ਲੱਗ ਪਈ। ਉਸ ਦਾ ਪਿੰਡ ਰਿਆਸਤ ਪਟਿਆਲਾ ਵਿਚ ਸੀ। ਪੰਜਾਬ ਵਿਚ ਸਤਿਗੁਰੂ ਜੀ ਤੋਂ ਬਾਅਦ, ਉਸਦੇ ਵਧਦੇ ਪ੍ਰਭਾਵ ਨੂੰ ਆਪਣੇ ਰਾਜ ਲਈ ਖ਼ਤਮ ਸਮਝ ਕੇ ਅੰਗਰੇਜ਼ ਸਰਕਾਰ ਨੇ ਮਹਾਰਾਜਾ ਪਟਿਆਲਾ ਨੂੰ ਕਹਿ ਕੇ, ਮਾਈ ਅਤਰੀ ਨੂੰ ਤਿੰਨ ਸਾਲਾਂ ਲਈ ਬਹਾਦਰ ਗੜ੍ਹ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ।

"ਖਾਨੇ ਵਾਲੀ ਅਤਰ ਕੌਰ ਕੋ ਖਾਨੇ ਸੇ ਪਟਿਆਲੇ ਮੇਂ ਲੈ ਗਏ, ਨਜ਼ਰਬੰਦ ਰੱਖੀ। ਫੇਰ ਬਹਾਦਰਗੜ੍ਹ ਕੇ ਕਿਲ੍ਹੇ ਮੇਂ ਰਖੀ। ਗ੍ਰੰਥ ਸਾਹਿਬ ਜੀ ਕਾ ਪਾਠ ਕਰਨਾ। ਸਿੰਘ ਔਂਦੇ ਜਾਂਦੇ ਰਹੇ। ਜਦ ਹਾਕਮ ਨੇ ਪੁੱਛਣਾ ਤੂੰ ਕਿੱਥੇ ਰਹਿਣ ਮੇਂ ਰਾਜ਼ੀ ਹੈਂ ਆਖਣਾ ਕਿ ਮੈਂ ਭੈਣੀ ਸਾਹਿਬ

ਰਹਾਂਗੀ, ਮੇਰਾ ਘਰ ਹੈ। ਬਹਾਦਰਗੜ੍ਹ ਤੀਨ ਬਰਸ ਰਹੀ। ਤਾਂ ਬਾਬਾ ਕੁਸ਼ਾਲ ਸਿੰਘ ਗਿਆ ਪਟਿਆਲੇ ਮੋਂ। ਨਾਲ ਮਾਈ ਜੀਉਣ ਕੌਰ ਮਾਈ ਫਤੇ ਕੌਰ ਹੈ। ਗੰਡਾ ਸਿੰਘ ਬਖਸ਼ੀ ਨੇ ਰਿਹਾਈ ਕਰਵਾਇ ਦਿੱਤੀ। ਕਹਾ ਕਿ ਜਹਾਂ ਤੁਮਾਰੀ ਰਜ਼ਾ ਹੈਂ ਤਹਾਂ ਰਹੋ। ਫੇਰ ਖਾਨੇ ਨੂੰ ਗਈ। ਸੱਤ ਦਿਨ ਰਹਿ ਕੇ ਫੇਰ ਰਾਮਦਾਸਪੁਰੇ ਸਾਹਿਬ ਮੋਂ ਆਈ। ਨਾਲ ਮਾਈ ਫਤੇ ਕੌਰ ਤੇ ਜੀਉਣ ਕੌਰ। ਕੋਈ ਕੁ ਦਿਨ ਰਹਿ ਕੇ ਮੁੜ ਗਈਆਂ ਥਰਾਜ ਨੂੰ।"6

ਇਸ ਘਟਨਾ ਤੋਂ ਪੰਜ ਸੱਤ ਵਰ੍ਹੇ ਪਹਿਲਾਂ ਮਾਈ ਅਤਰੀ, ਕੋਈ ਡੇਢ ਸੌ ਕੂਕਿਆਂ ਦੀ ਇਕ ਗੁਪਤ ਸਭਾ ਨੂੰ, 17 ਮਾਰਚ 1881 ਈ. ਨੂੰ ਭੈਣੀ ਸਾਹਿਬ ਦੇ ਸਮੀਪ ਵਰਤੀ ਪਿੰਡ ਲਾਟੋ ਦੇ ਢੱਕ ਜੰਗਲ ਵਿੱਚ ਸੰਬੋਧਤ ਕਰਦੀ ਹੋਣ ਦਾ ਜ਼ਿਕਰ, ਪੁਲਿਸ ਕਪਤਾਨ ਲੁਧਿਆਣਾ ਜੇ.ਪੀ. ਵਾਰਬਰਟਨ ਨੂੰ ਮਿਲਦਾ ਹੈ ਤਾਂ ਉਹ ਜਦੋਂ ਉਸ ਥਾਂ ਤੇ ਪੁੱਜਦਾ ਹੈ ਤਾਂ 39 ਕੂਕੇ ਹੀ ਮਾਈ ਅਤਰੀ ਸਮੇਤ ਮੌਕੇ ਤੇ ਪਕੜੇ ਜਾਂਦੇ ਹਨ। ਇਹਨਾਂ 39 ਕੂਕਿਆਂ ਵਿਚ ਸੂਬਾ ਖੁਸ਼ਹਾਲ ਸਿੰਘ ਜੀ ਦਾ ਨਾਮ ਵੀ ਸ਼ਾਮਲ ਹੈ। ਹੋਰਨਾਂ ਸਿੱਖਾਂ ਜਿਉਂ ਲੁਧਿਆਣਾ ਵਿਖੇ ਅੰਗਰੇਜ਼ੀ ਇਲਾਕਿਆਂ ਵਾਲਿਆਂ ਦੀਆਂ ਇਕ ਸਾਲ ਲਈ ਇਕ ਇਕ ਹਜ਼ਾਰ ਰੁਪੈ ਦੀਆਂ ਨੇਕ ਚਲਨੀ ਦੀਆਂ ਜ਼ਮਾਨਤਾਂ ਮੰਗੀਆਂ ਗਈਆਂ ਅਤੇ ਪਟਿਆਲਾ, ਨਾਭਾ, ਜੀਂਦ ਆਦਿ ਰਿਆਸਤਾਂ ਦੇ ਸਿੱਖ ਉਹਨਾਂ ਦੇ ਲੁਧਿਆਣਾ ਸਥਿਤ ਵਕੀਲਾਂ ਨੂੰ ਸਉਂਪ ਦਿੱਤੇ ਗਏ ਸਨ। ਇਹਨਾਂ ਸਿੰਘਾਂ ਸਿੰਘਣੀਆਂ ਨੂੰ ਲਗਾਤਾਰ 12 ਦਿਨ ਲੁਧਿਆਣਾ ਪੁਲੀਸ ਅਤੇ ਜਿਹਲ ਹਿਰਾਸਤ ਵਿਚ ਰਹਿਣਾ ਪਿਆ।7

ਇਹਨਾਂ ਸਮਿਆਂ ਵਿਚ ਅਤਰੀ ਪਾਸੋਂ ਸਤਿਗੁਰੂ ਰਾਮ ਸਿੰਘ ਜੀ ਦੇ ਕਈ ਹੁਕਮਨਾਮੇ ਵੀ ਪੁਲੀਸ ਨੂੰ ਮਿਲੇ ਸਨ। ਇਹ ਹੁਕਮਨਾਮੇ ਸੁੰਦਰ ਸਿੰਘ ਕਲਹਿਰੀ ਅਤੇ ਭਗਵਾਨ ਸਿੰਘ ਅੜਬੰਗੀ ਆਦਿ ਦੀ ਮਾਰਫਤ ਆਏ ਸਨ। ਇਹਨਾਂ ਹੁਕਮਨਾਮਿਆਂ ਦਾ ਵਿਸ਼ਾ ਵਸਤੂ, ਮੋਟੇ ਤੌਰ ਤੇ ਅਤਰੀ ਨੂੰ ਆਪਣੇ ਆਪ ਨੂੰ ਗੁਰੂ ਪਤਨੀ ਹੋਣ ਦੇ ਭਰਮ ਤੋਂ ਮੁਕਤ ਕਰਵਾਉਣ ਲਈ, ਸਮਝੌਤੀਆਂ ਅਤੇ ਚਿਤਾਵਨੀਆਂ ਦੇਣਾ ਹੀ ਸੀ। ਸਤਿਗੁਰੂ ਜੀ ਨੇ ਉਸ ਨੂੰ ਕੋਈ ਸਿੱਖਾਂ ਦਾ ਲੜਕਾ ਵੇਖ ਕੇ ਅਨੰਦ ਕਰਾਉਣ ਲਈ ਸਪਸ਼ਟ ਆਦੇਸ਼ ਦਿੱਤਾ ਸੀ। ਪੰਥ ਵਿੱਚ ਮਾਨਤਾ ਦੀ ਜਿਸ ਟੀਸੀ ਤੇ ਮਾਈ ਅਤਰੀ ਪੁੱਜ ਚੁੱਕੀ ਸੀ, ਉਹ ਉਸ ਤੋਂ ਹੇਠਾਂ ਉਤਰਨ ਲਈ ਹੁਣ ਤਿਆਰ ਨਹੀਂ ਸੀ।

ਬਾਬਾ ਜੱਸਾ ਸਿੰਘ ਜੀ ਦਾ ਸਤਿਗੁਰੂ ਰਾਮ ਸਿੰਘ ਜੀ ਨਾਲ ਪੋਤਰੇ ਵੇਖਣ ਦੀ ਰੀਝ ਵਾਲਾ, ਬਚਨ ਪੂਰਾ ਕਰਨ ਲਈ ਮਾਈ ਅਤਰੀ ਦ੍ਰਿੜ ਸੰਕਲਪ ਸੀ। ਇਸ ਲਈ ਉਸ ਨੇ ਮਾਤਾ ਜਿਉਣ ਕੌਰ ਜੀ ਦੇ ਪਿਤਾ ਸੂਬਾ ਖੁਸ਼ਹਾਲ ਸਿੰਘ ਹੋਰਾਂ ਨੂੰ ਵੀ ਪ੍ਰੇਰ ਲਿਆ ਸੀ। ਅਗਲਾ ਘਟਨਾਕ੍ਰਮ ਬਾਹੋਵਾਲ ਜੀ ਇਉਂ ਕਾਨੀਬੰਦ ਕਰਦੇ ਹਨ–

"ਕੋਈ ਕੁ ਦਿਨ ਠਹਿਰ ਕੇ ਖਾਨੇ ਵਾਲੀ ਨੇ ਅਰਜੀ ਦਿੱਤੀ ਫਰੰਗੀ ਕੋ ਕਿ ਮੇਰੀ ਸੇਵਾ ਵਾਸਤੇ ਜੀਉਣ ਕੌਰ ਤੇ ਫਤੇ ਕੌਰ ਚਾਹੀਏ। ਫਰੰਗੀ ਨੇ ਕਹਾ ਕਿ ਹੋਰ ਜਨਾਨੇ ਬਹੁਤ ਹੈ। ਗੁਰਦੇਈ ਹੈ ਉਸਸੇ ਕਰਵਾਇ ਲਵੋ ਸੇਵਾ। ਖਾਨੇ ਵਾਲੀ ਨੇ ਕਹਾ ਕਿ ਹੋਰ ਕੋ ਮੇਰੀ ਟੈਹਲ ਕਰਨੇ ਕੀ ਕੁਝ ਖਵਰ ਨਹੀਂ ਹੈ। ਓਹ ਮੇਰੀ ਟੈਹਲ ਨੂੰ ਜਾਣਦੀਆਂ ਹੈਂ, ਅਗੇ ਮੇਰੀ ਸੇਵਾ ਕਰਦੀਆਂ ਰਹੀਆਂ। ਫਰੰਗੀ ਨੇ ਹੁਕਮ ਦੀਆ ਕਿ ਮੰਗਵਾ ਲਵੋ। ਤਾਂ ਮਾਈ ਜਿਉਣ ਕੌਰ ਆਈ। ਰਾਮਦਾਸਪੁਰੇ ਸਾਹਿਬ ਖਾਨੇ ਵਾਲੀ ਕੀ ਟੈਹਲ ਸੇਵਾ ਮੋਂ ਹਾਜ਼ਰ ਹੋਈ। ਪਹਿਲੇ ਤਾਂ ਏਕ ਬੁਰਜ ਸੀ ਤਿਸਮੇ ਰਹਿਣ ਲੱਗੀਆਂ। ਫੇਰ ਮੰਦਰ ਬਣਾਇਆ ਉਪਰ ਚੁਬਾਰਾ।

"ਖਾਨੇ ਵਾਲੀ ਕੇ ਦਿਲ ਮੋਂ ਹੋਈ ਕਿ ਜੇ ਮੇਰੇ ਪਾਸ ਕੁੰਜੀਆਂ ਆਇ ਜਾਵਣ ਤਾਂ ਮੈਂ ਬੰਦੋਬਸਤ ਕਰਾਂ ਜੇਹੜਾ ਫਾਲਤੂ ਖਰਚ ਹੈ। ਦਾਨ ਸਿੰਘ ਨੇ ਕੁੰਜੀਆਂ ਸੁੱਟ ਦਿੱਤੀਆਂ ਕਿਸੇ ਬੋਲੇ ਥੀਂ ਖਿਝਕੇ। ਗੁਰੂ ਮਹਾਰਾਜ ਜੀ ਕੁੰਜੀਆਂ ਚੁੱਕ ਕੇ ਖਾਨੇ ਵਾਲੀ ਕੋ ਫੜਾਇ ਦਿੱਤੀਆਂ। ਉਸੀ ਦਿਨ ਸੇ ਫਾਲਤੂ ਖਰਚ ਸਭ ਹਟਾਇ ਦੀਏ, ਮਾਮੂਲੀ ਖਰਚ ਰੱਖਿਆ। ਜਿਸਸੇ ਨਾ ਸਰੇ ਸੋ ਰਖਿਆ ਅਤੇ ਹੋਰ ਸਭ ਬੰਦ ਕੀਤੇ। ਜੇਹੜਾ ਬਚਨ ਮੰਨੇ ਉਸ ਪਰ ਰਾਜੀ ਜੇਹੜਾ ਬਚਨ ਨਾ ਮੰਨੇ ਉਸ ਪਰ ਨਰਾਜ। ਗੁਰੂ ਹਰੀ ਸਿੰਘ ਜੀ ਕਾ ਤੇ ਮਾਈ ਜਿਉਣ ਕੌਰ ਕਾ ਅਰਦਾਸਾ ਕਰ ਦੀਆ। ਅਰਦਾਸ ਮਾਤਾ ਫਤਹਿ ਕੌਰ ਜੀ ਦਾ ਵੀ ਇਕੱਠਾ ਦੋਹਾਂ ਭੈਣਾਂ ਦਾ ਗੁਰੂ ਹਰੀ ਸਿੰਘ ਜੀ ਨਾਲ ਕੀਤਾ ਗਿਆ ਸੀ। ਮਾਤਾ ਫਤੇਹ ਕੌਰ 1940 ਈ. ਵਿਚ ਸ੍ਰੀ ਭੈਣੀ ਸਾਹਿਬ ਹੁਕਮ ਸੱਤ ਹੋਏ।।"8

ਇਹ ਅਰਦਾਸਾ 1888 ਈ. ਵਿਚ ਹੋਇਆ। 9 ਮਾਰਚ 1890 ਈ. ਨੂੰ, ਸੰਬਤ 1946 ਬਿ੦ ਚੇਤ ਵਦੀ ਤੀਜ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਮਾਤਾ ਜਿਉਣ ਕੌਰ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਗ੍ਰਿਹ ਵਿਖੇ ਪ੍ਰਗਟ ਹੋਏ। ਸੰਬਤ 1949 ਕਤਕ ਵਦੀ 10 (15 ਅਕਤੂਬਰ 1892 ਈ.) ਨੂੰ ਮਾਤਾ ਜੀ ਦੇ ਘਰ ਮਹਾਰਾਜ ਨਿਹਾਲ ਸਿੰਘ ਜੀ ਅਤੇ ਸੰਬਤ 1954 10 ਅੱਸੂ (1897 ਈ.) ਨੂੰ ਮਹਾਰਾਜ ਗੁਰਦਿਆਲ ਸਿੰਘ ਜੀ ਨੇ ਜਨਮ ਲਿਆ।

ਜਦੋਂ ਮਾਤਾ ਜੀਵਨ ਕੌਰ ਜੀ ਗੁਰੂ ਮਹਿਲ ਵਜੋਂ ਸ੍ਰੀ ਭੈਣੀ ਸਾਹਿਬ ਆਏ ਤਾਂ ਪਿਤਾ ਬਾਬਾ ਖੁਸ਼ਹਾਲ ਸਿੰਘ ਜੀ ਨੇ ਆਪ ਨੂੰ ਇਉਂ ਸੁਭ ਸਿੱਖਿਆ ਦਿੱਤੀ– "ਜਿਉਣ ਕੌਰੇ ਤੂੰ ਜਗਤ ਮਾਤਾ ਹੈਂ ਤੇਰੇ ਹੱਥੋਂ ਸਭ ਜੀਆਂ ਲੈ ਕੇ ਛਕਣਾ ਹੈ ਤੇ ਨਾਮਧਾਰੀਆਂ ਨੂੰ ਵਰੋਸੌਣਾ ਹੈ ਤੂੰ। ਸਭ ਦੀ ਇਕ ਸਮਾਨ ਸੇਵਾ ਕਰਨੀ ਹੈ। ਇਹ ਤਾਂ ਹੋ ਆਵੇ ਜੇ ਤੂੰ ਕੁਰਸੀ, ਜਰਾਬਾਂ, ਪੱਖਾ, ਛਤਰੀ, ਘੁਟਾਉਣਾ, ਮੰਜੇ ਤੇ ਬੈਠ ਪ੍ਰਸ਼ਾਦ ਛਕਣਾ ਤੇ ਬਦੇਸੀ ਬਸਤਰ ਦਾ ਤਿਆਗ ਰਖੇਂਗੀ।" ਪਿਤਾ ਜੀ ਦੀਆਂ ਮੱਤਾਂ ਆਪ ਨੇ ਅਜਿਹੀਆਂ ਕੰਨੀ ਬੱਧੀਆਂ ਜੋ

ਨਾਲ ਹੀ ਨਿਭੀਆਂ। ਹਾਂ ਜੇ ਥੱਕ ਜਾਣ ਤਾਂ ਜ਼ਨਾਨੇ ਤੋਂ ਲਤੜਣਾ ਭਾਵੇਂ ਲੈਣ ਪਰ ਘੁਟਾਉਂਦੇ ਨਹੀਂ ਸਨ।"9

ਮਾਤਾ ਜੀ ਪਾਸ ਗੁਰਦੁਆਰੇ ਵਿਚ ਆਉਣ ਤੋਂ ਦਸ ਸਾਲ ਬਾਅਦ ਤੱਕ ਵੀ ਖਜ਼ਾਨੇ ਦੀਆਂ ਕੁੰਜੀਆਂ ਨਹੀਂ ਸਨ ਆਈਆਂ। ਇਸ ਸਮੇਂ ਭਿੰਨ ਭਿੰਨ ਸਮੇਂ ਡੇਰਾ ਪ੍ਰਬੰਧਕ ਮਾਈ ਅਤਰੀ ਖਾਨੇ ਵਾਲੀ, ਹਜ਼ੂਰੀ ਸੇਵਕ ਭਾਈ ਦਾਨ ਸਿੰਘ ਜਾਂ ਮਾਈ ਗੁਰਦੇਈ ਧੰਨੇ ਵਾਲੀ ਹੁੰਦੀ ਸੀ। ਮਾਤਾ ਜੀ ਪ੍ਰਬੰਧਕਾਂ ਦੇ ਸਹਿਯੋਗ ਨਾਲ ਅੱਠੇ ਪਹਿਰ, ਆਏ ਗਏ ਸਿੱਖ ਸਾਧ ਅਤੇ ਗੁਰੂ ਹਰੀ ਸਿੰਘ ਜੀ ਦੀ ਸੇਵਾ ਵਿਚ ਜੁਟੇ ਰਹਿੰਦੇ ਸਨ। ਗੁਰੂ ਕੇ ਲੰਗਰ ਨੂੰ ਚੱਲਦਾ ਰੱਖਣ ਵਿਚ ਆਪ ਦਾ ਬਹੁਤ ਵੱਡਾ ਯੋਗਦਾਨ ਸੀ। ਦੂਰੋਂ ਨੇੜਿਉਂ ਗੁਰਦੁਆਰੇ ਵਿਚ ਗੁਰੂ ਦਰਸ਼ਨਾਂ ਲਈ ਆਉਣ ਵਾਲਿਆਂ ਦੀ ਪ੍ਰਸ਼ਾਦ ਪਾਣੀ ਦੀ ਸੇਵਾ ਨਿਬਾਹੁੰਦੇ। ਪੁਲੀਸ ਦੀ ਸਖਤੀ ਤੋਂ ਬਾਹਰ ਝਾੜ ਬੇਲਿਆਂ, ਟਿੱਬਿਆਂ ਵਿਚ ਲੁਕੇ ਗੁਰਸਿਖਾਂ ਨੂੰ ਵੀ ਕਠਿਨ ਹਾਲਾਤ ਵਿਚ ਅੰਨ ਜਲ ਪੁਚਾਉਂਦੇ। ਪ੍ਰਤੱਖ ਦਰਸ਼ੀ ਭਾਈ ਸੰਤੋਖ ਸਿੰਘ ਬਾਹੋਵਾਲ ਮਾਤਾ ਜੀ ਦੁਆਰਾ ਨਿਬਾਹੀ ਸੇਵਾ ਨੂੰ ਆਪਣੇ ਗ੍ਰੰਥ ਵਿਚ ਲਿਖ ਗਏ ਹਨ।

"ਮਾਤਾ ਜਿਉਣ ਕੌਰ ਜੀ ਏਕ ਸਮੇਂ ਬਚਨ ਕੀਤਾ ਕਿ ਕਰੜਾਈ ਕੇ ਸਮੇਂ ਇਕ ਦਿਨ ਗੁਰੂ ਜੀ ਕੇ ਵਾਸਤੇ ਮੈਂ ਸ਼ਰਦਾਈ ਲੈ ਕੇ ਚੱਲੀ। ਹੌਲਦਾਰ ਨੇ ਕਿਹਾ ਕੀ ਲਜਾਂਦੇ ਹੋ। ਮੈਂ ਕਹਾ-ਗੁਰੂ ਮਹਾਰਾਜ ਜੀ ਵਾਸਤੇ ਸ਼ਰਦਾਈ ਲੈ ਚਲੇ ਹੈਂ। ਤੁਰਕ ਨੇ ਸ਼ਰਦਾਈ ਰਖਵਾਇ ਲਈ। ਮਾਤਾ ਜੀ ਫਿਰ ਚੋਰੀ ਲਪੇਟ ਕੇ ਮਿਸਰੀ ਲੈ ਕੇ ਗਏ। ਓਥੇ ਜਾ ਕੇ ਜਲ ਬਣਾ ਕੇ ਛਕਾਇਆ ਗੁਰੂ ਜੀ ਕੋ।"

"ਏਕ ਦਿਨ ਮੈਂ ਰਾਮਸਰ ਵੰਨੇ ਚੱਲੀ ਤਾਂ ਹੌਲਦਾਰ ਦੂਰੋਂ ਦੇਖਕੇ ਕੋਲ ਆਇ ਖੜਾ ਹੋਇਆ ਤੇ ਕਹਿਣ ਲੱਗਾ ਏਹ ਕੀ ਹੈ ਤੁਸਾਂ ਕੋਲ। ਮੈਂ ਆਖਿਆ ਕਛਹਿਰਾ ਆਸਨ ਮੇ ਲਪੇਟਿਆ ਹੋਇਆ ਹੈ। ਸ਼ਰਮਿੰਦਾ ਹੋਇਆ। ਪ੍ਰਸ਼ਾਦਾ ਨਾ ਸੇ ਦੇਣ ਦਿੰਦੇ ਕਿਸੇ ਨੂੰ ਕਿ ਬਾਹਰ ਸਿੰਘ ਜਮਾਂ ਨਾ ਹੋ ਜਾਣ।"

"ਜਿਸ ਦਿਨ ਸੇ ਪਰਤਾਪ ਸਿੰਘ ਜੀ ਜਨਮੇ ਨਰਮਾਈ ਹੋਈ। ਫੇਰ ਨਿਹਾਲ ਸਿੰਘ ਦੇ ਜਨਮ ਤੇ ਜ਼ਿਆਦੇ ਨਰਮਾਈ ਹੋਇ ਗਈ। ਜੋ ਪ੍ਰਸ਼ਾਦੇ ਦੀ ਬੰਦਸ਼ ਦੀ ਸਭ ਹਟ ਗਈ। ਕੋਈ ਆਵੇ ਤਾਂ ਡੇਰੇ ਕੇ ਅੰਦਰ ਕਰ ਦੇਣਾ। ਬਾਹਰ ਨਾ ਰਹਿਣ ਦੇਣਾ।"

"ਗੁਰਦਿਆਲ ਸਿੰਘ ਜੀ ਦੇ ਜਨਮੇ ਤੇ ਕੋਈ ਨਹੀਂ ਪੁਛਦਾ ਹੈ ਭਾਵੇਂ ਕਈ ਦਿਨ ਰਹਿ ਜਾਵੇ।"10

ਫਰਵਰੀ ਮਾਰਚ 1898 ਈ. ਵਿਚ ਗੁਰੂ ਹਰੀ ਸਿੰਘ ਜੀ ਦੇ ਹੁਕਮ ਨਾਲ ਸੰਗਤ ਨੇ ਕਹੀਆਂ ਟੋਕਰੇ ਲੈ ਕੇ ਰਾਮਸਰ ਦੀ ਕਾਰ ਸੇਵਾ ਸ਼ੁਰੂ ਕੀਤੀ।" ਮਾਈ ਜਿਉਣ ਕੌਰ, ਫਤੇ ਕੌਰ, ਸਾਹਿਬਜ਼ਾਦੇ ਬੀਬੀ (ਨੰਦਾ) ਕੀਆਂ ਨੂੰਹਾਂ ਹੋਰ ਨਿਕੇ ਥੱਡੇ ਸਭ ਕਾਰ ਕੱਢਣੇ ਲੱਗੇ। ਬਡੀ ਖੁਸ਼ੀ ਸੇ ਸਭਨੇ ਕਾਰ ਕੱਢੀ। ਗੁਰੂ ਜੀ ਭੀ ਕੁਛ ਟੋਕਰੇ ਕੱਢੇ। ਦੋ ਸਿੰਘ ਇਕ ਪਾਸੇ ਲੱਗ ਕੇ ਚੁਕਾਉਂਦੇ ਹੈਂ ਛੇ ਸੱਤ ਮਣ ਕਾ ਟੋਕਰਾ। ਅੱਠ ਦਿਨ ਕਾਰ ਨਿਕਲਦੀ ਰਹੀ।"11

ਸੁਧ ਸਿੰਘ ਬਗੁਲੀ ਕਲਾਂ ਦਾ ਸਿੰਘ ਡੇਰਾ ਸ੍ਰੀ ਭੈਣੀ ਸਾਹਿਬ ਵਿਚ ਰਹਿੰਦਾ ਸੀ ਉਸਨੇ ਗੁਰੂ ਹਰੀ ਸਿੰਘ ਜੀ ਪਾਸ ਅਰਜ਼ ਕੀਤੀ ਕਿ ਡੇਰੇ ਦੀਆਂ ਕੁੰਜੀਆਂ, ਮਾਈ ਗੁਰਦੇਈ ਦੀ ਬਜਾਏ ਮਾਈ ਜੀਉਣ ਕੌਰ ਨੂੰ ਦਿੱਤੀਆਂ ਜਾਣ ਕਿਉਂਕਿ ਗੁਰਦੇਈ ਸਰਫੇ ਵਾਲਾ ਸੁਭਾਅ ਵਰਤਦੀ ਹੈ। ਸੁੱਧ ਸਿੰਘ ਦੇ ਕਹਿਣ ਤੇ ਗੁਰੂ ਜੀ ਨੇ ਗੁਰਦੇਈ ਨੂੰ ਕਿਹਾ ਕਿ ਤੇਰੀ ਕਾਫੀ ਸੇਵਾ ਹੋ ਗਈ ਹੈ, ਹੁਣ ਤੂੰ ਭਜਨ ਬਾਣੀ ਹੀ ਕਰਿਆ ਕਰ। ਪ੍ਰੰਤੂ ਇਸ ਦੇ ਬਾਅਦ ਵੀ ਮਾਤਾ ਜੀ ਨੇ ਚਾਬੀਆਂ ਗੁਰਦੇਈ ਕੋਲ ਹੀ ਰਹਿਣ ਦਿੱਤੀਆਂ। ਖ਼ੁਦ ਹਾਸਲ ਕਰਨ ਵਿਚ ਕੋਈ ਕਾਹਲ ਨਾ ਵਿਖਾਈ। ਸਗੋਂ ਗੁਰਦੇਈ ਵਲੋਂ ਗੁਰੂ ਬਚਨਾਂ ਦੀ ਅਵੱਗਿਆ ਕਰਨ ਤੇ ਵੀ ਉਸ ਤੇ ਪਰਦਾ ਹੀ ਪਾਇਆ। ਇਹੋ ਤੇ ਮਾਤਾ ਜੀ ਦੇ ਨਿਰਮਾਣ ਸੁਭਾਉ ਤੇ ਵਡੱਪਣ ਦੀ ਪੇਸ਼ਕਾਰੀ ਸੀ।

"ਬ੍ਰਾਹਮਣ ਆਏ ਕੜੇ ਮੰਗਣ। ਗੁਰੂ ਹਰੀ ਸਿੰਘ ਜੀ ਨੇ ਮਾਈ ਜੀ ਨੂੰ ਪੁੱਛਿਆ-ਬ੍ਰਾਹਮਣਾਂ ਨੂੰ ਕੜੇ ਦੇਣੇ ਹਨ। ਮਾਈ ਜੀ ਨੇ ਆਕੇ ਅਰਜ਼ ਕੀਤੀ-ਕੁੰਜੀਆਂ ਘਰ ਨਹੀਂ ਹਨ, ਗੁਰਦੇਈ ਲੈ ਗਈ ਹੈ। ਗੁਰੂ ਜੀ ਕਿਹਾ ਕਿ ਕੁੰਜੀਆਂ ਨਾਲ ਲੈ ਜਾਂਦੀ ਹੈ ਘਰ ਕਿਉਂ ਨਾ ਦੇ ਗਈ। ਮਾਈ ਜੀ ਨੇ ਕਿਹਾ-ਉਹ ਤਾਂ ਦੇਂਦੀ ਸੀ ਮੈਂ ਨਾ ਲਈਆਂ। ਫੇਰ ਗੁਰਦੇਈ ਨਾਭੇ ਗਈ ਤੇ ਕੁੰਜੀਆਂ ਦੇ ਗਈ। ਜਦੋਂ ਸੁਧ ਸਿੰਘ ਬਗਲੀ ਵਾਲੇ ਨੂੰ ਪਤਾ ਲੱਗਾ ਕਿ ਕੁੰਜੀਆਂ ਦੇ ਗਈ ਹੈ, ਸਿੰਘਾਂ ਨੇ ਰਲ ਕੇ ਮਾਈ ਜੀ ਨੂੰ ਕਿਹਾ ਕਿ ਅਸੀਂ ਅਰਜ਼ ਕਰਨੀ ਹੈ, ਤੁਸੀਂ ਕੁੰਜੀਆਂ ਸਾਂਭੋ। ਮਾਈ ਜੀ ਕਿਹਾ-ਉਸਨੂੰ ਨਰਾਜ਼ ਨਹੀਂ ਕਰਨਾ। ਸਾਰੇ ਗੁਰੂ ਜੀ ਕੋਲ ਗਏ। ਗੁਰੂ ਜੀ ਨੇ ਮਾਈ ਜੀ ਨੂੰ ਕਿਹਾ ਕਿ ਕੁੰਜੀਆਂ ਕਿਉਂ ਨਹੀਂ ਸਾਂਭਦੀ ਹੈਂ।

"ਮਾਤਾ ਜੀਉਣ ਕੌਰ ਪਾਸ ਖਜ਼ਾਨੇ ਕੀਆਂ ਕੁੰਜੀਆਂ ਆਈਆਂ ਸੰ. 1956 ਬਿ. ਸੌਣ ਬਦੀ ਦਸਮੀਂ (ਮੁਤਾਬਿਕ 1 ਅਗਸਤ 1899 ਈ.) ਕੋ I ਘਰ ਕੀ ਬਸਤ ਘਰ ਮੇ ਆਈ। ਸਰਬ ਖਾਲਸਾ ਸੁਣ ਕੇ ਖੁਸ਼ੀ ਹੋਇਆ ਕਿ ਮਾਲਕਾਂ ਕੋਲ ਕੁੰਜੀਆਂ ਆਈਆਂ ਹੈ, ਸਰਬ ਕੀ ਖਬਰ ਰੱਖਣਗੇ। ਬਾਬਾ ਕੁਸ਼ਾਲ ਸਿੰਘ ਦੇ ਘਰ ਕੁਝ ਪ੍ਰਵਾਹ ਨਹੀਂ ਸੀ। ਓਥੋਂ ਦੀਆਂ ਕੁੰਜੀਆਂ ਭੀ ਵੱਡੇ ਮਾਈ ਜੀ ਦੇ ਅਖਤਿਆਰ ਸੀਆਂ, ਭਾਮੇਂ ਕਿਸੇ ਬਰਤਨ ਕਦੀ ਨਾ ਸੀ ਕਿਸੇ ਪੁੱਛਿਆ। ਦੁੱਧ ਭੀ ਘਰ ਮੇਂ ਹਮੇਸ਼ਾ ਰੈਂਹਦਾ। ਸਰਬ ਪਦਾਰਥ ਘਰ ਮੇਂ ਸੀ। ਕਿਸੇ ਬਾਤ ਕੀ ਕਮਤੀ ਨਾ ਸੀ। ਮਾਪਿਆਂ ਕੋ ਦੋਮੇਂ ਭੈਣਾਂ ਪਿਆਰੀਆਂ ਸੀ। ਰੁਪਯੇ ਰੱਖਣ ਦੇਣ ਲੈਣ, ਬਾਬੇ ਜੀ ਕਦੇ ਨਾ ਸੀ ਲੇਖਾ ਪੁਛਿਆ। ਮਾਈ ਭਾਗ ਭਰੀ ਬਡੇ ਭਾਗਾਂ ਵਾਲੀ ਹੈ ਜਿਸ ਕੀ ਧੀ ਕਾ ਸੰਬੰਧ ਪ੍ਰਮੇਸ਼ਰ ਨਾਲ ਹੋਇਆ ਹੈ। ਭਾਈ ਕਾ ਨਾਮ ਚੂਹੜ

ਸਿੰਘ ਹੈ। ਸੋ ਭੀ ਬੜੇ ਸੰਤ ਰੂਪ ਹੈਂ। ਮਾਈ ਜੀਊਣ ਕੌਰ ਕਾ ਮਾਮਾ (ਹਰਨਾਮ ਸਿੰਘ) ਬੜਾ ਦਲੇਰ ਸੀ। ਜੇਕਰ ਪਾਠ ਕਰੌਣਾ ਜੇਹੜਾ ਪਾਠੀ ਰੋਜ ਸੇਰ ਘਿਓ ਛਕੇ ਉਸ ਥੀਂ ਪਾਠ ਕਰਾਉਣ। ਦੂਧ ਜਿਤਨਾ ਮਰਜੀ ਹੈ ਛਕੇ। ਕੈਹਣਾ ਕਿ ਜਿਤਨਾ ਪਾਠੀ ਨੂੰ ਛਕਾਈਏ, ਸੇਵਾ ਕਰੀਏ ਉਤਨਾ ਮਹਾਤਮ ਹੁੰਦਾ ਹੈਂ।"12

ਸੇਵਾ ਅਤੇ ਪਰਉਪਕਾਰ ਦੇ ਆਪਣੇ ਪਰਿਵਾਰਿਕ ਪਰਿਵੇਸ਼ ਵਿਚੋਂ ਲਏ ਗੁਣਾਂ ਨੂੰ, ਡੇਰਾ ਸ੍ਰੀ ਭੈਣੀ ਸਾਹਿਬ ਵਿਚ ਆ ਕੇ ਮਾਤਾ ਜੀ ਨੇ ਹੋਰ ਵਿਸਥਾਰ ਦਿੱਤਾ। ਉਹਨਾਂ ਪਾਸ ਕੁੰਜੀਆਂ ਆਈਆਂ ਨੂੰ ਅਜੇ ਥੋਹੜਾ ਹੀ ਸਮਾਂ ਹੋਇਆ ਸੀ ਕਿ 1956 ਬਿਕਰਮੀ ਦਾ ਭਿਆਨਕ ਅਕਾਲ ਆਪ ਜੀ ਦੇ ਸਬਰ ਦੀ ਪ੍ਰੀਖਿਆ ਲੈਣ ਲਈ, ਮੂੰਹ ਅੱਡੀ ਖੜਾ ਸੀ। ਅੰਗਰੇਜ਼ ਸਰਕਾਰ ਦੀ ਲੁੱਟ ਖਸੁੱਟ ਦੀ ਨੀਤੀ ਨੇ ਭੁੱਖਮਰੀ ਅਤੇ ਮਹਾਂਮਾਰੀਆਂ ਸਾਡੇ ਲੋਕਾਂ ਨੂੰ ਦਿੱਤੀਆਂ ਸਨ। ਸਤਿਗੁਰੂ ਰਾਮ ਸਿੰਘ ਜੀ ਦਾ ਜਾਰੀ ਕੀਤਾ ਸਦਾ-ਵਰਤ, ਗੁਰੂ ਹਰੀ ਸਿੰਘ ਜੀ ਦੇ ਹੁਕਮ ਅਤੇ ਮਾਈ ਜੀਊਣ ਕੌਰ ਜੀ ਦੇ ਕੁਸ਼ਲ ਪਰਬੰਧ ਹੇਠ, ਦਿਨ ਰਾਤ ਇਕ ਟੱਕ ਵਰਤਦਾ ਰਿਹਾ। ਰਾਹੀਆਂ ਪਾਂਧੀਆਂ ਦੀਆਂ ਵਹੀਰਾਂ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਚੋਂ ਬੜੀ ਸ਼ਾਨ ਨਾਲ ਉਦਰ ਪੂਰਤੀ ਕਰਦੀਆਂ ਸਨ। ਇਹ ਉਹ ਸਮਾਂ ਸੀ ਜਦੋਂ ਭੁੱਖੇ ਕਾਲ ਪੀੜਿਤ ਲੋਕ ਸ਼ਹਿਰਾਂ ਦੇ ਬਾਜ਼ਾਰਾਂ ਵਿੱਚੋਂ ਹਜ਼ਾਰਾਂ ਮਣ ਅਨਾਜ ਹੱਥੋਂ ਹੱਥ ਹੀ ਸਮੇਟ ਲੈਂਦੇ ਸਨ। ਪੰਜਾਬ ਅਤੇ ਬੀਕਾਨੇਰ ਰਿਆਸਤ ਦਾ ਬਰਾਨੀ ਇਲਾਕਾ, ਪੂਰੀ ਤਰ੍ਹਾਂ ਇਸ ਕਾਲ ਦੀ ਲਪੇਟ ਵਿਚ ਆ ਚੁੱਕਾ ਸੀ। ਭੈਣੀ ਸਾਹਿਬ ਲੋਹ ਲੰਗਰ ਦੀ ਸ਼ੋਭਾ ਸੁਣ ਕੇ, ਹਰ ਰੋਜ਼ ਹਜ਼ਾਰਾਂ ਕਾਲ ਪੀੜਿਤ ਭੈਣੀ ਸਾਹਿਬ ਆਉਂਦੇ। ਚਾਰ ਸੌ ਤੋਂ ਛੇ ਸੌ ਤੱਕ ਦੀ ਪੰਗਤ ਲੱਗਦੀ। ਉਹਨਾਂ ਲੋਕਾਂ ਨੂੰ ਅੰਨ ਜਲ, ਦਾਲਾ ਪਰਸ਼ਾਦਾ ਅਤੇ ਉਹਨਾਂ ਕਾਲ ਪੀੜਿਤਾਂ ਦੇ ਪਸ਼ੂਆਂ ਨੂੰ ਵੀ ਚਾਰਾ ਪੱਠੇ ਪਾਣੀ, ਗੁਰੂ ਘਰੋਂ, ਮਹੀਨਿਆਂ ਬੱਧੀ ਵਰਤਦਾ ਰਿਹਾ। ਇਸ ਲੰਗਰ ਦੀ ਮਹਿਮਾ ਦੂਰ ਦੂਰ ਅੱਪੜੀ ਤਾਂ ਹਿਸਾਰ ਦੇ ਡੀ.ਸੀ. ਨੇ ਲੁਧਿਆਣੇ ਦੇ ਡੀ.ਸੀ. ਨੂੰ ਤਾਰ ਭੇਜੀ ਕਿ ਤੁਹਾਡੇ ਜ਼ਿਲ੍ਹੇ ਵਿਚ ਕੋਈ ਭੈਣੀ ਸਾਹਿਬ ਨਾਂ ਦਾ ਪਿੰਡ ਹੈ। ਬਾਗੜ ਦੇ ਹਜ਼ਾਰਾਂ ਕਾਲ ਪੀੜਿਤ ਉਧਰ ਨੂੰ ਧਾਈ ਕਰੀ ਆਉਂਦੇ ਹਨ। ਉੱਥੋਂ ਦੇ ਪਰਬੰਧਕਾਂ ਨੂੰ ਆਖੋ, ਸਫਰ ਲੰਮਾ ਹੈ, ਕਾਲ ਦੀ ਕੋਈ ਹੱਦ ਨਹੀਂ, ਧਿਆਨ ਨਾਲ ਵਰਤਾਉਣ। ਇਸ ਤੋਂ ਬਾਅਦ ਡੀ.ਸੀ. ਲੁਧਿਆਣਾ ਨੇ ਗੁਰੂ ਹਰੀ ਸਿੰਘ ਜੀ ਨੂੰ ਹੱਥ ਘੁੱਟ ਕੇ ਵਰਤਣ ਲਈ ਕਿਹਾ। ਗੁਰੂ ਜੀ ਨੇ ਉਸਨੂੰ ਕਿਹਾ ਕਿ ਜਦੋਂ ਤੱਕ ਸਾਡੇ ਪਾਸ ਸਾਧਨ ਸਮੱਗਰੀ ਹੈ, ਕਿਸੇ ਲੋੜਵੰਦ ਨੂੰ ਇਨਕਾਰ ਨਹੀਂ ਕਰਨਾ। ਉਸਨੇ ਕਿਹਾ-ਜਦੋਂ ਇਹ ਭੁੱਖੇ ਲੋਕ ਤੁਹਾਡਾ ਸਭ ਕੁਛ ਖਤਮ ਕਰ ਗਏ ਤਾਂ ਫਿਰ ਕੀ ਕਰੋਗੇ? ਗੁਰੂ ਜੀ ਦਾ ਜੁਆਬ ਸੀ- "ਅਸੀਂ ਵੀ ਬਗਲੀ ਫੜ ਕੇ ਇਹਨਾਂ ਦੇ ਨਾਲ ਹੀ ਤੁਰ ਪਵਾਂਗੇ।" ਫਿਰ ਉਸ ਨਵੀਆਂ ਅਬਾਦ ਬਾਰਾਂ ਵਿੱਚੋਂ ਲੰਗਰ ਲਈ 52 ਮੁਰੱਬੇ ਜ਼ਮੀਨ ਅਲਾਟ ਕਰਨ ਦੀ ਪੇਸ਼ਕਸ਼ ਕੀਤੀ।

ਇਸ ਤੇ ਦਿਆਲ ਮੂਰਤ ਗੁਰੂ ਹਰੀ ਸਿੰਘ ਜੀ ਨੇ ਫੁਰਮਾਇਆ ਕਿ ਤੁਹਾਥੋਂ 52 ਮੁਰੱਬੇ ਲੈ ਕੇ ਇਹ ਮੰਨ ਲਈਏ ਕਿ ਬਾਕੀ ਦੇਸ਼ ਤੁਹਾਡਾ ਹੈ। ਜੇ ਤੁਸਾਂ ਕੁਝ ਦੇਣਾ ਹੈ ਤਾਂ ਇੰਗਲੈਂਡ ਵਿਚੋਂ ਦਿਉ। ਇੱਥੇ ਤੁਹਾਥੋਂ ਜਦੋਂ ਕੁਝ ਲੈਣ ਦਾ ਵੇਲਾ ਆਇਆ ਤਾਂ ਸਾਰਾ ਦੇਸ ਹੀ ਲਵਾਂਗੇ।

ਇਸ ਕਾਲ ਸਮੇਂ ਗੁਰੂ ਕੇ ਲੰਗਰ ਦੀ ਮਹਿਮਾਂ ਦੂਰ ਦੂਰ ਤੱਕ ਕਿਵੇਂ ਅੱਪੜੀ ਇਸ ਦਾ ਵਰਣਨ ਪ੍ਰਤੱਖ ਦਰਸ਼ੀ ਹਰਨਾਮ ਸਿੰਘ ਬਗੁਲੀ ਕਲਾਂ ਆਪਣੀ ਇਤਿਹਾਸਕ ਰਚਨਾ "ਸੰਤ ਖਾਲਸਾ" ਵਿਚ ਇਉਂ ਕਰਦੇ ਹਨ-

"ਦੂਰੋਂ ਦੂਰੋਂ ਲੰਗਰ ਸੁਣ ਕੇ ਲੋਕ ਆਉਂਦੇ,
ਭੈਣੀ ਹੋਈ ਮਸ਼ਹੂਰ ਸੰਸਾਰ ਸਾਰੇ।
ਭੈਣੀ ਮਿਲੂ ਰੋਟੀ ਲੋਕੀਂ ਗੀਤ ਗਾਉਂਦੇ,
ਇਰਦ ਗਿਰਦ ਭੈਣੀ ਲੱਗੇ ਲਾਰ ਸਾਰੇ।
ਬਾਗੜ ਦੇਸ਼ ਮਸ਼ਹੂਰ ਹੋ ਗਈ ਭੈਣੀ,
ਓਟੂ ਨੌਹਰ ਤੇ ਹਾਸੀ ਹਿਸਾਰ ਸਾਰੇ।
ਮਾਰ ਵਾੜੀਏ। ਲੋਕ ਹਰਨਾਮ ਸਿੰਘਾ,
ਬੈਠੇ ਆਣ ਭੈਣੀ ਤਰਫ ਚਾਰ ਸਾਰੇ।
"ਸਾਹਿਬਜ਼ਾਦੇ ਮਹਾਰਾਜ ਪ੍ਰਤਾਪ ਸਿੰਘ ਜੀ,
ਹੱਥੀਂ ਆਪਣੀ ਅੰਨ ਬਰਤੌਂਦੇ ਰਹੇ।
ਨੌ ਕੁ ਬਰਸ ਦੀ ਉਮਰ ਦੇ ਸਾਹਿਬਜ਼ਾਦੇ,
ਭੱਜ ਭੱਜ ਕੇ ਰੋਟੀ ਖਵੌਂਦੇ ਰਹੇ।
ਫਿਰਦੇ ਦੇਖਦੇ ਸਤਿਗੁਰੂ ਹਰੀ ਸਿੰਘ ਜੀ,
ਮਾਲਾ ਨਾਲ ਅਸ਼ਾਰੇ ਕਰੌਂਦੇ ਰਹੇ।
ਮਹਾਰਾਜ ਤੇ ਅਸੀਂ ਹਰਨਾਮ ਸਿੰਘਾ,
ਸਾਰਾ ਸਾਰਾ ਦਿਨ ਹੀ ਵੇਰੇ ਧੌਂਦੇ ਰਹੇ।"13

ਇਹ ਮਾਤਾ ਜੀ ਦੀ ਨੇਕ ਸਿੱਖਿਆ ਦਾ ਅਸਰ ਸੀ ਕਿ ਬਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਆਪਣੇ ਹਾਣੀਆਂ ਨੂੰ ਨਾਲ ਲੈ ਕੇ, ਕਾਲ ਪੀੜਿਤਾਂ ਦੀ ਸੇਵਾ ਵਿਚ ਜੁੱਟੇ ਰਹਿੰਦੇ ਸਨ।

17 ਮਈ 1906 ਈ. ਨੂੰ ਗੁਰੂ ਹਰੀ ਸਿੰਘ ਜੀ ਜੋਤੀ ਜੋਤ ਸਮਾਂ ਗਏ। ਆਖਰੀ ਸਮੇਂ ਵਿਚ ਮਾਤਾ ਜੀ ਦਿਨ ਰਾਤ, ਉਹਨਾਂ ਦੀ ਸੇਵਾ ਵਿਚ ਤਤਪਰ ਰਹੇ। ਤੀਸਰੇ ਦਿਨ ਗੱਦੀ ਸਾਹਿਬ ਵਾਲੇ ਚੁਬਾਰੇ ਵਿਚ ਗੁਰਤਾ ਦੀ ਦਸਤਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮਾਤਾ ਜੀ ਨੇ ਮੁਖੀ ਸਿੰਘਾਂ ਦੀ ਹਾਜ਼ਰੀ ਵਿਚ ਬੰਧਾਈ। ਗੁਰੂ ਹਰੀ ਸਿੰਘ ਜੀ ਨਮਿਤ ਨਿਮਾਣੀ ਜੇਠ ਸੁਦੀ ਇਕਾਦਸ਼ੀ 3 ਜੂਨ 1906 ਈ. ਨੂੰ ਭੋਗ ਮੇਲਾ ਮਿਥਿਆ ਗਿਆ। ਇਸ ਮੇਲੇ ਦੀ ਤਿਆਰੀ ਲਈ ਮਾਤਾ ਜੀ ਨੇ ਸਾਧ ਸੰਗਤ ਅਤੇ ਮੁਖੀ ਸਿੰਘਾਂ ਦੇ ਸਹਿਯੋਗ ਨਾਲ ਵਿਆਪਕ ਪ੍ਰਬੰਧ ਕੀਤੇ। ਇਕ ਲੱਖ ਤੋਂ ਵਧ ਸੰਗਤਾਂ, ਗੁਰੂ ਹਰੀ

ਸਿੰਘ ਜੀ ਪ੍ਰਤੀ ਆਪਣੀ ਅਕੀਦਤ ਪ੍ਰਗਟ ਕਰਨ ਅਤੇ ਨਵੇਂ ਸਤਿਗੁਰੂ ਜੀ ਦੇ ਚਰਨ ਪਰਸਨ ਲਈ ਪੁੱਜੀਆਂ। ਇਹਨਾਂ ਸਾਰੇ ਕਾਰਜ ਕਰਮਾਂ ਦਾ ਸਫਲਤਾ ਪੂਰਵਕ ਸੰਚਾਲਨ ਮਾਤਾ ਜੀ ਨੇ ਕਿਵੇਂ ਕੀਤਾ, ਇਸਦਾ ਵਰਣਨ ਵੀ ਸਮਕਾਲੀ ਕਵੀ ਸੁੰਦਰ ਸ਼ਬਦਾਂ ਵਿਚ ਕਰਦਾ ਹੈ-

"ਓਨੀ ਦਿਨੀ ਮਾਤਾ ਜੀਵਨ ਕੌਰ ਜੀ ਦੇ,
ਹੱਥ ਵਿਚ ਸੀਗੇ ਕਾਰੋਬਾਰ ਸਾਰੇ
ਭਾਗਵਾਨ ਮਾਤਾ ਬਹੁਤ ਅਕਲ ਵਾਲੀ,
ਰਿਧ ਸਿਧ ਜੀਹਦੇ ਤਾਬੇਦਾਰ ਸਾਰੇ
ਭਾਰਾ ਕੱਠ ਹੋਣਾ ਏਥੇ ਖਾਲਸੇ ਦਾ,
ਮਾਤਾ ਮਾਮਲੇ ਲਏ ਵਿਚਾਰ ਸਾਰੇ
ਇੰਤਜ਼ਾਮ ਕਰੀਏ ਭਾਰਾ ਬਹੁਤ ਜਲਦੀ,
ਮਾਤਾ ਸਿੰਘਾਂ ਨੂੰ ਕਹੇ ਪੁਕਾਰ ਸਾਰੇ
ਰਸਤ ਬਸਤ ਘੀ ਵਾਸਤੇ ਤਰਫ ਚਾਰੇ,
ਦਿਤੇ ਭੇਜ ਮਾਤਾ ਸੇਵਾਦਾਰ ਸਾਰੇ
ਦਿਨਾਂ ਵਿਚ ਕਰ ਲਿਆ ਇੰਤਜ਼ਾਮ ਸਾਰਾ,
ਭਰ ਲਏ ਮਾਤਾ ਨੇ ਆਰ ਬੁਖਾਰ ਸਾਰੇ
ਮੇਨੇ ਆਪ ਦੇਖੇ ਲੱਗੇ ਛੱਤਨਾਂ ਨੂੰ,
ਪੀਪੇ ਘਿਓ ਦੇ ਕਈ ਹਜ਼ਾਰ ਸਾਰੇ
ਧਾਮ ਪੁਰੇ, ਨਗੀਨਿਓਂ ਖੰਡ ਮਿਸ਼ਰੀ,
ਡੱਬੇ ਰੇਲ ਆਏ ਲਗਾਤਾਰ ਸਾਰੇ
ਜਗ੍ਹਾ ਜਗ੍ਹਾ ਕੋਠੇ ਅੰਦਰ ਵੇਹੜਿਆਂ ਮੇਂ,
ਭਰੇ ਰਸਤ ਦੇ ਪਏ ਅੰਬਾਰ ਸਾਰੇ
ਮਾਤਾ ਸਾਹਿਬ ਦੀ ਲਿਖਾਂ ਤਾਰੀਫ ਕਿੱਕਣ,
ਮਾਤਾ ਕੰਮ ਕੀਤੇ ਸਿਫਤਦਾਰ ਸਾਰੇ
ਨੇਕ ਲੈਕ ਮਾਤਾ ਜੀਵਣ ਕੌਰ ਵਰਗੀ,
ਕਿਤੇ ਨਹੀਂ ਹੈ ਵਿਚ ਸੰਸਾਰ ਸਾਰੇ
ਮੇਲਾ ਪਹੁੰਚਿਆ ਆਣ ਹਰਨਾਮ ਸਿੰਘਾ,
ਸਿੰਘ ਚਲੇ ਔਂਦੇ ਬੇਸ਼ੁਮਾਰ ਸਾਰੇ।"14

ਸ੍ਰੀ ਭੈਣੀ ਸਾਹਿਬ ਦੇ ਲੰਗਰ ਤੋਂ ਬਿਨਾਂ ਸਮੁਚੇ ਪੰਜਾਬ ਵਿਚ, ਹੋਲਿਆਂ ਮੇਲਿਆਂ ਤੇ ਦੂਰ ਦਰਾਜ ਹੋਣ ਵਾਲੇ ਲੰਗਰਾਂ ਦਾ ਪ੍ਰਬੰਧ, ਮਾਤਾ ਜੀ ਆਪਣੇ ਸਹਿਯੋਗੀਆਂ ਦੀ ਮਦਦ ਨਾਲ, ਉਦਾਰਤਾ ਪੂਰਵਕ ਕਰਦੇ ਸਨ। ਬਹੁਤ ਸਾਰੇ ਨਿਹੰਗ ਸਿੰਘ ਅਤੇ ਹੋਰ ਸੰਗਤਾਂ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਨੂੰ ਜਾਂਦੀਆਂ ਜਾਂ ਵਾਪਿਸ ਮੁੜਦੀਆਂ ਸਨ ਤਾਂ ਮਾਤਾ ਜੀ ਰਸਤ-ਬਸਤ, ਲੰਗਰ-ਪਰਸ਼ਾਦ ਨਾਲ ਉਹਨਾਂ ਦੀ ਭਰਪੂਰ ਸੇਵਾ ਕਰਦੇ ਸਨ। ਮਾਤਾ ਜੀ ਦੀ ਸਖਾਵਤ ਅਤੇ ਸੇਵਾ ਭਾਵਨਾ ਦੀਆਂ ਬਹੁਤ ਸਾਰੀਆਂ ਸਾਖੀਆਂ ਮਿਲਦੀਆਂ ਹਨ। ਸੰਤ ਤਰਨ ਸਿੰਘ ਵਹਿਮੀ ਦੇ ਸ਼ਬਦਾਂ ਵਿਚ-

"ਮਾਤਾ ਜਿਊਣ ਕੌਰ ਜੀ ਆਈਆਂ ਸੰਗਤਾਂ ਦੀ ਸੇਵਾ ਕਰਦੇ ਤੇ ਜਾਂਦੀਆਂ ਦੀਆਂ ਝੋਲੀਆਂ ਰਾਹੇ ਵਰਤਨ ਲਈ ਭਰਦੇ। ਜੋ ਪਦਾਰਥ ਦੇਂਦੇ ਜਿਡਾ ਆਪ ਦਾ ਬੁੱਕ ਸੀ, ਭਰਕੇ ਧੋਕਵਾਂ ਹੀ ਪਦਾਰਥ ਦੇਂਦੇ। ਲੈਣ ਵਾਲਾ ਹੀ ਬੱਸ ਕਹਿੰਦਾ ਸੀ। ਦੇਦਾ ਦੇ ਲੈਦੇ ਥਕ ਪਾਹਿ। ਇਹ ਮਾਤਾ ਜੀ ਨੇ ਹੀ ਵਰਤਾਇਆ ਸੀ।

"ਇਕ ਵੇਰ (ਮਹੰਤ) ਕੌਲਾ ਸਿੰਘ ਜੀ ਗਾਡੀ ਗੁਰੂ ਕੇ ਉਗਰਾਹੀਏ ਆਪਣੇ ਪਿੰਡ ਮੌਲੀ (ਬੈਦਵਾਨ) ਜ਼ਿਲ੍ਹਾ ਅੰਬਾਲਾ ਹੁਣ (ਸਾਹਿਬਜ਼ਾਦਾ ਅਜੀਤ ਸਿੰਘ ਨਗਰ) ਗਏ ਤੇ ਓਥੇ ਆਖਿਆ, ਜਿਹੋ ਜੇਹਾ ਦਾਨੀ ਤੇ ਦਿਲ ਵਡਾ ਮੇਰੀ ਮਾਤਾ ਜਿਉਣ ਕੌਰ ਦਾ ਹੈ ਹੋਰ ਕਿਸੇ ਦਾ ਨਹੀਂ, ਲੈਣ ਵਾਲਾ ਹੀ ਬੱਸ ਕਹਿੰਦਾ ਹੈ, ਉਹ ਨਹੀਂ। ਇਹ ਸੁਣ ਕੇ ਇਕ ਸਿਖ ਅਜ਼ਮਾਉਣ ਲਈ ਉਸੇ ਵੇਲੇ ਤੁਰ, ਭੈਣੀ ਸਾਹਿਬ ਮਾਤਾ ਜੀ ਪਾਸ ਆਇਆ ਤੇ ਅਰਜ਼ ਕੀਤੀ ਮੇਰਾ ਟੱਬਰ ਵੱਡਾ ਹੈ ਜੋ ਬਾਹਰ ਬੈਠਾ ਹੈ, ਵਰਤਦਾ ਪਦਾਰਥ ਦਿਉ। ਉਸ ਪੱਲਾ ਵਿਛਾਇਆ ਤੇ ਮਾਤਾ ਜੀ ਭਾਂਡਾ ਭਰ ਦਿੱਤਾ, ਆਟੇ ਤੇ ਖੰਡ ਘਿਉ ਦਾ। ਬਾਹਰ ਜਾ ਕੇ ਲੁੱਦ ਕੇ ਫੇਰ ਆ ਮੰਗਿਆ। ਇਸ ਤਰ੍ਹਾਂ ਇਕੋ ਦਿਨ ਵਿਚ ਜਦ ਤੀਜੀ ਵਾਰੀ ਮਾਤਾ ਜਿਊਣ ਕੌਰ ਜੀ ਨੇ ਉਸਦੇ ਪੱਲੇ ਤੇ ਭਾਂਡਿਆਂ ਵਿਚ ਖੁੱਲ੍ਹੇ ਹੱਥ ਨਾਲ ਪਦਾਰਥ ਪਾਇਆ ਤਾਂ ਉਹ ਹੱਥ ਜੋੜ ਕੇ ਚਰਨੀ ਲੱਗ ਗਿਆ ਤੇ ਆਖ-ਉਸ ਮਾਤਾ ਜੀ ਨੂੰ ਮੈਂ ਜੈਸੀ ਸੁਣ ਆਇਆ ਸਾਂ ਤੈਸੀ ਦੇਖੀ ਹੈ, ਅਰਜ਼ ਕਰ ਸਿੱਖ ਹੋ, ਭਜਨ ਲੈ ਪਿੰਡ ਗਿਆ। ਮੇਰੀ ਮਾਤਾ ਜੀ ਬਿਰਧ ਜਿਨ੍ਹਾਂ ਦੀ ਉਮਰ ਇਸ ਸਮੇਂ (1956 ਈ.) 90-92 ਸਾਲ ਦੀ ਹੈ ਮੈਨੂੰ ਦੱਸਦੇ ਹਨ-ਜਦ ਸੰਗਤ ਜਾਂਦੀ ਮਾਤਾ ਜਿਊਣ ਕੌਰ ਜੀ ਐਸੇ ਆਦਰ ਨਾਲ ਜਾਂਦਿਆਂ ਦੀ ਸੇਵਾ ਕਰਦੇ ਕਿ ਰਾਹ ਦਾ ਥਕੇਵਾਂ ਤੇ ਪੁਲਸ ਦਾ ਅਕੇਵਾਂ ਭੁੱਲ ਜਾਂਦਾ, ਵਾਪਸ ਟੁਰਨ ਸਮੇਂ ਭੀ ਉਹ ਬੋੜਵਾਂ (ਸ਼ੱਕਰ-ਘਿਉ) ਜੋ ਜਾਂਦਿਆਂ ਰੱਜਵਾਂ ਮਿਲਦਾ ਸੀ ਵੱਡੇ ਬੁੱਕਾਂ ਨਾਲ ਧੋਕਵਾਂ ਪੱਲੇ ਪਾਉਂਦੇ, ਖੰਡ ਘਿਉ ਦੀਆਂ ਨਦੀਆਂ ਵਗਾਉਂਦੇ ਸੀ ਤੇ ਗਰੀਬ ਨੂੰ ਪੁੱਛ ਕੇ ਪਲਿਉਂ ਖਰਚ ਭੀ ਦੇਂਦੇ। ਇਸ ਖੁੱਲ੍ਹੇ ਵਰਤਾਉ ਦੀਆਂ ਧੁੰਮਾਂ ਦੂਰ-ਦੂਰ ਪੁੱਜਦੀਆਂ।"15

ਮਾਤਾ ਜੀ ਨੇ ਆਪਣੇ ਗ੍ਰਹਿਸਤ ਜੀਵਨ ਵਿਚ ਅਨੇਕ ਖੁਸ਼ੀਆਂ ਗ਼ਮੀਆਂ ਨੂੰ ਵੀ ਵੇਖਿਆ ਪਰ ਉਹ ਹਰਖ ਸੋਗ ਤੋਂ ਨਿਆਰੇ ਰਹਿਣ ਵਾਲੇ, ਸਾਧੂ ਸੁਭਾਉ ਦੇ ਧਾਰਨੀ ਹੋ ਕੇ ਵਿਚਰਦੇ ਸਨ। ਮਹਾਰਾਜ ਨਿਹਾਲ ਸਿੰਘ ਜੀ ਦਾ ਅਨੰਦ ਕਾਰਜ, ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ, ਛੋਟੀਆਂ ਗਲੋਟੀਆਂ ਤੋਂ ਆ ਕੇ ਲਾਹੌਰ ਸ਼ਹਿਰ ਵਿਚ ਰਹਿਣ ਵਾਲੇ ਬਾਬਾ ਧਿਆਨ ਸਿੰਘ ਅਤੇ ਮਾਤਾ ਭਾਗਵੰਤੀ ਦੀ ਸਪੁੱਤਰੀ, ਬੀਬੀ ਸਤਵੰਤ ਕੌਰ ਨਾਲ ਲਾਹੌਰ ਵਿਚ ਅੱਸੂ 1971 ਬਿਕਰਮੀ ਵਿਚ ਹੋਇਆ। ਬਾਬਾ ਜੀ ਸੰਗ ਮਰਮਰ ਦਾ

ਕੰਮ ਕਰਦੇ ਸਨ ਤੇ ਪੱਥਰ ਘਾੜੇ ਕਰਕੇ ਜਾਣੇ ਜਾਂਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦਾ ਅਨੰਦ ਕਾਰਜ ਵੀ ਇਸੇ ਸਾਲ 13 ਪੋਹ ਦਸੰਬਰ 1914 ਈ. ਵਿਚ ਹੋਇਆ। ਇਹ ਅਨੰਦ ਕਾਰਜ ਸ੍ਰ. ਸੁੰਦਰ ਸਿੰਘ ਸੋਹੂ ਅਤੇ ਮਾਤਾ ਰਾਮ ਕੌਰ ਦੀ ਸਪੁੱਤਰੀ (ਮਾਤਾ) ਭੁਪਿੰਦਰ ਕੌਰ ਜੀ ਨਾਲ ਗੁਰੂਸਰ-ਗੱਦਾਂ ਡੋਬ (ਫੀਰੋਜ਼ਪੁਰ) ਵਿਖੇ ਹੋਇਆ ਸੀ। ਮਹਾਰਾਜ ਗੁਰਦਿਆਲ ਸਿੰਘ ਜੀ ਦਾ ਅਨੰਦ ਉਪਰੋਕਤ ਬਾਬਾ ਧਿਆਨ ਸਿੰਘ ਜੀ ਦੀ ਪੁੱਤਰੀ ਬੀਬੀ ਕਰਤਾਰ ਕੌਰ ਨਾਲ ਅੱਸੂ ਦੀ ਪੁੰਨਿਆ, 1978 ਬਿ. ਨੂੰ ਲਾਹੌਰ ਵਿਖੇ ਨੂੰ ਹੋਇਆ। 8 ਮੱਘਰ 1977 ਬਿ. ਨੂੰ ਮਾਤਾ ਭੁਪਿੰਦਰ ਕੌਰ ਨੇ ਉਦਰਸੀਂ ਬਾਬਾ ਜਗਜੀਤ ਸਿੰਘ ਜੀ ਪ੍ਰਗਟੇ ਅਤੇ 2 ਕੱਤਕ 1980 ਬਿ. ਨੂੰ ਬਾਬਾ ਬੀਰ ਸਿੰਘ ਨੂੰ ਜੀ ਦਾ ਜਨਮ ਹੋਇਆ। 29 ਭਾਦਰੋਂ 1981 ਬਿ. ਨੂੰ ਮਾਤਾ ਭੁਪਿੰਦਰ ਕੌਰ ਦੋਹਾਂ ਸਾਹਿਬਜ਼ਾਦਿਆਂ ਨੂੰ ਛੱਡ ਕੇ ਗੁਰਪੁਰੀ ਪਿਆਨਾ ਕਰ ਗਏ। ਮਹਾਰਾਜ ਗੁਰਦਿਆਲ ਸਿੰਘ ਸੀ ਭਰ ਜਵਾਨੀ ਵਿਚ 18 ਭਾਦਰੋਂ 1986 ਬਿ. ਨੂੰ ਅਤੇ ਉਹਨਾਂ ਦੇ ਮਹਿਲ ਬੇਬੇ ਕਰਤਾਰ ਕੌਰ ਜੀ 31 ਭਾਦਰੋਂ ਸੰ. 1989 ਬਿ. ਨੂੰ ਹੁਕਮ ਸੱਤ ਹੋ ਗਏ। ਮਹਾਰਾਜ ਜੀ ਨੇ ਸੰਤਾਨ ਸੁਖ ਨਾ ਮਾਣਿਆ। ਇਹ ਤਿੰਨੇ ਵਿਛੋੜੇ ਮਾਤਾ ਜੀ ਲਈ ਅਕਹਿ ਤੇ ਅਸਹਿ ਸਨ ਪਰ ਉਹਨਾਂ ਗੁਰੂ ਭਾਣੇ ਵਿਚ ਵਿਚਰਦਿਆਂ ਖਿੜੇ ਮੱਥੇ ਇਹਨਾਂ ਨੂੰ ਬਰਦਾਸ਼ਤ ਕੀਤਾ। ਸੰਨ 1928 ਤੋਂ 1940 ਈ. ਤੱਕ ਦੋਹਾਂ ਸਾਹਿਬਜ਼ਾਦਿਆਂ ਅਤੇ ਹੋਰ 60-70 ਨਾਮਧਾਰੇ ਬੱਚੇ ਸ੍ਰੀ ਭੈਣੀ ਸਾਹਿਬ ਵਿਚ ਸਥਾਪਿਤ ਹੋਏ ਵਿਦਿਆਲੇ ਵਿਚ ਲਗਾਤਾਰ 12 ਵਰ੍ਹੇ ਵਿਦਿਆ ਗ੍ਰਹਿਣ ਕਰਦੇ ਰਹੇ। ਮਾਤਾ ਜੀ ਨੇ ਜਿੱਥੇ ਆਪਣੇ ਦੋਹਾਂ ਪੋਤਰਿਆਂ ਨਾਲ ਲਾਡ ਮਲ੍ਹਾਰ ਕੀਤੇ ਉੱਥੇ ਵਿਦਿਆਲੇ ਦੇ ਪੰਜਾਬ ਭਰ ਵਿਚੋਂ ਆਏ ਬਾਕੀ ਸਾਰੇ ਬੱਚਿਆਂ ਨੂੰ ਵੀ ਉਹਨਾਂ ਦਾ ਅਮਿਣਵਾਂ ਪਿਆਰ ਮਿਲਦਾ ਰਿਹਾ। ਮਾਤਾ ਜੀ ਉਹਨਾਂ ਬੱਚਿਆਂ ਦੀ ਸਰੀਰਕ ਸਫਾਈ, ਕੇਸੀਂ ਇਸ਼ਨਾਨ, ਬਸਤਰਾਂ ਦੀ ਸਫਾਈ ਅਤੇ ਹੋਰ ਰੁੱਤ ਰੁੱਤ ਅਨੁਸਾਰ ਖਾਧ ਖੁਰਾਕ ਦਾ ਵਿਸ਼ੇਸ਼ ਪਰਬੰਧ ਕਰਦੇ ਕਰਵਾਉਂਦੇ ਸਨ। ਇਸੇ ਕਾਰਨ ਆਪ ਜੀ ਨੂੰ ਜਗਤ ਮਾਤਾ ਦੀ ਸਤਿਕਾਰਿਤ ਉਪਾਧੀ ਨਾਲ ਯਾਦ ਕੀਤਾ ਜਾਂਦਾ ਹੈ।

ਮਾਤਾ ਜੀ ਦੇ ਦੋਵੇਂ ਛੋਟੇ ਸਪੁੱਤਰ, ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ, ਪੰਜਾਬ ਵਿਚ ਕਾਂਗਰਸ ਦੀ ਅਗੁਆਈ ਵਿਚ ਚੱਲਣ ਵਾਲੇ ਕੌਮੀ ਸੁਤੰਤਰਤਾ ਸੰਗਰਾਮ ਦਾ ਭਾਗ ਬਣਦੇ ਰਹੇ। ਸਤਿਗੁਰੂ ਪਰਤਾਪ ਸਿੰਘ ਜੀ ਨੇ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੇ ਦਰਵਾਜ਼ੇ, ਹਰ ਰੰਗ ਦੇ ਸੁਤੰਤਰਤਾ ਸੰਗਰਾਮੀਆਂ ਲਈ ਸਦਾ ਖੁੱਲ੍ਹੇ ਰੱਖੇ। ਲਾਹੌਰ ਦਾ 1929 ਈ. ਵਾਲਾ ਰਾਣੀ ਦੇ ਕੰਢੇ ਪੂਰਨ ਅਜ਼ਾਦੀ ਦਾ ਮਤਾ ਪਾਸ ਕਰਨ ਲਈ, ਰਾਵੀ ਨਦੀ ਦੇ ਕਿਨਾਰੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਹੋਣ ਵਾਲਾ ਕਾਂਗਰਸ ਦਾ ਇਤਿਹਾਸਕ ਸੰਮੇਲਨ ਆਪਣੀ ਸਫਲਤਾ ਲਈ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਮਾਤਾ ਜੀਵਨ ਕੌਰ ਜੀ ਦਾ ਹਮੇਸ਼ਾ ਕਿਰਤੱਗ ਰਹੇਗਾ। ਪ੍ਰਸਿੱਧ ਪੰਜਾਬੀ ਸਾਹਿਤਕ ਪੱਤਰਕਾਰ ਸ੍ਰ. ਅਵਤਾਰ ਸਿੰਘ ਆਜ਼ਾਦ ਦੇ ਸ਼ਬਦਾਂ ਵਿਚ "ਪ੍ਰਧਾਨ ਕਾਂਗਰਸ ਦੇ ਜਲੂਸ ਨੂੰ ਪੂਰੀ ਤਰ੍ਹਾਂ ਕਾਮਯਾਬ ਕਰਨ ਲਈ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਸਿੰਘਾਂ ਨੇ ਬੜਾ ਵੱਡਾ ਹਿੱਸਾ ਪਾਇਆ। ਸਫੈਦ ਖੱਦਰਧਾਰੀ ਨਾਮਧਾਰੀ ਸਿੰਘਾਂ ਦੀ ਇਹ ਸ਼ਾਨ ਵੇਖਣ ਵਾਲੀ ਸੀ। ਘੋੜੇ ਤੇ ਸਵਾਰ ਸ੍ਰੀ ਨਹਿਰੂ ਦੇ ਨਾਲ ਮਹਾਰਾਜ ਨਿਹਾਲ ਸਿੰਘ ਜੀ ਘੋੜੇ ਤੇ ਸਵਾਰ ਸਨ ਅਤੇ ਉਹਨਾਂ ਦੇ ਪਿੱਛੇ ਦੇਵਤਿਆਂ ਦੇ ਸਰੂਪ ਵਾਲੇ, ਦੇਸ਼ ਭਗਤ ਨਾਮਧਾਰੀ ਸਿੰਘ ਘੋੜਿਆਂ ਤੇ ਸਵਾਰ ਮਾਰਚ ਕਰ ਰਹੇ ਸਨ। ਘੋੜ ਸਵਾਰਾਂ ਦੇ ਪਿੱਛੇ ਸੈਂਕੜੇ ਪੈਦਲ ਨਾਮਧਾਰੀ ਸਿੰਘ, ਸ਼ਬਦ ਪੜ੍ਹਦੇ ਤੇ ਗਗਨ ਭੇਦੀ ਜੈਕਾਰੇ ਗਜਾਉਂਦੇ ਜਲੂਸ ਦੀ ਸ਼ਾਨ ਨੂੰ ਚਾਰ ਚੰਦ ਲਾ ਰਹੇ ਸਨ। ਜੇ ਉਸ ਜਲੂਸ ਵਿਚ ਸਤਿਗੁਰੂ ਜੀ ਨਾਮਧਾਰੀ ਸੰਗਤਾਂ ਨੂੰ ਨਾਂ ਭੇਜਦੇ ਤੇ ਮਾਤਾ ਜੀਵਨ ਕੌਰ ਜੀ ਲੰਗਰ ਦਾ ਇੰਤਜ਼ਾਮ ਨਾ ਕਰਦੇ ਤਾਂ ਉਸ ਸੰਮੇਲਨ ਦੇ ਅਸਫਲ ਰਹਿਣ ਵਿਚ ਕੋਈ ਸ਼ੱਕ ਨਹੀਂ ਸੀ।"16

ਨਾਮਧਾਰੀਆਂ ਰਾਹੀਂ, ਮਾਤਾ ਜੀ ਵਲੋਂ ਨਿਭਾਹੀ ਲੰਗਰ ਦੀ ਇਸ ਵੱਡੀ ਸੇਵਾ ਬਾਰੇ, ਪ੍ਰਸਿੱਧ ਦੇਸ਼ਭਗਤ ਬਾਬਾ ਗੁਰਦਿਤ ਸਿੰਘ ਕਾਮਾਗਾਟਾ ਮਾਰੂ ਦੀ ਟਿੱਪਣੀ, ਗੱਲ ਨੂੰ ਹੋਰ ਸਾਫ ਕਰਨ ਵਾਲੀ ਹੈ-

"ਜਦ ਈਸਵੀਂ ਸੰਨ 1929 ਨੂੰ ਆਲ ਇੰਡੀਆ ਕਾਂਗਰਸ ਦਾ ਸਮਾਗਮ ਲਾਹੌਰ ਹੋਇਆ ਤਾਂ ਮੈਂ ਵੇਖਿਆ ਅਕਾਲੀ ਸਿੱਖਾਂ ਦੇ ਬੇਤਾਜ ਬਾਦਸ਼ਾਹ ਦੇ ਹੁਕਮ ਨਾਲ, ਲਗਭਗ ਪੌਣਾ ਲੱਖ ਅਕਾਲੀ ਜੋ ਪਿੰਡਾਂ ਵਿੱਚੋਂ ਆਏ ਸਨ, ਕਿਲ੍ਹੇ ਦੇ ਆਸ ਪਾਸ ਲੁਕ ਛਿਪ ਕੇ ਦਿਨ ਕੱਟ ਰਹੇ ਸਨ ਕਿਉਂਕਿ ਉਹਨਾਂ ਦੇ ਬਾਦਸ਼ਾਹ ਸ੍ਰੀਮਾਨ ਖੜਕ ਸਿੰਘ ਦਾ ਹੁਕਮ ਸੀ ਕਿ ਜੋ ਕਾਂਗਰਸ ਵਿਚ ਜਾਵੇਗਾ, ਉਹ ਸਿੱਖ ਨਹੀਂ ਰਹੇਗਾ। ਸੋ ਮੈਨੂੰ ਇਹ ਗੱਲ ਬੁਰੀ ਮਹਿਸੂਸ ਹੋਈ... ਅਸਾਂ ਅਕਾਲੀ ਜਥਿਆਂ ਵਿਚ ਹੋਕਾ ਦੇਣਾ ਸ਼ੁਰੂ ਕਰ ਦਿੱਤਾ ਕਿ ਕਾਂਗਰਸ ਵਿਚ ਨਾ ਜਾਊ, ਉਹ ਸਿੱਖ ਨਹੀਂ। ਇਹ ਹੋਕਾ ਸੁਣ ਕੇ ਹਜ਼ਾਰਾਂ ਅਕਾਲੀ ਕਾਂਗਰਸ ਦੇ ਪੰਡਾਲ ਵੱਲ ਤੁਰ ਪਏ। ਸਾਨੂੰ ਫਿਕਰ ਪਿਆ ਕਿ ਇਹਨਾਂ ਦੀ ਖੁਰਾਕ ਦਾ ਕੀ ਪ੍ਰਬੰਧ ਕਰੀਏ? ਜਦ ਨਾਮਧਾਰੀਆਂ ਦਾ ਅਟੁਟ ਲੰਗਰ ਰਾਵੀ ਦੇ ਲਾਗੇ ਕਾਂਗਰਸ ਦੇ ਅਹਾਤੇ ਅੰਦਰ ਦੇਖਿਆ, ਮੈਂ ਕਿਹਾ, ਅਸੀਂ ਰਾਸ਼ਨ ਲੈ ਆਉਂਦੇ ਹਾਂ, ਉਹ ਸਾਡੇ ਕਈ ਹਜ਼ਾਰ ਅਕਾਲੀਆਂ ਲਈ ਰੋਟੀ ਪਕਾ ਦੇਣ ਦੀ ਕ੍ਰਿਪਾਲਤਾ ਕਰਨ। ਉਹਨਾਂ ਕਿਹਾ, ਰਾਸ਼ਨ ਦੀ ਲੋੜ ਨਹੀਂ, ਤੁਸੀਂ ਇਕ ਲੱਖ ਅਕਾਲੀ ਲੈ ਆਓ ਪਰਸ਼ਾਦਾ ਤਿਆਰ ਮਿਲ ਜਾਵੇਗਾ। ਮੈਨੂੰ ਉਹਨਾਂ ਦੀ ਉਦਾਰਤਾ ਅੱਗੇ ਝੁਕਣਾ ਪਿਆ, ਕਿਉਂਕਿ ਜੇਕਰ ਨਾਮਧਾਰੀਆਂ ਦਾ ਸ਼ਾਨਦਾਰ ਕੰਮ ਤੇ ਲੰਗਰ ਨਾਂ ਹੁੰਦਾ ਤਾਂ ਬੇਤਾਜ ਬਾਦਸ਼ਾਹ ਦੇ ਹੁਕਮ ਕਾਰਨ ਉਥੇ ਕਿਸੇ ਸਿੱਖ ਦੀ ਸ਼ਕਲ ਨਹੀਂ ਸੀ ਦਿਸਣੀ ਤੇ ਤਮਾਮ ਹਿੰਦੁਸਤਾਨ ਦੇ ਨੁਮਾਇੰਦੇ ਸਿਖਾਂ ਬਾਰੇ ਇਹੀ ਖਿਆਲ ਲੈ ਕੇ

ਜਾਂਦੇ ਕਿ ਪੰਜਾਬ ਵਿਚ ਸਿੱਖ ਹੈਨ ਹੀ ਨਹੀਂ, ਜੇ ਕੋਈ ਹੈ ਵੀ ਤਾਂ ਉਹ ਰਾਜਨੀਤੀ ਦੇ ਮੈਦਾਨ ਵਿਚ ਸਰਕਾਰ ਤੋਂ ਡਰਦੇ ਨਹੀਂ ਆਏ। ਲੇਕਿਨ ਆੜਗੀਨ ਹੈ ਨਾਮਧਾਰੀ ਸੰਪਰਦਾਏ ਦੇ ਆਗੂ ਸ੍ਰੀਮਾਨ ਬਾਬਾ ਪਰਤਾਪ ਸਿੰਘ ਜੀ ਮਹਾਰਾਜ ਦੀ ਸੁਚੱਜੀ ਅਗਵਾਈ ਦੇ, ਜਿਨ੍ਹਾਂ ਨੇ ਸਿੱਖਾਂ ਉਤੇ ਲੱਗਣ ਵਾਲੇ ਧੱਬੇ ਤੋਂ ਸਾਨੂੰ ਬਚਾ ਲਿਆ ਸੀ।"17

ਮਾਤਾ ਜੀ ਪਾਸ ਨਾਮਧਾਰੀ ਇਤਿਹਾਸ ਦਾ ਅਤੁੱਟ ਭੰਡਾਰ ਸੀ ਇਸ ਲਈ ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਤਰਨ ਸਿੰਘ ਵਹਿਮੀ ਅਤੇ ਹੋਰ ਅਨੇਕ ਲੇਖਕ ਇਸ ਸਬੰਧ ਵਿੱਚ ਆਪ ਦੀ ਯਾਦਦਾਸ਼ਤ ਤੋਂ ਲਾਭਵੰਤ ਹੁੰਦੇ ਰਹੇ। ਮਾਤਾ ਜੀ ਦੇ ਨਾਲ ਕੀਤੀ ਇਕ ਮੁਲਾਕਾਤ ਦੇ ਅਧਾਰ ਤੇ ਅਵਤਾਰ ਸਿੰਘ "ਅਜ਼ਾਦ" ਲਿਖਦੇ ਹਨ- "ਮਾਲੇਰ ਕੋਟਲੇ ਦੀ ਘਟਨਾ ਦਾ ਜ਼ਿਕਰ ਕਰਦਿਆਂ ਹੋਇਆਂ ਸ੍ਰੀ ਮਾਤਾ ਜੀ ਨੇ ਦੱਸਿਆ ਕਿ "ਕੁਕਾਰੇ ਦਾ ਭਾਈ ਹਜ਼ਾਰਾ ਸਿੰਘ ਅਤੇ ਹੰਡਾਏ ਦੀ ਮਾਈ ਮਸਤਾਨੀ ਜਿਸਦਾ ਨਾਮ ਇੰਦ ਕੌਰ ਸੀ, ਉਹਨਾਂ ਨੇ ਸ਼ਹੀਦਾਂ ਦਾ ਸ਼ਹੀਦੀ ਸਾਕਾ ਆਪਣੀ ਅਖੀਂ ਵੇਖਿਆ ਸੀ। ਉਹਨਾਂ ਦੀ ਜ਼ਬਾਨੀ ਮਾਲੂਮ ਹੋਇਆ ਹੈ ਕਿ ਜਦੋਂ ਨਾਮਧਾਰੀ ਸ਼ਹੀਦਾਂ ਨੂੰ ਤੋਪਾਂ ਦੇ ਸਨਮੁਖ ਜੂਝਣ ਦਾ ਹੁਕਮ ਹੋਇਆ, ਤਾਂ ਸਭ ਨੂੰ ਸ਼ਹੀਦੀਆਂ ਦਾ ਚਾਅ ਚੜ੍ਹ ਗਿਆ। ਉਹ ਇਕ ਦੂਜੇ ਤੋਂ ਕਾਹਲੇ ਹੋ ਕੇ ਤੋਪਾਂ ਦੇ ਸਾਹਮਣੇ ਆਉਂਦੇ ਸਨ ਤੇ ਕਿਸੇ ਦੇ ਮਨ ਵਿਚ ਰਤੀ ਜਿੰਨ੍ਹਾਂ ਵੀ ਖੌਫ ਨਹੀਂ ਸੀ। ਸ਼ਹੀਦਾਂ ਨੂੰ ਤੋਪਾਂ ਨਾਲ ਜਕੜਿਆਂ ਨਹੀਂ ਸੀ ਗਿਆ, ਬਲਕਿ ਉਹ ਤਾਂ ਹੱਸਦੇ ਹੱਸਦੇ ਤੋਪਾਂ ਦੇ ਸਾਹਮਣੇ ਖਲੋ ਜਾਂਦੇ ਸਨ। ਮਾਈਆਂ ਜੋ ਸ਼ਹੀਦਾਂ ਦੇ ਨਾਲ ਸਨ, ਉਹਨਾਂ ਨੇ ਵੀ ਸ਼ਹੀਦ ਹੋਣ ਲਈ ਕਿਹਾ ਸੀ, ਪਰ ਗੋਰੇ ਨੇ ਉਹਨਾਂ ਨੂੰ ਛੱਡ ਦਿੱਤਾ। ਤੋਪਾਂ ਚਲਾਉਣ ਵਾਲੇ ਸਿਪਾਹੀ ਰਿਆਸਤ ਪਟਿਆਲਾ ਦੇ ਸਨ।" ਮਾਤਾ ਜੀ ਦਾ ਕਥਨ ਹੈ ਕਿ- "ਜਿਤਨੇ ਸਿਪਾਹੀਆਂ ਨੇ ਤੋਪਾਂ ਚਲਾਈਆਂ, ਉਹਨਾਂ ਵਿਚੋਂ ਕੁਝ ਐਸੇ ਸਨ, ਜੋ ਮੈਨੂੰ ਪਟਿਆਲੇ ਮਿਲੇ। ਉਹ ਆਪਣੀ ਜ਼ਬਾਨੀ ਕਹਿੰਦੇ ਸਨ ਕਿ ਅਸੀਂ ਉਹ ਪਾਪੀ ਹਾਂ, ਜਿਨ੍ਹਾਂ ਨੇ ਜ਼ਾਲਮ ਪੇਟ ਦੀ ਖਾਤਰ, ਨਿਰਦੋਸ਼, ਭਜਨ ਮੂਰਤ, ਮਾਸੂਮ ਅਤੇ ਧਰਮੀ ਸੰਤਾਂ ਨੂੰ ਤੋਪਾਂ ਨਾਲ ਉਡਾਇਆ। ਹਾਇ! ਸਾਡਾ ਕਿਸ ਜੁਗ ਭਲਾ ਹੋਵੇਗਾ?"18

ਮਾਤਾ ਜੀ ਸਤਿਗੁਰੂ ਜੀ ਵੱਲੋਂ ਛੰਨੇ ਗਏ ਸਿੱਖਾਂ ਦੀ ਬਖ਼ਸ਼ਬੰਦੀ ਲਈ ਵੀ ਹਮੇਸ਼ਾ ਤਤਪਰ ਰਹਿੰਦੇ। ਫਰੀਦ ਜੀ ਦਾ ਇਹ ਸ਼ਲੋਕ ਉਹਨਾਂ ਤੇ ਅੱਖਰ ਅੱਖਰ ਢੁੱਕਦਾ ਸੀ-

ਫਰੀਦਾ ਬੁਰੇ ਦਾ ਭਲਾ ਕਰ ਗੁਸਾ ਮਨ ਨ ਹਢਾਇ॥
ਦੇਹੀ ਰੋਗ ਨ ਲਗਈ ਪਲੈ ਸਭੁ ਕਿਛੁ ਪਾਇ॥

-ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ (ਪੰਨਾ 1381)

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਮਾਤਾ ਜੀ ਦਾ ਇਕ ਬਚਨ ਮਿਲਦਾ ਹੈ ਨਰਾਇਣ ਸਿੰਘ ਰੋਡਿਆਂ ਵਾਲੇ ਦੀ ਮਾਰਫਤ ਜੋ ਜਨਵਰੀ 1881 ਈ. ਵਿਚ, ਮਰਗੋਈ ਵਿਖੇ ਸਤਿਗੁਰੂ ਰਾਮ ਸਿੰਘ ਜੀ ਦੇ ਪੰਜਾਬ ਵਿੱਚੋਂ ਮੀਹਾਂ ਸਿੰਘ ਸਰਹਾਲੀ ਨਾਲ ਜਾ ਕੇ ਦਰਸ਼ਨ ਕਰਨ ਵਾਲੇ ਆਖਰੀ ਕੂਕੇ ਸਿੰਘ ਸਨ-

ਇਕ ਵੇਰ ਗੁਰਦੁਵਾਰੇ ਭੈਣੀ ਸਾਹਿਬ, ਸੁਖਈ ਸਿੰਘ ਸਨ- ਸਾਡੇ ਰਹਿੰਦੇ-ਇੱਕ ਦੋ, ਮਾਤਾ ਜੀ ਨੂੰ ਉਹਨਾਂ ਕੁਛ ਬਚਨ ਬਿਲਾਸ ਵੱਧ-ਘੱਟ ਕਹੇ। ਇਕ ਬਾਬਾ ਨਰੈਣ ਸਿੰਘ ਜੀ ਉਥੇ ਸਨ, ਜਿਨ੍ਹਾਂ ਨੇ ਸਤਿਗੁਰਾਂ ਦਾ ਦਰਸ਼ਨ ਆ ਕੇ ਕੀਤਾ ਜਿਸ ਤੋਂ ਬਾਅਦ ਫੇਰ ਸਿੰਘਾਂ ਨੂੰ ਇੱਥੇ ਦਰਸ਼ਨ ਨਹੀਂ ਹੋਇਆ। ਉਹ ਮਾਤਾ ਜੀ ਨਾਲ ਆਪਣੇ ਕੁਝ ਹੱਡ ਚੰਮ ਦੇ ਹਿਸਾਬ ਨਾਲ-ਉਹ ਗਿੱਲ ਸਨ, ਮਾਤਾ ਜੀ ਦੇ ਨਾਨਕੇ ਗਿੱਲ ਸਨ, ਉਹ ਇਸ ਗੱਲ ਦਾ ਕੁਛ ਪਿਆਰ ਵੀ ਕਰਦੇ ਸੀ। ਉਹਨਾਂ ਨੇ ਗੁਰੂ ਹਰੀ ਸਿੰਘ ਜੀ ਨੂੰ ਜਾ ਕੇ ਆਖਿਆ ਕਿ ਮਹਾਰਾਜ, ਉਨ੍ਹਾਂ ਸੁਖੱਈਆਂ ਨੇ ਮਾਈ ਜੀ ਨੂੰ ਗਾਲ੍ਹਾਂ ਕੱਢੀਆਂ ਹਨ। ਉਹਨਾਂ ਸਿੱਖਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ।

ਮਹਾਰਾਜ ਮਾਈ ਜੀ ਨੂੰ ਸੱਦ ਕੇ ਕਹਿੰਦੇ ਹਨ, "ਜਿਊਣ ਕੌਰੇ, ਉਨ੍ਹਾਂ ਨੂੰ ਰਸਦ ਨਹੀਂ ਦੇਣੀ ਸੁਖਈਆਂ ਨੂੰ।"

ਕਹਿਣ ਲੱਗੇ, "ਕੀ ਗੱਲ ਜੀ!"

ਅਖੇ, "ਆਹ ਗੱਲ।"

"ਨਹੀਂ ਮਹਾਰਾਜ, ਇਨ੍ਹਾਂ ਨੂੰ ਪਤਾ ਨਹੀਂ-ਨਰੈਣ ਸਿੰਘ ਹੁਰਾਂ ਨੂੰ ਲੱਗਿਆ, ਉਹ ਤਾਂ ਹੋਰ ਆਦਮੀ ਆਏ ਸਨ, ਜਿਹੜੇ ਉੱਥੋਂ ਦੀ ਲੰਘਦੇ ਸੀ, ਉਹਨਾਂ ਨੂੰ ਗਾਲ੍ਹਾਂ ਕੱਢਦੇ ਸੀ।"

"ਬੁਰੇ ਨਾਲ ਜੋ ਨੇਕੀ ਕਰਨੀ ਇਹ ਗੁਰੂ ਨਾਨਕ ਜਾਣੇ"-ਇਹ ਚੀਜ਼ ਬੜੀ ਵੱਡੀ ਹੈ ਪਰ ਜਿਹਦੇ ਉਤੇ ਕਿਰਪਾ ਕਰ ਦੇਵੇ ਤਾਂ ਹੋ ਸਕਦੀ ਹੈ, ਹਰ ਇਕ ਆਦਮੀ ਨਹੀਂ ਕਰ ਸਕਦਾ।19

ਸਤਿਗੁਰੂ ਰਾਮ ਸਿੰਘ ਜੀ ਦੇ ਇਕ ਹੁਕਮਨਾਮੇ ਵਿਚ ਦੁੰਦ ਜਾਂ ਭਾਣੇ ਦਾ ਸਮਾਂ ਰਵਾਲਸਰ ਪਹਾੜਾਂ ਵਿਚ ਜਾਂ ਸੁਹਾਵਾ ਸਾਹਿਬ (ਰਿਆਸਤ ਬੀਕਾਨੇਰ) ਵਿਚ ਕੱਟ ਲੈਣ ਦੀ ਆਪਣੇ ਸਿੱਖਾਂ ਨੂੰ ਹਦਾਇਤ ਕੀਤੀ ਗਈ ਸੀ। ਭਾਣੇ ਦਾ ਨਾਮਧਾਰੀ ਮਨਾਉਤ ਅਨੁਸਾਰ ਸੰਕਲਪ ਕੁਝ ਇਸ ਤਰ੍ਹਾਂ ਸੀ- ਕਿ "ਇਕ ਭਾਣਾ ਵਰਤਣਾ ਹੈ, ਰੂਸ ਨੇ ਆਉਣਾ ਏ, ਓਦੋਂ ਹੀ ਸਤਿਗੁਰੂ ਰਾਮ ਸਿੰਘ ਨੇ ਪਰਦੇਸਾਂ ਤੋਂ ਮੁੜਨਾ ਏ, ਉਸ ਭਾਣੇ ਵਿਚ ਮਾਵਾਂ ਨੇ ਪੁੱਤ ਨਹੀਂ ਸੰਭਾਲਣੇ, ਬੜੀ ਤਬਾਹੀ ਮਚਣੀ ਏ ਤੇ ਉਸ ਭਾਣੇ ਤੋਂ ਓਹੋ ਬਚੇਗਾ ਜਿਹੜਾ ਰਵਾਲਸਰ (ਜਾਂ ਸੁਹੇਵਾ ਸਾਹਿਬ) ਚਲਾ ਜਾਵੇਗਾ। ਬੜਾ ਭਾਰੀ ਯੁੱਧ ਹੋਵੇਗਾ...20 ਸਤਿਗੁਰੂ ਪਰਤਾਪ ਸਿੰਘ ਜੀ ਇਸ ਸਮੇਂ ਰਵਾਲਸਰ ਪਹਾੜਾਂ ਵੱਲ ਜਾਣ ਦਾ ਇਰਾਦਾ ਰੱਖਦੇ ਸਨ ਪਰ ਮਾਤਾ ਜਿਊਣ ਕੌਰ ਜੀ ਦੀ ਇੱਛਾ ਇਹ ਸਮਾਂ ਸੁਹੇਵਾ ਸਾਹਿਬ ਵੱਲ ਕੱਟਣੀ ਦੀ ਸੀ। ਸੁਹੇਵਾ ਸਾਹਿਬ ਮਾਤਾ ਜੀ ਦੇ ਪੇਕਿਆਂ ਦੀ ਤਦੋਂਕੀ ਸਿਰਸਾ ਤਹਿਸੀਲ ਤੋਂ ਜ਼ਿਆਦਾ ਦੂਰ ਨਹੀਂ ਸੀ। ਇਸ ਲਈ 1939 ਵਿਚ

ਜਦੋਂ ਦੂਜੀ ਸੰਸਾਰ ਜੰਗ ਛਿੜ ਪਈ ਤਾਂ ਰਾਮ ਵਿਓਗੀ ਨਾਮਧਾਰੀ ਸੰਗਤਾਂ ਨੂੰ, ਫਿਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਭਾਣੇ ਬਾਰੇ ਕੀਤੇ ਭਵਿਖ ਬਚਨ ਯਾਦ ਆਉਣ ਲੱਗੇ। ਮਾਤਾ ਜੀ ਨੇ ਇਸ ਸਮੇਂ ਸਤਿਗੁਰੂ ਜੀ ਪਾਸੋਂ ਸੁਹੇਵਾ ਸਾਹਿਬ ਦੇ ਸਮੀਪ ਵਰਤੀ ਸ਼ਹਿਰ ਨੌਹਰ ਵਿਖੇ ਕੁਝ ਸੰਗਤ ਸਮੇਤ ਰਹਿਣ ਲਈ ਪਰਵਾਨਗੀ ਲਈ।

ਮਾਤਾ ਜੀਵਨ ਕੌਰ ਜੀ 1940 ਈ. ਵਿਚ ਟਿੱਬੀ ਜੌੜਕੀਆਂ, 58 ਆਰ. ਬੀ., ਗੰਗਾ ਨਗਰ ਆਦਿ ਪਿੰਡਾਂ ਸ਼ਹਿਰਾਂ ਵਿਚ, ਸਿੱਖਾਂ ਨਾਲ ਦਰਸ਼ਨ ਮੇਲਾ ਕਰਕੇ, ਨੌਹਰ ਵਿਖੇ ਇਕ ਕਿਰਾਏ ਦੇ ਮਕਾਨ ਵਿਖੇ ਡੇਰਾ ਜਾ ਲਾਇਆ ਸੀ। ਉਸ ਸਮੇਂ ਦਾ ਇਕ ਪਰਸੰਗ "ਜੱਸ-ਜੀਵਨ" ਵਿਚ ਸੰਤ ਤਰਨ ਸਿੰਘ ਵਹਿਮੀ ਲਿਖਦੇ ਹਨ- "ਮਾਤਾ ਜੀ ਏਕ ਸਮੇਂ ਨੌਹਰੋਂ ਭੈਣੀ ਸਾਹਿਬ ਨੂੰ ਜਾਂਦੇ ਹਨੂਮਾਨਗੜ੍ਹ ਸਟੇਸ਼ਨ ਤੇ ਉਤਰੇ ਸੀ ਕਿਉਂਕਿ ਗੱਡੀ ਬਦਲਨੀ ਸੀ। ਸਿੱਖਾਂ ਸਟੇਸ਼ਨ ਮਾਸਟਰ ਜੀ ਨੂੰ ਜਾ ਕਿਹਾ, ਸਾਡੇ ਮਾਤਾ ਜੀ ਆਏ ਹਨ। ਉਸ ਨੇ ਆ ਚਰਨਾਂ ਤੇ ਨਮਸਕਾਰ ਕੀਤੀ ਤੇ ਅਰਜ਼ ਕੀਤੀ, ਮਾਤਾ ਜੀ ਆਪ ਦਾ ਧਰਮ ਕੀ ਹੈ? ਮਾਤਾ ਜੀ ਉਤਰ ਦਿੱਤਾ, 'ਬੀਰਾ! ਦਰ ਆਏ ਦਾ ਆਦਰ ਤੇ ਸੇਵਾ ਤੇ ਰਾਮ ਦਾ ਨਾਮ ਜਪਣਾ। ਮਾਲਾ ਤੇ ਸੇਵਾ ਸਾਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਇਹ ਪਕੀ ਕੀਤੀ ਹੈ ਤੇ ਇਹੋ ਸਾਡਾ ਧਰਮ ਹੈ।"21

ਇਸ ਸਮੇਂ ਟਿੱਬੀ ਸ੍ਰ. ਤਾਰਾ ਸਿੰਘ ਦੀ ਢਾਣੀ ਵਿਚ ਸੰਤ ਆਲਾ ਸਿੰਘ ਵਰਨ ਜੀ ਨੇ ਆਪਣੇ ਸੰਗੀਆਂ ਸਮੇਤ ਡੇਰਾ ਲਾਇਆ ਸੀ। ਮਾਤਾ ਜੀ ਦੇ ਨੌਹਰ ਰਹਿਣ ਕਾਰਨ ਹੋਰ ਬਹੁਤ ਸਾਰੇ ਸਿੰਘ ਵੀ ਨੌਹਰ ਆ ਵੱਸੇ ਸਨ। ਇਹਨਾਂ ਵਿਚੋਂ ਕੁਝ ਕੁ ਨਾਮ ਸਨ- ਸੂਬਾ ਮਸਤਾਨ ਸਿੰਘ ਰਾਇਸਰ, ਸਾਧੂ ਸਿੰਘ ਛੰਨਾ, ਲਾਲ ਸਿੰਘ, ਇੰਦਰ ਸਿੰਘ ਰੋਡੇ, ਦੇਵਾ ਸਿੰਘ, ਸੰਤਾ ਸਿੰਘ, ਕੇਹਰ ਸਿੰਘ ਬਾਜਾਖਾਨਾ, ਹਰੀ ਸਿੰਘ ਦੂਹੇ ਵਾਲਾ, ਅਰਜਨ ਸਿੰਘ ਗੱਜਣ ਸਿੰਘ ਥੇਪਾ ਰਾਇ, ਠਾਕੁਰ ਸਿੰਘ ਲੋਹਟਬੱਦੀ, ਹਰੀ ਸਿੰਘ ਰਵਿਦਾਸੀਆ ਕਾਲੇ ਵਾਲੇ, ਅਰੂੜ ਸਿੰਘ ਭਦੌੜ, ਹਰਨਾਮ ਸਿੰਘ ਟੋਹੀ, ਸੋਹਣ ਸਿੰਘ ਹੀਰਾ ਸਿੰਘ ਦੇ ਕੋਟ ਦਾ, ਸਰਦਾਰਾ ਸਿੰਘ ਪੱਸੀਆਂ ਵਾਲਾ, ਕਰਮ ਸਿੰਘ, ਡੱਟਰਕੇ ਆਦਿਕ। ਦੀਵਾਨ, ਕਥਾ, ਨਾਮ ਸਿਮਰਨ ਸੰਗਤ ਮਿਲ ਕੇ ਕਰਦੀ ਸੀ ਤੇ ਲੰਗਰ ਮਾਤਾ ਜੀ ਵਲੋਂ ਚੱਲਦਾ ਸੀ।22

ਮਾਤਾ ਜੀ ਦੇ ਪਾਸ ਉਹਨਾਂ ਦੇ ਭਾਈ ਚੂਹੜ ਸਿੰਘ ਦਾ ਇਕਲੌਤਾ ਪੁੱਤਰ ਦਿਆਲ ਸਿੰਘ ਵੀ ਨੌਹਰ ਹੀ ਰਹਿੰਦਾ ਰਿਹਾ। ਇਹ ਆਪਣੇ ਇਲਾਕੇ ਦਾ ਚੰਗਾ ਤੁਰਨੇ ਸਿਰ ਮਾਣਿਆ ਸਤਿਕਾਰਿਆ ਸਿੰਘ ਸੀ। ਹਿਸਾਰ ਡਿਸਟਰਿਕਟ ਬੋਰਡ ਦਾ ਮੈਂਬਰ ਵੀ ਸੀ। ਇਹ ਅਸੁਅਸਥ ਹੋ ਕੇ ਨੌਹਰ ਵਿਖੇ ਹੀ ਚੱਲ ਵਸਿਆ ਸੀ। ਉਹਨਾਂ ਨਮਿੱਤ ਸਾਉਣ ਚੜ੍ਹੇ 1942 ਈ. ਵਿਚ ਬਰਾਜ ਪਿੰਡ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਹੀ ਭੋਗ ਪਿਆ ਸੀ।

ਅਗਲੇ ਵਰ੍ਹੇ 1943 ਈ. ਵਿਚ ਮਾਘ ਚੜ੍ਹੇ ਮਾਤਾ ਜੀ ਨੇ ਨੌਹਰ ਤੋਂ ਸੁਹਾਵਾ ਸਾਹਿਬ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਪੰਜ ਅਖੰਡ ਪਾਠ ਕਰਵਾਏ ਜਿਹਨਾਂ ਦਾ ਭੋਗ 6 ਮਾਘ ਨੂੰ ਪਿਆ। ਨੌਹਰ ਪੜਾਅ ਸਮੇਂ ਆਸ ਪਾਸ ਦੇ ਅਨੇਕ ਲੋੜਵੰਦ ਮਾਤਾ ਜੀ ਪਾਸ ਆ ਕੇ ਉਦਰ ਪੂਰਤੀ ਕਰਦੇ। ਇਹਨਾਂ ਅਖੰਡ ਪਾਠਾਂ ਤੋਂ ਬਾਅਦ ਮਾਤਾ ਜੀ ਦਾ ਸਰੀਰ ਢਿੱਲਾ ਰਹਿਣ ਲੱਗ ਪਿਆ। ਸਤਿਗੁਰੂ ਜੀ ਉਹਨਾਂ ਨੂੰ ਨੌਹਰੋਂ ਸ੍ਰੀ ਭੈਣੀ ਸਾਹਿਬ ਲੈ ਆਏ। ਸਾਧ ਸੰਗਤ ਮਾਤਾ ਜੀ ਨਮਿੱਤ ਭਜਨ ਬੰਦਗੀ ਕਰਦੀ ਰਹੀ। 30 ਫੱਗਣ 1999 ਬਿ. (1943 ਈ.) ਦਾ ਸਾਰਾ ਦਿਨ ਸਤਿਗੁਰੂ ਜੀ ਮਾਤਾ ਜੀ ਪਾਸ ਹੀ ਰਹੇ ਅਤੇ ਰਾਤ ਦੇ ਨੌਂ ਵਜੇ ਮਾਤਾ ਜੀ ਦਾ ਸਰੀਰ ਸ਼ਾਂਤ ਹੋ ਗਿਆ। ਅਗਲੇ ਦਿਨ ਬਾਬਾ ਜਗਜੀਤ ਸਿੰਘ ਜੀ, ਬਾਬਾ ਬੀਰ ਸਿੰਘ ਜੀ ਅਤੇ ਮਹਾਰਾਜ ਨਿਹਾਲ ਸਿੰਘ ਜੀ ਦੇ ਸਪੁੱਤਰਾਂ ਸ਼ਮਸ਼ੇਰ ਸਿੰਘ ਜੀ ਤੇ ਬਸ਼ੇਸ਼ਰ ਸਿੰਘ ਜੀ, ਮਾਤਾ ਜੀ ਦੇ ਚਹੁੰਆਂ ਪੋਤਰਿਆਂ ਨੇ ਆਪ ਦਾ ਬਬਾਨ ਚੁੱਕਿਆ। ਸਸਕਾਰ ਤੇ ਸਤਿਗੁਰੂ ਪਰਤਾਪ ਸਿੰਘ ਜੀ ਸ਼ਬਦ ਪੜ੍ਹਦੇ ਗਏ-

ਏਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲ॥

ਇਸ ਵਰ੍ਹੇ ਦਾ ਹੋਲਾ ਮਹੱਲਾ ਸ੍ਰੀ ਭੈਣੀ ਸਾਹਿਬ ਹੀ ਸੀ। ਮਾਤਾ ਜੀ ਦੇ ਅਕਾਲ ਚਲਾਣੇ ਦੇ 225 ਪਾਠਾਂ ਦੇ ਭੋਗ, 11 ਚੇਤ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪਏ। ਅਗਲੇ ਦਿਨ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਮਾਤਾ ਜੀ ਦੀ ਯਾਦ ਵਿਚ ਕੁਝ ਵਖਿਆਨ ਵੀ ਹੋਏ।23

ਮਾਤਾ ਜੀ ਦਾ ਅਤਿਥੀ ਸਤਕਾਰ ਮਿਸਾਲੀ ਸੀ। ਡੇਰਾ ਭੈਣੀ ਸਾਹਿਬ ਵਿਚ ਆਉਣ ਵਾਲਾ ਸਧਾਰਨ ਕਿਰਤੀ ਹੋਵੇ, ਸਰਕਾਰ ਦੀਆਂ ਲਿਖਤਾਂ ਵਿਚ ਮਫਰੂਰ ਕੋਈ ਜੁੱਗ ਗਰਦ ਹੋਵੇ ਜਾਂ ਫਰਵਰੀ 1939 ਈ. ਵਿਚ ਇੱਥੇ ਆਉਣ ਵਾਲਾ ਭਾਰਤ ਦਾ ਕੌਮੀ ਆਗੂ, ਪੰਡਿਤ ਜਵਾਹਰ ਲਾਲ ਨਹਿਰੂ, ਮਾਤਾ ਜੀ ਗੁਰੂ ਕੇ ਲੰਗਰ ਨੂੰ ਸਦਾ ਇਕ ਰਸ ਵਰਤਾਉਂਦੇ। ਪੰਡਿਤ ਜਵਾਹਰ ਲਾਲ ਨਹਿਰੂ ਨੇ ਜਦੋਂ ਮਾਤਾ ਜੀ ਦੀ ਜ਼ੁਬਾਨੀ, ਨਾਮਧਾਰੀ ਸਿੰਘਾਂ ਦੀਆਂ ਸ਼ਹੀਦੀਆਂ, ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ ਗਮਨ ਸਾਕਾ ਅਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਪੁਲੀਸ ਚੌਕੀ ਦੀਆਂ ਸਖਤੀਆਂ ਬਾਰੇ ਹਿਰਦੇ ਵੇਧਕ ਘਟਨਾਵਾਂ ਦੇ ਬਿਆਨ ਸੁਣੇ ਤਾਂ ਉਹਨਾਂ ਦੀਆਂ ਅੱਖਾਂ ਨਮ ਹੋ ਗਈਆਂ। ਭੈਣੀ ਸਾਹਿਬ ਦੇ ਆਲੇ ਦੁਆਲੇ ਦੇ ਪਿੰਡਾਂ ਦੇ ਬਹੁਤ ਸਾਰੇ ਲੋੜਵੰਦ ਉਹਨਾਂ ਤੋਂ ਗਰਜ਼ਾਂ ਸਾਰਦੇ ਸਨ। ਤਦੋਂਕੇ ਸੰਪਾਦਿਕ ਸਤਿਜੁਗ ਸੰਤ ਮੰਗਲ ਸਿੰਘ 'ਲਾਇਲਪੁਰੀ' ਇਕ ਲੇਖ ਵਿਚ ਲਿਖਦੇ ਹਨ, "ਲੋੜਵੰਦਾਂ ਲਈ ਤਾਂ ਉਹ ਸ਼ਾਖਸਾਤ ਅਕਾਲਪੁਰਖ ਸਨ। ਭੈਣੀ ਸਾਹਿਬ ਦੇ ਵੀਹਾਂ ਵੀਹਾਂ ਕੋਹਾਂ ਤਕ ਗਰੀਬ ਗੁਰਬੇ ਨੂੰ ਕਦੀ ਫਿਕਰ ਨਹੀਂ ਸੀ ਹੋਇਆ ਕਿ ਜਦੋਂ ਉਹਨਾਂ ਦੇ ਦਾਣੇ ਮੁੱਕ ਜਾਣਗੇ ਉਹ ਕਿੱਥੋਂ ਲਿਆਉਣਗੇ। ਫੱਗਣ ਚੇਤ ਵਿਚ ਪੰਡਾਂ ਦੀਆਂ ਪੰਡਾਂ ਲੋਕੀਂ ਮਾਤਾ ਜੀ ਪਾਸੋਂ ਲਈ ਜਾਂਦੇ ਸਨ। ਵਹੀਰਾਂ ਦੀਆਂ

ਵਹੀਰਾਂ ਗਰੀਬ ਗੁਰਬਾ ਪ੍ਰਸ਼ਾਦ ਪਾਣੀ ਛਕੀ ਜਾਂਦੇ ਸਨ ਤੇ ਨਾਲੇ ਦਾਣੇ ਲਈ ਜਾਂਦੇ ਸਨ। ਜਦੋਂ ਜੇਠ ਹਾੜ ਵਿਚ ਲੋਕੀਂ ਦਾਣੇ ਵਾਪਸ ਦੇਣ ਆਉਣ ਮਾਤਾ ਜੀ ਕਦੀ ਇਕ ਦਾਣਾ ਵੀ ਵਾਧੂ ਨਾ ਲੈਂਦੇ ਸਗੋਂ ਚੰਗਾ ਰਜਾ ਪੁਜਾ ਕੇ ਉਹਨਾਂ ਨੂੰ ਵਿਦਿਆ ਕਰਦੇ। ਲੋਕੀਂ ਹੈਰਾਨ ਸਨ ਕਿ ਦੁਨੀਆਂ ਵਾਲੇ ਸ਼ਾਹ ਤਾਂ ਇਕ ਵਾਰ ਥੱਲੇ ਫਸੇ ਨੂੰ ਉਮਰ ਭਰ ਨਿਕਲਣ ਨਹੀਂ ਦਿੰਦੇ, ਇਹ ਤਾਂ ਅਨੋਖੇ ਸ਼ਾਹ ਹਨ, ਨਾਲੇ ਆਇਆਂ ਦੀ ਸੇਵਾ ਵੀ ਕਰਦੇ ਹਨ ਨਾਲੇ ਸਾਡੇ ਬਾਲ ਬੱਚੇ ਦਾ ਪੇਟ ਪਾਲਦੇ ਹਨ। ਮਾਤਾ ਜੀ ਦੇ ਸੁਰਗਵਾਸ ਹੋਣ ਤੇ ਜਿੰਨਾਂ ਇਹ ਲੋਕ ਰੋਏ ਸਨ, ਉਹਨਾਂ ਸ਼ਾਇਦ ਕੂਕਿਆਂ ਨੂੰ ਵੀ ਮਹਿਸੂਸ ਨਾ ਹੋਇਆ ਹੋਵੇ।"24

ਮਾਤਾ ਜੀ ਸੁਆਲੀਆਂ ਲਈ ਤਾਂ ਰਾਜੇ ਕਰਨ ਤੋਂ ਵੀ ਵੱਧ ਉਦਾਰ ਸਨ। ਸਵਾਲ ਕਰਨ ਵਾਲੇ ਨੂੰ ਹਮੇਸ਼ਾ ਉਸ ਦੀ ਲੋੜ ਤੋਂ ਸੁਆਇਆ ਡੂਢਾ ਦੇਓ। ਜੇ ਕਿਸੇ ਇਕ ਕੰਬਲ ਮੰਗਣਾ ਤਾਂ ਦੋ ਦੇਣੇ। ਜੇ ਕਿਸੇ ਗੜਵਾ ਮੰਗਣਾ ਤਾਂ ਉਹਨੂੰ ਗੜਵਾ ਦੇ ਕੇ ਕਹਿਣਾ ਪਊਏ ਵੀ ਲੈਂਦਾ ਜਾ। ਆਪ ਨੇ ਬਿਨਾਂ ਤੱਕੜੀ ਤੋਂ ਪਦਾਰਥ ਅਮਿਣਵਾਂ ਵੰਡਣਾ। ਮਾਤ੍ਰਾ ਜੀ ਕਿਹਾ ਕਰਦੇ ਸਨ ਕਿ ਇਹ ਬਰਕਤ ਗੁਰੂ ਹਰੀ ਸਿੰਘ ਜੀ ਦੀ ਬਖਸ਼ੀ ਹੋਈ ਸੀ। ਉਹਨਾਂ ਕਹਿਣਾ- "ਜਿਊਣ ਕੌਰੇ ਹੱਥ ਤੇਰਾ ਤੇ ਖੀਸਾ ਮੇਰਾ" ਜਿਤਨਾ ਰੱਜ ਕੇ ਵੰਡੇਗੀ ਉਤਨਾ ਹੀ ਪਦਾਰਥ ਆਈ ਜਾਏਗਾ।

ਮਾਤਾ ਜੀ ਪਾਸੋਂ ਸੁਣੇ ਬਚਨਾਂ, ਸਾਖੀਆਂ ਅਤੇ ਸ਼ੁਭ ਸਿਖਿਆਵਾਂ ਦੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਵਾਰ ਵਾਰ ਚਰਚਾ ਹੁੰਦੀ ਹੈ। ਇਹਨਾਂ ਵਿਚ ਮਾਤਾ ਜੀ ਦੇ ਕਮਾਏ ਹੋਏ ਜੀਵਨ ਦਾ ਸਾਰ ਬੋਲਦਾ ਸੀ। ਇਹਨਾਂ ਤੇ ਅਮਲ ਕਰਕੇ ਸਫਲ ਮਨੁੱਖਾ ਜੀਵਨ ਬਿਤਾਇਆ ਜਾ ਸਕਦਾ ਸੀ। ਸਤਿਗੁਰੂ ਜੀ ਦੇ ਉਪਦੇਸ਼ ਵਿਚ ਦਰਜ ਹੈ-

"ਅਰਦਾਸ ਕਰੋ। ਮਾਤਾ (ਜਿਊਣ ਕੌਰ) ਜੀ ਇਕ ਸਾਖੀ ਸੁਣਾਉਂਦੇ। ਇਕ ਰਾਜੇ ਨੇ ਇਹ ਪ੍ਰਣ ਧਾਰ ਲਿਆ ਕਿ ਕੋਈ ਚੀਜ਼ ਉਹ ਦੇ ਸ਼ਹਿਰ 'ਚ ਜਿਹੜੀ ਵਿਕਣੀ ਆਵੇ, ਜਦੋਂ ਕੋਈ ਨਾਂ ਖਰੀਦੇ ਤਾਂ ਰਾਜਾ ਮਗਰੋਂ ਉਹਦੇ ਪੈਸੇ ਓਨੇ ਦੇ ਦੇਵੇ ਜਿੰਨੇ ਦੀ ਉਹ ਹੋਵੇ ਤੇ ਉਸਨੂੰ ਉਹ ਲੈ ਲਵੇ। ਕਰਦਿਆਂ ਕਰਦਿਆਂ ਇਕ ਦਿਨ ਹੋਣੀ ਕਹੋ- ਭਾਵੀ, ਵਿਕਣੀ ਆ ਗਈ। ਇਕ ਖੇਡ ਬਣਨਾ ਸੀ। ਭਾਈ ਹਰਨਾਮ ਸਿੰਘ ਜੀ ਇਕ ਚਾਰ ਸ਼ਬਦਾਂ ਦੀ ਜੋੜ ਕੇ ਗੱਲ ਸੁਣਾਉਂਦੇ ਸੀ-

ਮਾਇਆ ਕਹੇ ਮੈਂ ਸਭ ਤੋਂ ਵੱਡੀ,
ਮੈਨੂੰ ਖਲਕਤ ਸਿਜਦਾ ਕਰਦੀ।
ਸੁਰਤ ਕਹੇ ਮੈਂ ਸਭ ਤੋਂ ਵੱਡੀ,
ਮੈਨੂੰ ਖਲਕਤ ਨਿਉਂ ਨਿਉਂ ਚਲਦੀ।
ਅਕਲ ਕਹੇ ਮੈਂ ਸਭ ਤੋਂ ਵੱਡੀ, ਮੈਂ ਵਿਚ ਕਚਹਿਰੀ ਲੜਦੀ।
ਪਰ ਹੋਣੀ ਕਹੇ ਮੈਂ ਸਭ ਤੋਂ ਵੱਡੀ, ਮੈਂ ਜੋ ਚਾਹਾਂ ਸੋ ਕਰਦੀ।

ਆ ਗਈ ਭਾਵੀ ਵਿਕਣ। ਕੌਣ ਮੌਤ ਖਰੀਦੇ? ਕਿਸੇ ਨੇ ਨਾਂ ਲਈ, ਰਾਜੇ ਨੇ ਲੈ ਲਈ ਕਿਉਂਕਿ ਉਹਨੇ ਧਰਮ ਬਣਾਇਆ ਹੋਇਆ ਸੀ। ਇਹ ਧਰਮ ਸੀ ਉਹਦਾ। ਲਗਿਆ ਪਦਾਰਥ ਦਾ ਨਾਸ, ਸਭ ਕਾਸੇ ਦਾ। ਹਰ ਚੀਜ਼ ਕੋਲੋਂ ਤੁਰ ਚੱਲੀ। ਧਰਮ ਜਦੋਂ ਤੁਰਨ ਲੱਗਿਆ ਤਾਂ ਬਾਹੋਂ ਫੜ ਲਿਆ। ਕਹਿੰਦਾ-ਕਿਉਂ? ਕਹਿੰਦਾ ਤੇਰੇ ਖਾਤਰ ਤੇ ਸਭ ਕੁਛ ਕੀਤੈ, ਤੂੰ ਭੀ ਹੁਣ ਮੈਨੂੰ ਛੱਡ ਚੱਲਿਆ। ਜਿਸ ਵੇਲੇ ਧਰਮ ਰਹਿ ਗਿਆ ਤਾਂ ਮਾਤਾ ਜੀ ਕਹਿੰਦੇ-ਸਾਰੀਆਂ ਹੀ ਸੰਪਦਾ ਆ ਗਈਆਂ, ਕੋਈ ਸੰਪਦਾ ਪਿਛੇ ਨਾ ਰਹੀ।"25

ਕੁਝ ਚੰਗੇ ਅਸੂਲਾਂ ਨੂੰ ਧਾਰਨ ਕਰਨਾ ਅਤੇ ਫਿਰ ਤਾਉਮਰ ਉਹਨਾਂ ਤੇ ਪਹਿਰਾ ਦੇਣਾ ਇਹੋ ਧਰਮ ਹੁੰਦਾ ਹੈ। ਮਾਤਾ ਜੀ ਇਕ ਸਰਬ-ਸਾਂਝੇ ਮਾਨਵ ਧਰਮ ਦੇ ਪੈਰੋਕਾਰ ਸਨ। ਸਭੂੰਹ ਪ੍ਰਾਣੀ ਮਾਤਰ ਦਾ ਭਲਾ ਲੋਚਦੇ ਸਨ। ਪਰਦੇਸ ਗਮਨ ਸਾਕੇ ਸਮੇਂ ਚੀਨੀ ਵਾਲੇ ਪਾਤਸ਼ਾਹ ਦੀ ਜਿਹੜੀ ਨੂਰਾਨੀ ਜੋਤ, ਉਹਨਾਂ ਆਪਣੇ ਨੈਣਾਂ ਵਿਚ ਸਮਾਈ, ਤਮਾਮ ਉਮਰ ਹਰ ਸੁਖ ਦੁਖ ਸਮ ਕਰਕੇ, ਹਰਖ ਸੋਗ, ਮਾਨ ਅਪਮਾਨ ਤੋਂ ਉਪਰ ਉਠ ਕੇ, ਉਸੇ ਜੋਤ ਦੀ ਲੋਅ ਵਿਚ, ਜੀਵਨ ਪੰਧ ਬਸਰ ਕੀਤਾ। ਉਹਨਾਂ ਦੀਆਂ ਲੋੜਾਂ ਬਹੁਤ ਸੀਮਿਤ ਸਨ। ਪਰਸ਼ਾਦਾ ਵੀ ਅੱਠੀ ਪਹਿਰੀਂ ਹੀ ਛਕਦੇ ਸਨ। ਸਾਰੀ ਉਮਰ ਖੱਦਰ ਦੇ ਜਾਂ ਦੇਸੀ ਬਸਤਰ ਪਹਿਨੇ। ਉਹਨਾਂ ਦੇ ਇਸ ਪਰਉਪਕਾਰੀ ਜੀਵਨ ਲਈ ਨਾਮਧਾਰੀ ਸਮੁਦਾਇ ਉਹਨਾਂ ਦਾ ਹਮੇਸ਼ਾ ਕਿਰਤੱਗ ਰਹੇਗਾ। ਇਲਾਕਾ ਜੀਵਨ ਨਗਰ ਵਿਚ ਦੇਸ਼ ਬਟਵਾਰੇ ਤੋਂ ਬਾਅਦ ਨਾਮਧਾਰੀ ਸੰਗਤਾਂ ਦਾ ਵੱਡੀ ਤਦਾਦ ਵਿੱਚ ਵੱਸਣਾ, ਮਾਤਾ ਜੀ ਦੀ ਸੋਚ ਦਾ ਨਤੀਜਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਹੱਥੀਂ ਆਬਾਦ ਕੀਤੀ ਨਵੀਂ ਬਸਤੀ ਜੋ ਪਹਿਲਾਂ "ਚਚਾਲ ਕੋਠੀ" ਜਾਂ "ਚਚਾਲ ਕੋਟਲੀ" ਨਾਮ ਨਾਲ ਜਾਣੀ ਜਾਂਦੀ ਸੀ, ਦਾ "ਜੀਵਨ ਨਗਰ" ਨਾਮ ਰੱਖ ਕੇ, ਮਾਤਾ ਜੀ ਦੀ ਯਾਦ ਨੂੰ ਸਦੀਵੀ ਬਣਾ ਦਿੱਤਾ।

ਹਵਾਲੇ ਤੇ ਟਿੱਪਣੀਆਂ

1. ਸੰਤ ਤਰਨ ਸਿੰਘ ਵਹਿਮੀ ਰਚਨਾਵਲੀ ਭਾਗ-1, ਗੁਰ ਬੰਸਾਵਲੀ ਅਤੇ ਸੰਤ ਸਾਖੀਆਂ, ਸੰ. ਸਾਧੂ ਸਿੰਘ ਕਿਸਾਨ, ਗੁਰਭੇਜ ਸਿੰਘ 'ਗੁਰਾਇਆ', 2014, ਆਰਸੀ ਪਬਲਿਸ਼ਰਜ਼ ਦਿੱਲੀ, ਸਫਾ 91
2. ਸਤਿਗੁਰੂ ਬਿਲਾਸ ਭਾਗ ਪਹਿਲਾ, ਸੰਤ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ), ਸਫਾ 391-92
3. ਉਹੀ, ਸਫਾ 408
4. ਉਹੀ, ਸਫਾ 396-97
5. ਉਹੀ, ਸਫਾ 398

6. ਸਤਿਗੁਰੂ ਬਿਲਾਸ ਭਾਗ ਦੂਜਾ, ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ), ਸਫਾ 171
7. ਗੁਰੂ ਰਾਮ ਸਿੰਘ ਐਂਡ ਕੂਕਾ ਸਿੱਖਜ਼ ਭਾਗ 3, (ਸੰ. ਨਾਹਰ ਸਿੰਘ ਐਮ.ਏ.) ਸਫਾ 391-400
8. ਸਤਿਗੁਰੂ ਬਿਲਾਸ, ਭਾਗ ਦੂਜਾ, ਸਫਾ 171-72
9. ਸੰਤ ਤਰਨ ਸਿੰਘ ਵਹਿਮੀ ਰਚਨਾਵਲੀ ਭਾਗ-1, ਸਫਾ 94
10. ਸਤਿਗੁਰੂ ਬਿਲਾਸ, ਭਾਗ ਦੂਜਾ, ਸਫਾ 207
11. ਉਹੀ, ਸਫਾ 206
12. ਉਹੀ, ਸਫਾ 221-22
13. (ਕਿੱਸਾ) ਸੰਤ ਖਾਲਸਾ, 1958, ਦੂਜੀ ਐਡੀਸ਼ਨ ਕ੍ਰਿਤ ਹਰਨਾਮ ਸਿੰਘ ਬਗੁਲੀ ਕਲਾਂ, ਸਫਾ 66
14. ਉਹੀ, ਸਫਾ 70
15. ਸੰਤ ਤਰਨ ਸਿੰਘ ਵਹਿਮੀ ਰਚਨਾਵਲੀ ਭਾਗ-1, ਸਫਾ 95
16. ਮਹਾਂ ਨੂਰ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ, ਸੰ. ਪ੍ਰੀਤਮ ਸਿੰਘ ਆਰਸੀ, 1992, ਭੈਣੀ ਸਾਹਿਬ, ਹਰਵਿੰਦਰ ਸਿੰਘ 'ਹੰਸਪਾਲ' ਐਮ.ਪੀ. ਦੇ ਲੇਖ ਵਿਚੋਂ ਉਦਰਿਤ, ਸਫਾ 165
17. ਉਪਰੋਕਤ ਲੇਖ ਵਿਚ ਦੇਵਿੰਦਰ ਸਿੰਘ ਗਿਲ 'ਜੀਆ ਨੱਥਾ' ਦੀ ਸੰਪਾਦਿਤ "ਪਰਤਾਪ ਸਦਾ ਗੁਰ ਕਾ ਘਟਿ ਘਟਿ", ਪੰਨਾ 103, 104 ਵਿਚੋਂ ਉਦਰਿਤ, ਸਫਾ 165-66
18. ਸਤਿਜੁਗ, ਸ੍ਰੀ ਭੈਣੀ ਸਾਹਿਬ, ਬਸੰਤ ਅੰਕ, 12 ਮਾਘ 1995 ਬਿ. (ਮੁਤਾਬਿਕ ਜਨਵਰੀ 1939 ਈ.), ਨਾਮਧਾਰੀ ਇਤਿਹਾਸ ਦੇ ਕੁਝ ਪੱਤਰੇ, ਸ੍ਰੀ ਮਾਤਾ ਜੀਵਨ ਕੌਰ ਦੀ ਰਸਨਾ ਤੋਂ, ਅਵਤਾਰ ਸਿੰਘ "ਆਜ਼ਾਦ", ਸਫਾ 70
19. ਲਾਲ ਏਹਿ ਰਤਨ, ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਭਾਗ ਪਹਿਲਾ, (ਸੰ. ਪ੍ਰਿ. ਬੇਅੰਤ ਕੌਰ), ਸਫਾ 118
20. ਅਲਹ ਵਰਸਉ ਮੇਹੁ, ਅਮਰ ਭਾਰਤੀ, 1999, ਮਨ ਪ੍ਰੀਤ ਪ੍ਰਕਾਸ਼ਨ-ਦਿੱਲੀ-ਜਲੰਧਰ, ਸਫਾ 39
21. ਜੱਸ-ਜੀਵਨ, ਭਾਗ ਤੀਜਾ, ਸੰਤ ਤਰਨ ਸਿੰਘ ਵਹਿਮੀ, ਸਫਾ 100
22. ਉਹੀ, ਸਫਾ 101
23. ਉਹੀ 270-71
24. ਸਤਿਜੁਗ, ਮਾਸਿਕ ਜੇਠ 2013 ਬਿ. ਸ੍ਰੀ ਜੀਵਨ ਨਗਰ, ਸਫਾ 24

ਕਰੀਵਾਲਾ (ਸਿਰਸਾ) ਹਰਿਆਣਾ
ਮੋ.-99963-71716

ਤੋਪਾਂ ਥੱਕੀਆਂ, ਜੋਧੇ ਨਾ ਥੱਕੇ

—ਮਨਮੋਹਨ ਸਿੰਘ ਦਾਊਂ



ਉਹ ਕਿਹੋ ਜਿਹੇ ਸਨ
ਸਿਰਲੱਥ ਜੋਧੇ—
ਜੋ ਮੌਤ ਤੋਂ ਨਿਰਭੈ ਸਨ।

'ਗੁਰੂ' ਦੇ ਉਹ ਸਿੱਖ ਸਨ,
ਸੱਚੇ-ਸੁੱਚੇ ਮਨੁੱਖ ਸਨ।

ਦੁੱਧ-ਚਿੱਟੇ ਬਾਣੇ ਵਾਲੇ,
ਧਾਰਨੀ ਗੁਰਬਾਣੀ ਵਾਲੇ।

ਤੋਪਾਂ ਅੱਗੇ ਅਡੋਲ ਖੜ੍ਹਨ ਵਾਲੇ,
ਅੰਗਰੇਜ਼ੀ ਸੱਤਾ ਨੂੰ ਵੰਗਾਰਨ ਵਾਲੇ।
ਬੇਦਾਗ ਪਿੰਡੇ ਅਣਖ ਵਾਲੇ,
ਦਾਗ ਦਿੱਤੇ ਤੋਪਾਂ ਦਿਆਂ ਗੋਲਿਆਂ ਨੇ।
ਤੋਪਾਂ ਆਖਰ ਥੱਕ ਗਈਆਂ,
ਪਰ ਮਰਜੀ ਵੜੇ ਸ਼ਹੀਦ ਹੋਏ।
ਮਲੇਰਕੋਟਲਾ ਉਜਵਲ ਹੋਇਆ।

ਕੂਕਿਆਂ ਦੀ ਕੂਕ ਨੇ,
ਜੋਧਿਆਂ ਦੀ ਹੂਕ ਨੇ।
ਗੋਰੀ ਹਕੂਮਤ ਕੰਬਾ ਦਿੱਤੀ,
ਲੋਕ-ਸ਼ਕਤੀ ਜਗਾ ਦਿੱਤੀ।

ਅਜ਼ਾਦੀ ਦਿਆਂ ਪੰਨਿਆਂ 'ਤੇ
ਸੁਨਹਿਰੀ ਅੱਖਰ ਅੰਕਿਤ ਹੋਏ।

ਧੰਨ ਸੀ ਉਹ ਸਿਦਕ ਵਾਲੇ,
ਧੰਨ ਸੀ ਉਹ ਸਿਰੜ ਵਾਲੇ।

ਮੈਂ ਉਨ੍ਹਾਂ ਤੋਂ ਜਾਵਾਂ ਕੁਰਬਾਨ,
ਮੈਨੂੰ ਵੀ ਕੋਈ ਦੇਵੋ ਵਰਦਾਨ!!

ਮੋ.- 98151-23900

ਉਗਰਾਹੀ

-ਜਥੇਦਾਰ ਸੰਤ ਬਲਬੀਰ ਸਿੰਘ

ਸੋਹ ਰੱਬ ਦੀ ਬੜਾ ਐਖਾਂ ਕੰਮ ਉਗਰਾਹੀ ਦਾ।
ਇਹ ਸਾਨੂੰ ਹੀ ਪਤਾ ਕਿਸ ਕੋਲੋ ਪੈਸਾ ਏ ਕਢਾਈਦਾ।
ਮੀਟਿੰਗ ਹੋਈ ਇੱਕ ਦਿਨ, ਸਾਡੇ ਗੁਰਦੁਆਰੇ।
ਉਗਰਾਹੀ ਲਈ ਚੁਣ ਲਏ, ਇਹ ਬੰਦੇ ਚਾਰੇ।
ਉਗਰਾਹੀ ਹੋ ਨਹੀਂ ਸਕਦੀ, ਉਨ੍ਹਾਂ ਚਿਰ ਤੀਕ।
ਬਣ ਜਾਏ ਨਾ ਬੰਦੇ, ਜਿਨਾ ਚਿਰ ਢੀਠ।
ਕਹਿਣ ਲੱਗੇ ਉਗਰਾਹੀ ਲਈ, ਏ ਬੰਦੇ ਠੀਕ।
ਬਲਬੀਰ, ਸੁਰਿੰਦਰ, ਜੁਗਿੰਦਰ, ਤੇ ਦੀਪ ਸਿੰਘ ਦੀਪ।
ਦੀਪ ਸਿੰਘ ਨੂੰ ਕਿਹਾ ਮੈਂ, ਉਗਰਾਹੀ ਨੂੰ ਚਲੀਏ ਅੱਜ ।
ਉਹ ਕਹਿਣ ਠਹਿਰ ਜਾ, ਮੈਂ ਬਾਹਰ ਕਢਣੀ ਮੱਝ।
ਦੂਜੀ ਵਾਰ ਜਾਂਵਾ ਤੇ, ਧੋਲਣ ਇਸ ਵਾਰ।
ਮੈਂ ਤੇ ਗਾਂ ਦੀ, ਕੱਢੀ ਨਹੀਂ ਧਾਰ।
ਕਦੇ ਕਦੇ ਸੋਚਦੇ ਨੇ, ਦਾਅ ਲਾ ਕੇ ਖਿਸਕੋ।
ਦਸਾਂ ਮਿੰਟਾਂ ਵਿਚ ਆਇਆ, ਮੈਂ ਲੈ ਆਵਾਂ ਫਿੱਕਸੋ।
ਉਂਜ ਦੀਪ ਸਿੰਘ ਜੀ, ਬਹੁਤ ਹੀ ਸਮਝਦਾਰ।
ਪੈਸੇ ਲਈ ਰੋਜ, ਬਹਾਨਾ ਦੇਂਦੇ ਨੇ ਮਾਰ।
ਇੱਕ ਦਿਨ ਚਾਰੇ ਕੱਠੇ ਹੋ, ਇਹ ਮਤਾ ਪਕਾਇਆ।
ਇੱਕ ਘਰ ਜਾ ਅਸਾਂ, ਕੁੰਡਾ ਖੜਕਾਇਆ।
ਮਸਾਂ-ਮਸਾਂ ਹੀ, ਉਸ ਘਰ ਵਾਲੇ ਉੱਠੇ।
ਆਕੇ ਕਹਿੰਦੇ ਅੱਜ ਤੇ, ਪੈਸੇ ਨਹੀਂ ਟੁੱਟੇ।
ਅਗਲੇ ਘਰ ਵਾਲੇ, ਪਤਾ ਨਹੀਂ, ਘੂਕ ਸਨ ਸੁਤੇ।
ਉਠੇ ਉਹ ਨਾ, ਪਰ ਉੱਠ ਪਏ ਉਨ੍ਹਾਂ ਦੇ ਕੁੱਤੇ।
ਪਿੱਛੇ ਪੈ ਗਏ ਸਾਡੇ, ਵਾਹ ਵਾਹ ਦੌੜ ਲਵਾਈ।
ਅਗਲੇ ਘਰ ਫਿਰ ਜਾ, ਅਸਾਂ ਕੁੰਡੀ ਖੜਕਾਈ।
ਔਖੀ ਜਿਹੀ ਆਵਾਜ਼ ਵਿੱਚ ਇਕ ਮਾਈ ਬੋਲੀ।
ਵੇ ਪਪੂ ਘੜਪੂ ਜਾਕੇ, ਜਰਾ ਬੂਹਾ ਤੇ ਖੋਲੀਂ।
ਬੂਹਾ ਖੋਲ ਕੇ ਕਾਕਾ ਕਹਿੰਦਾ, ਸਤਿ ਸ੍ਰੀ ਅਕਾਲ।
ਪਰ ਉਗਰਾਹੀ ਤਾਂ ਤੁਸੀਂ ਲੈ ਗਏ ਸੀ, ਪਿਛਲੇ ਸਾਲ।
ਆਪਣੇ ਘਰਦਿਆਂ ਨੂੰ, ਦੇਈ ਜਾਵੋ ਤੁਸੀ ਕੋਰ ਕਮਾਲ।
ਪਰਸ਼ਾਦੇ ਲੈ ਕੇ, ਮੈ ਰਿਹਾ ਬੈਠਾ ਨਾ ਦਿਤੀ ਦਾਲ।
ਜੇ ਇਕ ਗਲਾਸ ਵਿੱਚ, ਦਾਲ ਲਈ ਸੀ ਪੁਆ।
ਐਡਾ ਕਿਹੜਾ ਹਨੇਰ ਗਿਆ ਸੀ ਆ।
ਖੀਰ ਦੀਆਂ ਬਾਲਟੀਆਂ ਭਰ ਭਰ ਉਹ ਘਰ ਨੂੰ ਲੈ ਗਏ।
ਲੰਗਰ ਖਤਮ ਹੋ ਗਿਆ, ਉਹ ਸਾਨੂੰ ਕਹਿ ਗਏ।
ਇਸ ਸਾਲ ਅਸਾਂ ਨਹੀਂ, ਦੇਣੀ ਉਗਰਾਹੀ।
ਸਾਡੀ ਪੰਗਤ ਲਾਈਨ ਵਿੱਚ ਤੁਸਾਂ ਨਹੀਂ ਖੀਰ ਵਰਤਾਈ।
ਗੁਰੂ ਦੁਆਰੇ ਪੰਗਤ ਦਾ ਜੱਗ, ਮੇਰੀ ਮਾਂ, ਲਿਆ ਰਹੀ ਸੀ, ਫੇਰ ਕੀ ਹੋਇਆ।
ਤੁਹਾਡੇ ਬੰਦਿਆਂ, ਖੀਰ ਦਾ ਜੱਗ ਭਰਿਆ ਖੋਹਿਆ।
ਕਹਿੰਦੇ ਭਾਂਡੇ ਆਪਣੇ ਲੈ ਆਓ, ਜੋ ਮਰਜੀ ਲੈ ਜਾਓ।
ਭਾਂਡੇ ਗੁਰਦੁਆਰੇ ਦੇ, ਨਾਂ ਲੈ ਕੇ ਜਾਓ।
ਉਗਰਾਹੀ ਕਿਸ ਮੂੰਹ ਨਾਲ, ਮੰਗਦੇ ਓ, ਵਾਹ ਭਾਈ ਵਾਹ।
ਸਾਨੂੰ ਤੇ ਉਹ ਵੀ ਨਹੀਂ ਮਿਲਿਆ, ਪ੍ਰਸ਼ਾਦਿ ਕੜਾਹ।
ਅਸਾਂ ਹੱਥ ਜੋੜ ਕੇ, ਮੰਗੀ ਮਾਫੀ।
ਕਿਹਾ ਬੱਸ ਕਰੋ, ਸਾਡੇ ਲਈ ਏਨੀ ਹੀ ਕਾਫੀ।
ਇਸ ਤਰ੍ਹਾਂ ਰਹੇ ਸਨ, ਉਹ ਲੈਕਚਰ ਝਾੜ।
ਨਾਲ ਦੇ ਘਰੋਂ ਆਵਾਜ਼ ਆਈ, ਛੇਤੀ ਲੋ ਬੂਹਾ ਮਾਰ।
ਤੁਰੇ ਆਂਉਦੇ ਨੇ ਮੂੰਹ ਚੁੱਕ ਕੇ ਸਵੇਰੇ ਸਵੇਰੇ।
ਇਨਾਂ ਨੂੰ ਤੇ ਹੋਰ ਕੰਮ ਨਹੀਂ, ਸਾਨੂੰ ਨੇ ਕੰਮ ਬਥੇਰੇ।
ਇੱਕ ਮਾਈ ਸਾਨੂੰ ਵੇਖਕੇ, ਨਿਆਣੇ ਈ ਕੁੱਟੀ ਜਾਵੇ।
ਗੁੱਸਾ ਸਾਡੇ ਉੱਤੇ ਸੀ, ਪਈ ਨਿਆਣਿਆਂ ਤੇ ਲਾਹਵੇ।
ਸਵੇਰੇ ਸਵੇਰੇ, ਸਾਰਾ ਪਿੰਡ, ਆਇਉ ਗਾਹ।
ਤੁਹਾਨੂੰ ਭੋਰਾ ਵੀ ਨਹੀਂ, ਸ਼ਰਮ ਹਯਾ।
ਉਗਰਾਹੀ ਵਾਲੇਆਂ ਵਾਂਗ, ਤੁਸੀਂ ਨਹੀਂ ਟਿੱਕ ਕੇ ਬੈਹਿਦੇ।
ਸਵੇਰੇ ਸ਼ਾਮ ਹਰ ਵੇਲੇ, ਤੁਰੇ ਹੀ ਰਹਿੰਦੇ।
ਅਸਾਂ ਕਿਹਾ ਮਾਤਾ ਜੀ, ਉਹ ਟੇਡੀ ਬੋਲੀ।
ਦਿਸਦਾ ਨਹੀਂ ਤੁਹਾਨੂੰ, ਮੈ ਅਜੇ ਨਹੀਂ ਵੇਹਲੀ।
ਨਾਲੇ ਤੁਸੀਂ ਫੇਰ, ਕਲ ਨੂੰ ਚੱਕਰ ਲਾਇਓ।
ਆਕੇ ਫੇਰ ਵੇਖਾਂਗੇ, ਉਗਰਾਹੀ ਲੈ ਜਾਇਓ।
ਲੁੱਕ ਕੇ ਬੈਠੇ ਹੁੰਦੇ ਨੇ, ਪੁਛਣ ਗਏ ਨਹੀਂ ਹਾਲੇ।
ਪਿੱਛੇ ਈ ਪੈ ਗਏ ਨੇ, ਉਗਰਾਹੀ ਵਾਲੇ।
ਇੱਕ ਘਰ ਗਏ ਜਦੋਂ, ਉਹਨਾਂ ਬੂਹਾ ਲਾਹਿਆ।
ਧੰਨ ਭਾਗ ਕਹਿਣ ਨਰੈਣ ਕੀੜੀ ਘਰ ਆਇਆ।
ਬੈਠਣ ਵਾਸਤੇ ਉਹਨਾਂ ਸਾਡੇ, ਮੰਜੀ ਡਾਹੀ।
ਬੈਠਦੇ ਸਾਰ ਅਸਾਂ ਮੰਗ ਲਈ ਉਗਰਾਹੀ।
ਹੌਲੀ ਜਿਹੀ ਅੰਦਰੋ, ਪਪੂ ਦਾ ਭਾਪਾ ਬੋਲਿਆ।
ਸੁਰ ਦਿਆ ਪੁੱਤਰਾ ਤੂੰ ਕਿਉ ਕੁੰਡਾ ਖੋਲਿਆਂ।
ਕੰਮ ਕਿਸ ਆਏ ਸਨ, ਮੈਨੂੰ ਕੀ ਪਤਾ ਸੀ।
ਭਾਪਾ ਨਿਰਨੇ ਕਾਲਜੇ ਈ, ਪੈ ਜਾਊ ਸਿਆਪਾ।
ਅਸਾਂ ਕਿਹਾ, ਆਪਣੇ ਘਰ ਨਾ ਕਰੋ ਲੜਾਈ।
ਉਦਾਂ ਹੀ ਕਹਿਦੋ, ਅਸਾਂ ਨਹੀਂ, ਦੇਣੀ ਉਗਰਾਹੀ।
ਉਹ ਕਹਿੰਦੇ, ਅੱਛਾ ਜੀ, ਸਾਥੋਂ ਹੱਥ ਜੁੜਵਾ ਲਓ।
ਹਰ ਸਾਲ ਦੇਂਦੇ ਉਗਰਾਹੀ, ਐਤਕੀਂ, ਆਪਣੇ ਕੋਲੋ ਪਾ ਲਓ।
ਕੋਈ ਕਹੇ ਮੇਰਾ ਤੇ, ਭਾਪਾ ਨਹੀਂ ਘਰ।
ਨਾਲ ਦੇ ਪਿੰਡ ਸਾਡਾ, ਬਾਪੂ ਗਿਆ ਮਰ।
ਤੁਹਾਨੂੰ ਬਾਪੂ ਜਾਂ, ਭਾਪਾ, ਦਿਉ ਉਗਰਾਹੀ।
ਤਾਏ ਦਾ ਨਾਂ ਲਿਖਾ ਉਸਨੇ ਰਸੀਦ ਕਟਵਾਈ।
ਤੁਹਾਨੂੰ ਵੇਖ ਕੇ, ਮੰਜੇ ਥੱਲੇ ਗਿਆ ਜੇ ਵੜ।
ਕਹਿਦੇ ਜਾਕੇ ਕਹਿਦੇ, ਭਾਪਾ ਨਹੀਂ ਘਰ।
ਕਈ ਸਾਨੂੰ ਵੇਖ ਲੈਣ, ਬੋਲ ਪੈਂਦੇ ਝੱਟ-ਪੱਟ।
ਪੈਸੇ ਭੇਜ ਦਿਆਂਗੇ, ਰਸੀਦ ਦਿਓ।
ਕੱਟ ਕਈ ਸਾਨੂੰ ਵੇਖ ਲੈਣ, ਜਾਂ ਖੋਲ ਕੇ ਬਾਰੀ।
ਬੂਹਾ ਖੋਲਣ ਨਾਂ, ਭਾਵੇਂ ਖੜਕਾਓ ਸੌ ਵਾਰੀ।
ਕਈ ਕਹਿਣ ਉਗਰਾਹੀ ਤੁਸੀਂ ਲੈ ਜਾਇਓ ਸਵੇਰੇ।
ਉਗਰਾਹੀ ਫਿਰ ਵੀ ਨਾਂ ਦੇਣ ਮਰਵਾ ਕੇ ਫੇਰੇ।
ਸਤਿਗੁਰੂ ਜਗਜੀਤ ਸਿੰਘ ਕੋਈ ਐਸਾ ਚੱਕਰ ਚਲਾਈ।
ਵਾਜਾਂ ਮਾਰਨ ਬਲਬੀਰ ਸਿੰਘ, ਲੈ ਜਾਓ ਉਗਰਾਹੀ।

99150-66931

ਗੁਫ਼ਾ ਵਿਚਲੀ ਉਡਾਣ—5

ਕੁੰਭੀ-ਨਰਕ ਵਿੱਚ ਕੁਝ ਦਿਨ



–ਵਰਿਆਮ ਸਿੰਘ ਸੰਧੂ

ਆ ਗਏ ਲਾਲ ਪਗੜੀਆਂ ਵਾਲੇ

"ਤੁਹਾਡਾ ਨਾਂ ਵਰਿਆਮ ਸਿੰਘ ਹੀ ਹੈ?"

ਕੁੰਢੀਆਂ ਮੁੱਛਾਂ ਵਾਲੇ ਪੁਲਿਸ ਇਨਸਪੈਕਟਰ ਨੇ ਅਚਨਚੇਤ ਮੇਰੇ ਸਾਹਮਣੇ ਆ ਕੇ ਮੈਨੂੰ ਪੁੱਛਿਆ। ਉਹਦੇ ਨਾਲ ਇੱਕ ਏ ਐਸ ਆਈ, ਇੱਕ ਹਵਾਲਦਾਰ ਅਤੇ ਦੋ ਤਿੰਨ ਸਿਪਾਹੀ ਹੋਰ ਵੀ ਸਨ।

ਇਹ 24 ਦਸੰਬਰ 1975 ਦਾ ਠਰਿਆ ਹੋਇਆ ਦਿਨ ਸੀ। ਮੈਂ ਐਮਰਜੈਂਸੀ ਵਿਚ ਪਹਿਲਾਂ ਬਣੇ 'ਰਾਜ ਬਨਾਮ ਵਰਿਆਮ ਸਿੰਘ' ਕੇਸ ਅਧੀਨ ਗ੍ਰਿਫ਼ਤਾਰ ਹੋਣ ਪਿੱਛੋਂ ਜ਼ਮਾਨਤ 'ਤੇ ਬਾਹਰ ਆਇਆ ਹੋਇਆ ਸਾਂ ਅਤੇ ਅੱਜ ਇਸੇ ਕੇਸ ਦੀ ਤਰੀਕ ਭੁਗਤਣ ਲਈ ਗਰਮ ਸੂਟ ਪਹਿਨ ਕੇ, ਟਾਈ ਲਾ ਕੇ ਅਤੇ ਪੂਰਾ 'ਸੱਜ-ਸੰਵਰ' ਕੇ ਪੱਟੀ ਦੀ ਕਚਹਿਰੀ ਦੇ ਅਹਾਤੇ ਵਿੱਚ ਖਲੋਤਾ ਆਪਣੇ ਸਾਥੀ ਰਘਬੀਰ ਸਿੰਘ ਦੀ ਜੇਲ੍ਹ ਵਿਚੋਂ ਲਿਆਏ ਜਾਣ ਦੀ ਉਡੀਕ ਕਰ ਰਿਹਾ ਸਾਂ (ਕਿਉਂਕਿ ਸਾਨੂੰ ਇੱਕੋ ਕੇਸ ਵਿੱਚ ਫੜਿਆ ਹੋਣ ਕਰਕੇ ਆਵਾਜ਼ ਪੈਣ 'ਤੇ ਇਕੱਠਿਆਂ ਹੀ ਅਦਾਲਤ ਵਿੱਚ ਪੇਸ਼ ਕੀਤਾ ਜਾਣਾ ਸੀ) ਕਿ ਇਹ ਪੁਲਿਸੀ-ਧਾੜ ਇੱਕ ਦਮ ਮੇਰੇ ਸਾਹਮਣੇ ਆਣ ਧਮਕੀ।

ਉਹਨੂੰ ਕਿਹੜਾ ਮੇਰੇ ਨਾਂ ਦਾ ਕੋਈ ਭੁਲੇਖਾ ਸੀ! ਕਚਹਿਰੀਆਂ ਵਿਚਲੀ ਏਨੀ ਵੰਨ-ਸੁਵੰਨੀ ਭੀੜ ਵਿਚੋਂ ਉਸ ਨੇ ਮੈਨੂੰ ਐਵੇਂ 'ਅਟ-ਸਟੇ' ਨਾਲ ਤਾਂ ਪਛਾਣਿਆਂ ਨਹੀਂ ਸੀ!ਸਸ

ਮੈਂ ਹਾਮੀ ਭਰੀ ਤਾਂ ਬੜੀ ਨਰਮੀ ਨਾਲ ਕਹਿੰਦਾ, "ਆਪਾਂ ਜ਼ਰਾ ਆਹ ਡੀ ਐਸ ਪੀ ਸਾਹਬ ਦੇ ਦਫ਼ਤਰ ਤੱਕ ਜਾਣਾ ਹੈ। ਉਹ ਤੁਹਾਨੂੰ ਕਿਸੇ ਕੰਮ ਲਈ ਮਿਲਣਾ ਚਾਹੁੰਦੇ ਨੇ।"

ਮੈਂ ਉਜ਼ਰ ਕੀਤਾ ਕਿ ਜੇ ਪਿੱਛੋਂ ਮੈਨੂੰ ਮੇਰੀ ਤਰੀਕ ਦੀ ਆਵਾਜ਼ ਪੈ ਗਈ ਤਾਂ ਮੇਰੀ ਗ਼ੈਰ-ਹਾਜ਼ਰੀ ਲੱਗ ਜਾਵੇਗੀ। ਉਸ ਕਿਹਾ ਕਿ ਉਸ ਨੇ ਐਸ ਡੀ ਐਮ ਦੇ ਰੀਡਰ ਤੋਂ ਸਾਰਾ ਪਤਾ ਕਰ ਲਿਆ ਹੈ। ਮੈਨੂੰ ਘੰਟੇ ਤੋਂ ਪਹਿਲਾਂ ਆਵਾਜ਼ ਨਹੀਂ ਪੈਣ ਲੱਗੀ। ਏਨੇ ਚਿਰ ਵਿੱਚ ਤਾਂ ਅਸੀਂ ਡੀ ਐਸ ਪੀ ਨੂੰ ਚਾਰ ਵਾਰ ਮਿਲ ਕੇ ਆ ਸਕਦੇ ਹਾਂ!

ਭਾਵੇਂ ਮੈਨੂੰ ਉਸਦੇ ਬੋਲਾਂ ਵਿਚਲੀ ਸਚਾਈ 'ਤੇ ਬਿਲਕੁਲ ਕੋਈ ਭਰੋਸਾ ਨਹੀਂ ਸੀ ਪਰ ਕਰ ਵੀ ਕੀ ਸਕਦਾ ਸਾਂ! ਨਾ ਜਾਣ ਦੀ ਜ਼ਿਦ ਕਰਦਾ ਤਾਂ ਉਹ ਜ਼ਬਰਦਸਤੀ ਵੀ ਕਰ ਸਕਦੇ ਸਨ। ਸਾਡੀ ਤਰੀਕ ਕਾਰਨ, ਸਾਨੂੰ ਕਚਹਿਰੀਆਂ ਵਿੱਚ ਮਿਲਣ ਆਉਣ ਵਾਲੇ ਦੋਸਤਾਂ ਵਿਚੋਂ, ਅਜੇ ਇੱਕ ਜਣਾ ਹੀ ਹਾਲ ਦੀ ਘੜੀ ਪੁੱਜਾ ਸੀ। ਉਹਨੂੰ ਆਪਣੇ ਪਿੱਛੇ ਪਿੱਛੇ ਆਉਣ ਲਈ ਆਖ ਕੇ ਮੈਂ ਉਹਨਾਂ ਦੇ ਨਾਲ ਤੁਰ ਪਿਆ। ਕਚਹਿਰੀਆਂ ਦੇ ਪਿਛਲੇ ਪਾਸੇ ਸਫ਼ੈਦਿਆਂ ਦੇ ਸੰਘਣੇ ਝੁੰਡ ਵਿੱਚ ਉਹਨਾਂ ਨੇ ਇੱਕ ਟਰੱਕ ਖੜਾ ਕੀਤਾ ਹੋਇਆ ਸੀ। ਮੈਂ ਅੱਗੋਂ ਵਾਪਰਣ ਵਾਲੀ ਹੋਣੀ ਤੋਂ ਸੁਚੇਤ ਹੋ ਕੇ ਆਪਣਾ ਬਟੂਆ ਕੱਢ ਕੇ ਆਪਣੇ ਮਿੱਤਰ ਨੂੰ ਫੜਾ ਦਿੱਤਾ ਅਤੇ ਉਹਨੂੰ ਸਾਰਾ ਕੁਝ ਹੋਰ ਦੋਸਤਾਂ ਅਤੇ ਮੇਰੇ ਘਰ ਵਾਲਿਆਂ ਨੂੰ ਦੱਸ ਦੇਣ ਲਈ ਆਖ ਕੇ ਪੁਲਸੀਆਂ ਨਾਲ ਟਰੱਕ ਵਿੱਚ ਬੈਠ ਗਿਆ।

ਟਰੱਕ ਡਰਾਈਵਰ ਨਾਲ ਲੱਗਦੀ ਸੀਟ ਉਤੇ, ਅੱਗੇ ਕਰਕੇ, ਮੈਨੂੰ ਬਿਠਾ ਕੇ ਵੱਡਾ ਅਤੇ ਛੋਟਾ ਥਾਣੇਦਾਰ ਮੇਰੇ ਨਾਲ ਹੀ ਬੈਠ ਗਏ। ਟਰੱਕ ਮੋੜ ਮੁੜ ਕੇ ਤਰਨਤਾਰਨ-ਅੰਮ੍ਰਿਤਸਰ ਵਾਲੀ ਸੜਕੇ ਪੈ ਗਿਆ। ਇਸੇ ਸੜਕ 'ਤੇ ਡੀ ਐਸ ਪੀ ਦਾ ਦਫ਼ਤਰ ਸੀ। ਪਰ ਟਰੱਕ ਉੱਥੇ ਰੁਕਣ ਦੀ ਥਾਂ ਅੱਗੇ ਲੰਘ ਗਿਆ।

ਮੈਂ ਆਪਣੀ ਹੋਣੀ ਬਾਰੇ ਜਾਣਕਾਰੀ ਲੈਣੀ ਚਾਹੀ, "ਮੈਨੂੰ ਦੱਸੋ ਤਾਂ ਸਹੀ ਕਿ ਤੁਸੀਂ ਮੈਨੂੰ ਕਿੱਥੇ ਤੇ ਕਿਉਂ ਲਿਜਾ ਰਹੇ ਓ? ਭੱਜ ਤਾਂ ਮੈਂ ਹੁਣ ਕਿਤੇ ਚੱਲਿਆ ਨਹੀਂ।"

ਦੋਵਾਂ ਨੇ ਸਾਜ਼ਿਸ਼ੀ ਚੁੱਪ ਅਖ਼ਤਿਆਰ ਕੀਤੀ ਰੱਖੀ।

ਟਰੱਕ ਚਲਦਾ ਗਿਆ ਅਤੇ ਉਸ ਤੋਂ ਕਿਤੇ ਤੇਜ਼ ਮੇਰਾ ਮਨ ਦੌੜਨ ਲੱਗਾ। ਮੈਨੂੰ ਜ਼ਮਾਨਤ 'ਤੇ ਬਾਹਰ ਆਉਣ ਦਾ ਪਛਤਾਵਾ ਹੋਣ ਲੱਗਾ। ਸਾਰੀ ਕਾਨੂੰਨੀ ਪ੍ਰਕਿਰਿਆ ਦੀ ਸਮਝ ਨਾ ਹੋਣ ਕਰਕੇ ਤੇ ਅਣਜਾਣ-ਪੁਣੇ ਕਰਕੇ ਜਿਹੜੀ ਗੱਲ ਦਾ ਮੈਨੂੰ ਫ਼ਿਕਰ ਵੱਢ-ਵੱਢ ਖਾਣ ਲੱਗਾ ਉਹ ਇਹ ਸੀ ਕਿ ਅੱਜ ਅਦਾਲਤ ਵਿਚੋਂ ਗ਼ੈਰ-ਹਾਜ਼ਰ ਹੋਣ ਕਰਕੇ ਮੇਰੇ ਜ਼ਮਾਨਤੀਏ ਨੂੰ ਕਿਤੇ ਜ਼ਮਾਨਤ ਨਾ ਪੈ ਜਾਵੇ! ਅਜਾਇਬ ਸਿੰਘ ਨੂੰ ਝੂਠਾ ਨਾ ਹੋਣਾ ਪਵੇ! ਮੇਰੇ ਕਰਕੇ ਮੇਰੇ ਆਪਣਿਆਂ ਦਾ ਨੁਕਸਾਨ ਨਾ ਹੋ ਜਾਵੇ! ਜੇਲ੍ਹ 'ਚ ਤਾਂ ਮੈਂ ਅੱਗੇ ਸਾਂ ਹੀ, ਜੇ ਹੁਣ ਵੀ ਚਲੇ ਜਾਵਾਂਗਾ ਤਾਂ ਕੋਈ ਅਲੋਕਾਰ ਗੱਲ ਨਹੀਂ ਸੀ ਵਾਪਰਨ ਵਾਲੀ!

ਲੰਮੇ ਪੰਧ 'ਤੇ ਪਿਆ ਜਾਣ ਮੈਂ ਜ਼ਮਾਨਤ ਵਾਲੀ ਗੱਲ ਉਹਨਾਂ ਨੂੰ ਪੁੱਛੀ। ਉਹਨਾਂ ਮੈਨੂੰ ਇਸ ਪੱਖੋਂ ਬੇਫ਼ਿਕਰ ਰਹਿਣ ਲਈ ਕਿਹਾ।

"ਤੁਸੀਂ ਕਿਹੜਾ ਭਗੌੜੇ ਹੋ ਗਏ ਓ! ਅਸੀਂ ਆਪ ਤੁਹਾਨੂੰ ਲੈ ਕੇ ਚੱਲੇ ਆਂ।"

ਇਸ ਤੋਂ ਵੱਧ ਕੋਈ ਹੋਰ ਵਿਸਥਾਰ ਦੇਣਾ ਉਹਨਾਂ ਮੁਨਾਸਬ ਨਾ ਸਮਝਿਆ।

ਇਹ ਤਾਂ ਨਿਸਚਿਤ ਸੀ ਕਿ ਮੈਨੂੰ ਫਿਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਪਰ ਮੈਨੂੰ ਲਿਜਾ ਕਿੱਥੇ ਰਹੇ ਸਨ! ਉਹਨਾਂ ਦੀ ਰਹੱਸਮਈ ਚੁੱਪ ਹੋਰ ਵੀ ਖ਼ਤਰਨਾਕ ਲੱਗਦੀ ਸੀ। ਉਹ ਕਿਸੇ ਤਰ੍ਹਾਂ ਦੀ ਵੀ ਗੱਲਬਾਤ ਕਰਕੇ ਮੇਰੇ ਨਾਲ ਖੁੱਲ੍ਹਣਾ ਨਹੀਂ ਸਨ ਚਾਹੁੰਦੇ।

ਸੜਕ ਕੰਢੇ ਇੱਕ ਸਕੂਲ ਵਿੱਚ ਮੇਜ਼ ਦੁਆਲੇ ਇਕ-ਦੋ ਅਧਿਆਪਕ ਅਤੇ ਇੱਕ ਅਧਿਆਪਕਾ ਬੈਠੀ ਹੋਈ ਸੀ।

"ਵੇਖ ਭੈਣ ਚੋ' ਮਾਸਟਰਾਂ ਨੂੰ ਕਿਆ ਮੌਜਾਂ ਲੱਗੀਆਂ! ਮਾਸਟਰਾਣੀਆਂ ਦੀਆਂ ਲੱਤਾਂ 'ਚ ਲੱਤਾਂ ਅੜਾ ਕੇ ਬੈਠੇ ਰਹਿੰਦੇ ਨੇ!" ਛੋਟੇ ਥਾਣੇਦਾਰ ਨੇ ਵੱਡੇ ਨੂੰ ਆਖਿਆ। ਜਵਾਬ ਵਿੱਚ ਹੱਸ ਰਹੇ ਵੱਡੇ ਥਾਣੇਦਾਰ ਦੀ ਗੋਗੜ ਹਿੱਲਣ ਲੱਗੀ। ਅਚਨਚੇਤ ਸ਼ਾਇਦ ਉਹਨਾਂ ਨੂੰ ਮੇਰੇ ਵੀ 'ਮਾਸਟਰ' ਹੋਣ ਦਾ ਖ਼ਿਆਲ ਆ ਗਿਆ।

"ਕਿਉਂ ਜੀ ਤੁਸੀ ਵੀ ਕਦੀ ਇਹ ਮੌਜ ਲਈ ਹੈ ਕਿ ਨਹੀਂ? ਲੈਂਦੇ ਹੋਵੋਗੇ। ਜ਼ਰੂਰ ਲੈਂਦੇ ਹੋਵੋਗੇ। ਹਾ! ਹਾ! ਹਾ!" ਛੋਟਾ ਥਾਣੇਦਾਰ ਥੋੜ੍ਹਾ

ਮਸਤ ਗਿਆ ਸੀ। ਪਰ ਵੱਡੇ ਥਾਣੇਦਾਰ ਨੇ ਗੰਭੀਰ ਹੋ ਕੇ ਦੂਜੇ ਪਾਸੇ ਗੱਲ ਨੂੰ ਮੋੜ ਦੇ ਦਿੱਤਾ।

"ਨੌਕਰੀ ਤੋਂ ਤਾਂ ਤੁਸੀਂ ਹੁਣ ਸਸਪੈਂਡ ਹੋ ਗਏ ਹੋਵੋਗੇ! ਕੋਈ ਨਹੀਂ ਬਹਾਲ ਵੀ ਹੋ ਜਾਓਗੇ।" ਉਹਨੇ ਝੂਠ -ਮੂਠ ਧਰਵਾਸ ਦਿੱਤਾ।

ਜ਼ਮਾਨਤ 'ਤੇ ਬਾਹਰ ਆਉਣ ਤੋਂ ਬਾਅਦ ਮੈਂ ਸਭ ਤੋਂ ਪਹਿਲਾਂ ਆਪਣੀ ਸਕੂਲ ਦੀ ਡਿਊਟੀ ਬਾਰੇ ਪਤਾ ਕੀਤਾ ਸੀ। ਜਿਸ ਦਿਨ ਮੈਂ ਗ੍ਰਿਫਤਾਰ ਹੋਇਆ ਸਾਂ; ਨਿਯਮ ਅਨੁਸਾਰ ਮੇਰੇ ਸਕੂਲ ਅਧਿਕਾਰੀਆਂ ਨੇ ਮੇਰੀ ਗ੍ਰਿਫਤਾਰੀ ਦੀ ਸੂਚਨਾ ਜ਼ਿਲ੍ਹਾ ਸਿੱਖਿਆ ਦਫ਼ਤਰ ਵਿਚ ਪਹੁੰਚਾ ਦਿੱਤੀ ਸੀ। ਪਰ ਉਚ ਅਧਿਕਾਰੀਆਂ ਨੇ ਮੇਰੇ ਨਾਲ ਕੀਤੇ ਜਾਣ ਵਾਲੇ 'ਅਗਲੇ ਸਲੂਕ' ਬਾਰੇ ਅਜੇ ਤੱਕ ਕੋਈ ਜਵਾਬ ਹੀ ਨਹੀਂ ਸੀ ਦਿੱਤਾ। ਕੇਸ ਅਜੇ ਚੱਲ ਰਿਹਾ ਸੀ। ਮੈਂ ਤਰੀਕਾਂ ਭੁਗਤ ਰਿਹਾ ਸਾਂ। ਇਸ ਸਥਿਤੀ ਵਿਚ ਮੈਂ ਆਪ ਹੀ ਸੋਚਿਆ ਕਿ ਆਪਣੀ ਨੌਕਰੀ ਦਾ ਮਸਲਾ ਹਾਲ ਦੀ ਘੜੀ ਪਾਸੇ ਰੱਖ ਦੇਣਾ ਚਾਹੀਦਾ ਹੈ ਅਤੇ ਆਪਣੇ ਆਪ ਨੂੰ ਹਾਲਾਤ ਦੇ ਹਵਾਲੇ ਕਰ ਦੇਣਾ ਹੀ ਠੀਕ ਹੈ।

ਤੇ ਹੁਣ ਮੈਂ ਉਸੇ 'ਹਾਲਾਤ ਦੇ ਹਵਾਲੇ' ਸਾਂ। ਟਰੱਕ ਤਰਨਤਾਰਨ ਲੰਘ ਕੇ ਜੰਡਿਆਲਾ ਰੋਡ 'ਤੇ ਜਾ ਰਿਹਾ ਸੀ। ਨਕਸਲਬਾੜੀ ਲਹਿਰ ਦੇ ਸਿਖਰਲੇ ਦਿਨਾਂ ਵਿਚ ਅਣਜਾਣੀਆਂ ਥਾਵਾਂ 'ਤੇ ਲਿਜਾ ਕੇ ਇਨਕਲਾਬੀਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਦੇਣ ਦਾ ਖਿਆਲ ਆਇਆ ਤਾਂ ਮੇਰੇ ਕੰਨ ਇੱਕ ਪਲ ਲਈ ਤਾਂ 'ਸਾਂ ਸਾਂ' ਕਰਨ ਲੱਗੇ।

ਜੰਡਿਆਲੇ ਤੋਂ ਜੀ ਟੀ ਰੋਡ 'ਤੇ ਚੜ੍ਹ ਕੇ ਅਜੇ ਟਾਂਗਰੇ ਕੋਲ ਪੁੱਜੇ ਹੋਵਾਂਗੇ ਕਿ ਵੱਡਾ ਥਾਣੇਦਾਰ ਪੁੱਛਣ ਲੱਗਾ, "ਮਾਸਟਰ ਜੀ! ਬਲਬੀਰ ਨੂੰ ਕਦੋਂ ਕੁ ਤੋਂ ਜਾਣਦੇ ਓ?"

ਤਾਂ ਇਹ ਗੱਲ ਸੀ!

ਬਲਬੀਰ ਪਿਛਲੇ ਦਿਨੀਂ ਮਹਿਤੇ ਕੋਲ ਪੈਂਦੇ ਬੁੱਟਰ ਪਿੰਡ ਦੇ ਸਕੂਲ ਦੇ ਬਾਹਰ, ਐਮਰਜੈਂਸੀ ਦੇ ਖਿਲਾਫ਼ ਸਕੂਲ ਵਿਚ ਹੀ ਦੋਵਰਕੀਆਂ ਵੰਡਦਾ, ਸਕੂਲ ਦੇ ਕਾਂਗਰਸੀ ਹੈੱਡਮਾਸਟਰ ਵੱਲੋਂ ਹੱਲਾਸ਼ੇਰੀ ਦੇਣ ਕਰਕੇ ਸਕੂਲ ਦੇ ਵਿਦਿਆਰਥੀਆਂ ਨੇ ਫੜ ਲਿਆ ਸੀ ਅਤੇ 'ਸਰਕਾਰੀ ਵਫ਼ਾਦਾਰੀ' ਨਿਭਾਉਂਦਿਆਂ ਉਹਨੂੰ ਪੁਲਿਸ ਕੋਲ ਫੜਾ ਦਿੱਤਾ ਸੀ। ਪੁਲਿਸ ਨੇ ਡੂੰਘੀ ਪੁੱਛ-ਗਿੱਛ ਕਰਨ ਲਈ ਉਹਨੂੰ ਇੰਟੈਰੋਗੇਸ਼ਨ ਸੈਂਟਰ ਭੇਜ ਦਿੱਤਾ ਸੀ। ਇੰਟੈਰੋਗੇਸ਼ਨ ਸੈਂਟਰ ਵਿਚ ਉਸ ਕੋਲੋਂ ਮੇਰੇ ਬਾਰੇ ਵੀ ਪੁੱਛਿਆ ਗਿਆ ਸੀ।

'ਕੀ ਉਹ ਮੈਨੂੰ ਜਾਣਦਾ ਸੀ? ਉਹ ਮੈਨੂੰ ਕਦੋਂ ਕਦੋਂ ਅਤੇ ਕਿੱਥੇ ਕਿੱਥੇ ਮਿਲਿਆ ਸੀ? ਮੈਂ ਸਰਕਾਰ ਵਿਰੋਧੀ ਗਤੀਵਿਧੀਆਂ ਵਿਚ ਕਿੱਥੇ ਅਤੇ ਕਿਵੇਂ ਉਸਦੀ ਅਗਵਾਈ ਕੀਤੀ ਸੀ ਜਾਂ ਉਸਦਾ ਸਾਥ ਦਿੱਤਾ ਸੀ? ਕੀ ਇਹ ਦੋਵਰਕੀਆਂ ਉਹਨੂੰ ਮੈਂ ਹੀ ਸਪਲਾਈ ਕੀਤੀਆਂ ਸਨ? ਸਮੁੱਚੇ ਤੌਰ 'ਤੇ ਸਰਕਾਰ ਖਿਲਾਫ਼ ਮੈਂ ਕੀ ਕੀ ਕਰ ਰਿਹਾ ਸਾਂ? ਆਦਿ।'

ਪੁਲਿਸ ਐਵੇਂ ਹੀ ਮੈਨੂੰ 'ਵੱਡੇ ਲੀਡਰਾਂ' ਵਿਚ ਸਮਝੀ ਫਿਰਦੀ ਸੀ! ਭਾਵੇਂ ਦੋਵਰਕੀਆਂ ਵੰਡਣ-ਵੰਡਾਉਣ ਵਾਲੇ ਪਹਿਲਾਂ ਤੋਂ ਹੀ ਕਿਸੇ ਨਾ ਕਿਸੇ ਰੂਪ ਵਿਚ ਮੇਰੇ ਜਾਣੂ ਜ਼ਰੂਰ ਸਨ ਪਰ ਇਹਨਾਂ 'ਦੋਵਰਕੀਆਂ' ਨਾਲ ਮੇਰਾ ਕੋਈ ਵੀ ਸਿੱਧਾ ਸੰਬੰਧ ਨਹੀਂ ਸੀ। ਸ਼ਾਇਦ ਇਹਨਾਂ ਨੂੰ ਵੰਡਣ ਦਾ ਨਿਰਣਾ ਵੀ ਉਦੋਂ ਲਿਆ ਗਿਆ ਸੀ ਜਦੋਂ ਮੈਂ ਜੇਲ੍ਹ ਵਿਚ ਹੀ ਸਾਂ।

ਨਿਸਚੈ ਹੀ ਬਲਬੀਰ ਕੋਲ ਮੇਰੇ ਬਾਰੇ ਬਹੁਤਾ ਦੱਸਣ ਲਈ ਨਹੀਂ ਸੀ। ਤਸ਼ੱਦਦ ਦੀ ਝਾਲ ਨਾ ਝੱਲਦਿਆਂ ਉਹ ਮੇਰੇ ਬਾਰੇ ਜਿੰਨਾਂ ਕੁ ਜਾਣਦਾ ਸੀ, ਉਸਨੇ ਪੁਲਿਸ ਨੂੰ ਦੱਸ ਦਿੱਤਾ ਸੀ। ਮਸਲਨ: ਉਹ ਮੈਨੂੰ ਇੱਕ ਅਗਾਂਹ-ਵਧੂ ਲੇਖਕ ਵਜੋਂ ਜਾਣਦਾ ਸੀ। ਉਹ ਮੈਨੂੰ ਨਿੱਜੀ ਤੌਰ 'ਤੇ ਸਿਰਫ਼ ਦੋ ਵਾਰ ਮਿਲਿਆ ਸੀ। ਕਿੱਥੇ ਕਿੱਥੇ ਮਿਲਿਆ ਸੀ, ਉਸ ਨੇ ਇਹ ਵੀ ਦੱਸ ਦਿੱਤਾ ਸੀ। ਪਰ ਉਸਦੀ ਵਡਿਆਈ ਇਹ ਸੀ ਕਿ ਉਸਨੇ ਮੇਰੇ ਬਾਰੇ ਜੋ ਜੋ ਦੱਸਿਆ ਸੀ, ਇੰਟੈਰੋਗੇਸ਼ਨ ਸੈਂਟਰ ਤੋਂ ਮੁਕਤ ਹੋ ਕੇ ਜੇਲ੍ਹ ਵਿਚ ਜਾਣ ਉਪਰੰਤ ਉਸਨੇ ਉਸਦੇ ਵੇਰਵੇ ਕਿਸੇ ਨਾ ਕਿਸੇ ਤਰ੍ਹਾਂ ਮੇਰੇ ਤੱਕ ਪੁੱਜਦੇ ਕਰ ਦਿੱਤੇ ਸਨ ਅਤੇ ਇਹ ਵੀ ਆਖਿਆ ਸੀ ਕਿ ਜੇ ਕਿਤੇ ਮੈਨੂੰ ਇਸ ਬਾਰੇ ਪੁੱਛ-ਗਿੱਛ ਹੋਵੇ ਤਾਂ ਮੈਂ ਉਸਦੀ ਦਿੱਤੀ ਸੂਚਨਾ ਦੇ ਦਾਇਰੇ ਵਿਚ ਹੀ ਰਹਾਂ।

ਥਾਣੇਦਾਰ ਨੇ ਦੁਹਰਾ ਕੇ ਪੁੱਛਿਆ ਤਾਂ ਮੈਂ ਆਪਣੀ ਜਾਣ-ਪਛਾਣ ਵਾਲੇ ਤਿੰਨਾਂ-ਚਹੁੰ 'ਬਲਬੀਰਾਂ' ਬਾਰੇ ਕਿਹਾ। ਕੋਈ ਮੇਰੇ ਪਿੰਡ ਦਾ ਸਾਧਾਰਨ ਕਿਰਸਾਨ ਸੀ। ਕੋਈ ਮੇਰਾ ਕਿਸੇ ਸਮੇਂ ਜਮਾਤੀ ਰਹਿ ਚੁੱਕਾ ਸੀ ਅਤੇ ਅੱਜ ਕੱਲ੍ਹ ਫ਼ੌਜ ਵਿਚ ਸੀ। ਕੋਈ ਹੋਰ ਬਲਬੀਰ ਸਕੂਲ ਮਾਸਟਰ ਸੀ। ਪਰ ਇਹਨਾਂ ਵਿਚੋਂ ਕਿਸੇ ਦਾ ਵੀ ਕਿਸੇ ਤਰ੍ਹਾਂ ਦੇ 'ਸਰਕਾਰੀ ਵਿਰੋਧ' ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ।

"ਅਸਲੀ ਬੰਦੇ ਦਾ ਨਾਂ ਲਓ।" ਥਾਣੇਦਾਰ ਵੀ ਜਾਣਦਾ ਸੀ ਕਿ ਮੈਂ ਐਵੇਂ 'ਆਲਾ-ਟਾਲਾ' ਕਰ ਰਿਹਾ ਸਾਂ!

ਟਰੱਕ ਬਿਆਸ ਥਾਣੇ ਦੇ ਬਾਹਰ ਆਣ ਖਲੋਤਾ। ਮੈਨੂੰ ਹਵਾਲਾਤ ਵਿਚ ਬੰਦ ਕਰਕੇ ਉਹ ਆਪਣੀ ਕਾਰਵਾਈ ਵਿਚ ਰੁੱਝ ਗਏ। ਮੈਂ ਸੋਚਾਂ ਦੇ ਘੋੜੇ ਦੁੜਾਉਣ ਲੱਗਾ? ਅੱਗੋਂ ਵਾਪਰਨ ਵਾਲੇ ਭਾਣੇ ਬਾਰੇ ਤਰ੍ਹਾਂ ਤਰ੍ਹਾਂ ਦੀ ਕਲਪਨਾ ਕਰਨ ਲੱਗਾ। ਹੁਣ ਕੀ ਹੋਵੇਗਾ? ਕੀ ਮੈਨੂੰ ਵੀ ਇੰਟੈਰੋਗੇਸ਼ਨ ਸੈਂਟਰ ਵਿਚ ਭੇਜਣਗੇ? ਪਿੱਛੋਂ ਮੇਰੇ ਘਰ ਵਾਲਿਆਂ ਨੂੰ ਕਿਵੇਂ ਪਤਾ ਲੱਗੇਗਾ ਕਿ ਮੈਨੂੰ ਪੁਲਿਸ ਕਿੱਥੇ ਲੈ ਗਈ ਹੈ! ਮੇਰੀ ਪਤਨੀ ਦਾ ਕੀ ਹਾਲ ਹੋਵੇਗਾ? ਅਜੇ ਤਾਂ ਉਹ ਪਹਿਲੇ ਸਦਮੇ ਵਿਚੋਂ ਨਹੀਂ ਸੀ ਉਭਰੀ! ਮੇਰੇ ਨਾਲ ਵਿਆਹ ਹੁੰਦਿਆਂ ਹੀ ਉਹ ਦੁੱਖਾਂ ਦੇ ਲੜ ਲੱਗ ਗਈ ਸੀ। ਵਿਆਹੁਤਾ-ਜੀਵਨ ਦੇ ਪਹਿਲੇ ਸਾਲ ਵਿਚ ਹੀ ਸਾਡੇ ਘਰ ਲੜਕਾ ਹੋ ਕੇ ਗੁਜ਼ਰ ਗਿਆ ਸੀ। ਅਗਲੇ ਸਾਲ ਹੁਣ ਧੀ ਆਈ ਸੀ ਤਾਂ ਮੈਂ ਜੇਲ੍ਹਾਂ ਦਾ ਰੁਖ ਕਰ ਲਿਆ ਸੀ! ਉਹਨੂੰ ਤਾਂ ਨਿਸਚੈ ਹੀ ਆਪਣਾ ਭਵਿੱਖ ਹਨੇਰਾ ਨਜ਼ਰ ਆਉਣ ਲੱਗ ਪਿਆ ਹੋਵੇਗਾ! ਦੂਜਾ ਮੈਨੂੰ ਅਜੇ ਵੀ ਮੇਰੇ ਜ਼ਮਾਨਤੀਏ ਨੂੰ ਜ਼ਮਾਨਤ ਪੈ ਜਾਣ ਦਾ ਫ਼ਿਕਰ ਲੱਗਾ ਹੋਇਆ ਸੀ। ਮੇਰੇ ਖਿਆਲ ਵਿਚ ਸੀ ਕਿ ਬੱਸ ਅੱਜ ਮੈਂ ਅਦਾਲਤ 'ਚੋਂ ਗ਼ੈਰ-ਹਾਜ਼ਰ ਹੋਇਆ ਨਹੀਂ ਤੇ ਅਗਲਿਆਂ ਨੇ ਜ਼ਮਾਨਤ ਉਗਰਾਹੁਣ ਦੇ ਆਰਡਰ ਕੀਤੇ ਨਹੀਂ! ਮੈਂ ਤਾਂ ਇਹ ਵੀ ਸੋਚ ਰਿਹਾ ਸਾਂ ਕਿ ਆਖ਼ਰਕਾਰ ਇਹ ਤਿੰਨ ਲੱਖ ਮੈਨੂੰ ਹੀ ਪੈਣੇ ਨੇ। ਸਰੀਰ ਅਤੇ ਮਨ ਦੀ ਸੱਟ ਤਾਂ ਮੈਂ ਝੱਲ ਸਕਦਾ ਸਾਂ ਪਰ ਪੈਸੇ ਦੀ ਨਹੀਂ। ਉਂਝ ਹੈ ਇਹ ਮੇਰੀ ਅਣਜਾਣਤਾ ਸੀ। ਕਾਨੂੰਨੀ ਪ੍ਰਕਿਰਿਆ ਬਾਰੇ ਅਸਲੋਂ ਨਾਵਾਕਫ਼ੀਅਤ।

ਥਾਣੇ ਦਾ ਮੁਨਸ਼ੀ ਜਦੋਂ ਸ਼ਾਮ ਨੂੰ ਮੇਰੇ ਕੋਲੋਂ ਮੇਰੇ ਬਾਰੇ ਲੋੜੀਂਦੇ ਵੇਰਵੇ ਪੁੱਛ ਕੇ ਰਜਿਸਟਰ 'ਤੇ ਲਿਖ ਰਿਹਾ ਸੀ ਤਾਂ ਮੈਂ ਉਸ ਕੋਲੋਂ ਜ਼ਮਾਨਤ ਬਾਰੇ ਜਾਣਕਾਰੀ ਲੈਣੀ ਚਾਹੀ। ਉਹ ਹਮਦਰਦੀ ਨਾਲ ਮੇਰੇ ਵੱਲ ਵੇਖਣ ਲੱਗਾ। ਸ਼ਾਇਦ ਉਸਨੇ ਤਾਂ ਮੇਰੀ ਬਹੁਤ ਤਕੜੇ ਤੇ ਸਾਰੇ ਕਾਨੂੰਨੀ ਦਾਅ-ਪੇਚਾਂ ਦੀ ਸਮਝ ਰੱਖਣ ਵਾਲੇ ਬੰਦੇ ਵਜੋਂ ਕਲਪਨਾ ਕੀਤੀ ਸੀ ਅਤੇ ਮੈਂ ਜ਼ਮਾਨਤ 'ਪੈ ਜਾਣ' ਦੀ ਪ੍ਰਕਿਰਿਆ ਬਾਰੇ ਮੁਢਲੀ ਜਿਹੀ ਜਾਣਕਾਰੀ ਤੋਂ ਵੀ ਖਾਲੀ ਸਾਂ ਅਤੇ ਇਸ ਬਾਰੇ ਐਵੇਂ ਹੀ ਫ਼ਾਲਤੂ ਦੀ ਫ਼ਿਕਰਮੰਦੀ ਦਿਖਾ ਰਿਹਾ ਸਾਂ!

"ਓ ਭਾ ਜੀ! ਕੁਛ ਨ੍ਹੀਂ ਹੁੰਦਾ! ਤੁਹਾਡੀ ਅੱਜ ਦੀ ਗ੍ਰਿਫ਼ਤਾਰੀ ਪੈ ਗਈ ਹੈ। ਇਹ ਸੂਚਨਾ ਆਪੇ ਅਦਾਲਤ ਤੱਕ ਪਹੁੰਚ ਜਾਣੀ ਹੈ। ਜ਼ਮਾਨਤ ਤੁਹਾਨੂੰ ਕਿੱਥੋਂ ਪੈ ਜਾਊ! ਏਨੀ ਛੇਤੀ ਕਿੱਥੇ ਜ਼ਮਾਨਤਾਂ ਪੈਂਦੀਆਂ ਨੇ। ਤੁਸੀਂ

ਤਾਂ 'ਵੱਡੇ ਬੰਦੇ' ਓ, ਛੋਟੀਆਂ ਗੱਲਾਂ ਦਾ ਫ਼ਿਕਰ ਕਿਉਂ ਕਰਦੇ ਜੇ!"

ਮੈਂ ਸ਼ਰਮਿੰਦਾ ਜਿਹਾ ਹੋ ਗਿਆ। ਮੈਨੂੰ ਉਸ ਵੱਲੋਂ ਬਣਾਏ ਮੇਰੇ ਬਿੰਬ ਨੂੰ ਕਾਇਮ ਰੱਖਣਾ ਚਾਹੀਦਾ ਸੀ! ਮੈਂ ਤਾਂ ਉਸ ਲਈ ਅਜਿਹਾ ਵਿਅਕਤੀ ਸਾਂ ਜੋ ਇਸ ਦਮ-ਘੋਟੂ ਸਿਆਸੀ ਮਾਹੌਲ ਵਿਚ ਹਕੂਮਤ ਦੇ ਜਬਰ ਵਿਰੁੱਧ ਆਵਾਜ਼ ਉਠਾਉਣ ਵਾਲੇ ਚੰਦ ਇਕ ਵਿਰਲੇ ਬੰਦਿਆਂ ਵਿਚੋਂ ਸਾਂ! ਸ਼ਾਇਦ ਮੈਨੂੰ 'ਮਹੱਤਵ-ਪੂਰਨ' ਸਮਝਦਿਆਂ ਹੋਇਆਂ ਹੀ ਇਹਨਾਂ ਨੇ ਸਵੇਰ ਦੀ ਮੇਰੇ ਨਾਲ ਕੋਈ ਬਦ-ਤਮੀਜ਼ੀ ਨਹੀਂ ਸੀ ਕੀਤੀ। ਹੱਥਕੜੀ ਵੀ ਨਹੀਂ ਸੀ ਲਾਈ। ਮੈਨੂੰ 'ਤੁਸੀਂ' ਕਹਿ ਕੇ ਬੁਲਾਉਂਦੇ ਰਹੇ ਸਨ।

ਤੇ ਮੈਂ ਐਵੇਂ ਹੀ 'ਪਾਣੀ 'ਚ ਬਹਿੰਦਾ ਜਾਂਦਾ' ਸਾਂ!

ਮੁਨਸ਼ੀ ਨੇ ਮੈਨੂੰ ਤਕੜਾ ਕਰ ਦਿੱਤਾ ਸੀ। ਮੇਰੀ ਰੀੜ੍ਹ ਦੀ ਹੱਡੀ ਤਣ ਗਈ ਤੇ ਧੌਣ ਸਵੈਮਾਣ ਵਿਚ ਸਿੱਧੀ ਹੋ ਗਈ।

ਕੁੰਭੀ ਨਰਕ

ਰਾਤ ਨੂੰ ਵੱਡਾ ਥਾਣੇਦਾਰ ਮੇਰੇ ਕੋਲ ਆਇਆ ਅਤੇ ਮੈਨੂੰ ਕਿਹਾ, "ਮਾਸਟਰ ਜੀ! ਤੁਹਾਨੂੰ ਬਿਜਲੀ ਬੋਰਡ ਵਾਲੇ ਬਲਬੀਰ ਦੇ ਬਿਆਨਾਂ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਂਜ ਤਾਂ ਸਵੇਰੇ ਕਰਿਸਮਿਸ ਦੀ ਛੁੱਟੀ ਐ ਪਰ ਹੋ ਸਕਦਾ ਅਸੀਂ ਤੁਹਾਨੂੰ ਕੱਲ੍ਹ ਹੀ ਅਦਾਲਤ ਵਿਚ ਪੇਸ਼ ਕਰ ਦਈਏ; ਨਹੀਂ ਤਾਂ ਪਰਸੋਂ ਤਾਂ ਕਰਾਂਗੇ ਹੀ। ਅਸੀਂ ਤੁਹਾਥੋਂ ਕੋਈ ਪੁੱਛ-ਗਿੱਛ ਨਹੀਂ ਕਰਨੀ। ਆਪੇ ਕਰਨ ਵਾਲੇ ਕਰਨਗੇ। ਹਾਲ ਦੀ ਘੜੀ ਤੁਸੀਂ ਬੇਫ਼ਿਕਰ ਹੋ ਕੇ ਸਵੋਂ।"

'ਮੇਰੀ ਪੁੱਛ-ਗਿੱਛ ਆਪੇ ਅਗਲੇ ਕਰਨਗੇ' ਦਾ ਸੰਕੇਤ ਦੱਸਦਾ ਸੀ ਕਿ ਮੈਨੂੰ ਇੰਟੈਰੋਗੇਸ਼ਨ ਸੈਂਟਰ ਵਿਚ ਲਿਜਾਇਆ ਜਾਵੇਗਾ। ਇਸ 'ਬੁੱਚੜਖ਼ਾਨੇ' ਵਿਚ ਹੋਣ ਵਾਲੇ ਤਸ਼ੱਦਦ ਦੀਆਂ ਅਨੇਕਾਂ ਕਹਾਣੀਆਂ ਮੇਰੇ ਜ਼ਿਹਨ ਵਿਚ ਕੁਲਬੁਲਾਉਣ ਲੱਗੀਆਂ। ਡਰਿਆ, ਸਹਿਮਿਆ ਮੈਂ ਆਪਣੇ ਨਾਲ ਹੋਣ ਵਾਲੇ ਤਸ਼ੱਦਦ ਦੀ ਕਲਪਨਾ ਕਰਨ ਲੱਗਾ। ਮਤੀ ਦਾਸ ਦੇ ਸਿਰ 'ਤੇ ਆਰਾ ਚੱਲਣ, ਬੰਦਾ ਸਿੰਘ ਦਾ ਮਾਸ ਜੰਬੂਰਾਂ ਨਾਲ ਨੋਚੇ ਜਾਣ, ਮਨੀ ਸਿੰਘ ਦੇ 'ਬੰਦ ਬੰਦ ਕੱਟੇ ਜਾਣ', ਤਾਰੂ ਸਿੰਘ ਦੀ ਖੋਪੜੀ ਲਹਿਣ ਦੇ ਦ੍ਰਿਸ਼ਾਂ ਤੋਂ ਲੈ ਕੇ ਭਗਤ ਸਿੰਘ ਹੁਰਾਂ ਉਤੇ ਢਾਏ ਜਾਣ ਵਾਲੇ ਜ਼ੁਲਮ ਦੇ ਵੇਰਵੇ ਮੇਰੇ ਚੇਤਿਆਂ ਵਿਚੋਂ ਲੰਘਣ ਲੱਗੇ। ਮੈਂ ਵੀ ਤਾਂ ਇਹਨਾਂ ਵਡੇਰਿਆਂ ਦੀ ਹੀ 'ਅੰਸ-ਬੰਸ' ਸਾਂ। ਵਰਤਮਾਨ ਵਿਚ ਵੀ ਸੂਰਮਿਆਂ ਨੂੰ ਕਿਹੜੇ ਕਿਹੜੇ ਕਸ਼ਟ ਨਹੀਂ ਝੱਲਣੇ ਪਏ! ਕੀ ਹੋ ਚੱਲਿਆ ਏ ਮੈਨੂੰ! ਪਰਸੋਂ ਨਹੀਂ, ਕੱਲ੍ਹ ਹੀ ਪੇਸ਼ ਕਰ ਦੇਣ ਤਾਂ ਚੰਗਾ ਹੈ! ਮੈਂ ਕਲਪਨਾ ਦੀ ਪੀੜ ਨਾਲੋਂ ਹਕੀਕਤ ਦੀ ਪੀੜ ਸਹਿਣ ਲਈ ਤਿਆਰ ਸਾਂ!

ਇਹ ਸੋਚਦਿਆਂ ਸੋਚਦਿਆਂ ਮੈਨੂੰ ਥੋੜ੍ਹੀ ਦੇਰ ਬਾਅਦ ਗੂੜ੍ਹੀ ਨੀਂਦ ਆ ਗਈ। ਮੇਰੀ ਮਨੋਵਿਗਿਆਨਕ ਬਣਤਰ ਵਿਚ ਹੀ ਇਹ ਗੱਲ ਹੈ (ਹੋਰਨਾਂ ਦੀ ਵੀ ਸ਼ਾਇਦ ਇਹੋ ਹਾਲਤ ਹੋਵੇ) ਕਿ ਜਦ ਵੀ ਕਦੇ ਸੰਘਣਾਂ ਸੰਕਟ ਮੇਰੇ ਸਾਹਮਣੇ ਹੁੰਦਾ ਹੈ ਤਾਂ ਉਹਨੂੰ ਸਮਝਦਿਆਂ ਅਤੇ ਅੱਗੋਂ ਬੁਰੇ ਤੋਂ ਬੁਰਾ ਵਾਪਰਨ ਦਾ ਅੰਦਾਜ਼ਾ ਲਾਉਂਦਿਆਂ ਅਤੇ ਆਪਣੇ ਆਪ ਨੂੰ 'ਤਿਆਰ' ਕਰਦਿਆਂ ਹੀ ਮੈਨੂੰ ਨੀਂਦ ਆ ਘੇਰਦੀ ਹੈ। ਜਦੋਂ ਮੇਰੀ ਜਾਗ ਖੁੱਲ੍ਹਦੀ ਹੈ ਤਾਂ ਮੈਂ ਸਹਿਜ ਹੋ ਕੇ ਸਭ ਸਹਿਣ ਲਈ ਅਤੇ ਕਿਸੇ ਵੀ ਪ੍ਰਕਾਰ ਦੇ ਭਵਿੱਖੀ-ਸੰਕਟ ਦਾ ਟਾਕਰਾ ਕਰਨ ਲਈ ਤਿਆਰ ਹੋ ਜਾਂਦਾ ਰਿਹਾ ਹਾਂ।

ਅਗਲੇ ਛੁੱਟੀ ਵਾਲੇ ਦਿਨ ਅੰਮ੍ਰਿਤਸਰ ਦੀ ਅਦਾਲਤ ਵਿਚ ਵਿਸ਼ੇਸ਼ ਤੌਰ 'ਤੇ ਬੈਠੇ ਮਜਿਸਟਰੇਟ ਅੱਗੇ ਪੇਸ਼ ਕਰ ਕੇ ਮੇਰਾ ਦੋ ਹਫ਼ਤਿਆਂ ਦਾ ਪੁਲਿਸ ਰੀਮਾਂਡ ਮੰਗਿਆ ਗਿਆ। ਮਜਿਸਟਰੇਟ ਨੇ ਇੱਕ ਹਫ਼ਤੇ ਦਾ ਰੀਮਾਂਡ ਲਿਖਿਆ। ਬਿਆਸ ਵਾਲਾ ਛੋਟਾ ਥਾਣੇਦਾਰ ਅਤੇ ਦੋ ਸਿਪਾਹੀ ਮੈਨੂੰ ਜ਼ਿਲ੍ਹਾ ਕਚਹਿਰੀਆਂ ਤੋਂ ਥੋੜ੍ਹੀ ਵਾਟ 'ਤੇ ਪੈਂਦੇ ਇੰਟੈਰੋਗੇਸ਼ਨ ਸੈਂਟਰ ਵੱਲ ਪੈਦਲ ਹੀ ਲੈ ਤੁਰੇ। ਸੈਂਟਰ ਦੇ ਬਾਹਰ, ਲਹਿੰਦੇ ਸੂਰਜ ਦੀ ਪੀਲੀ ਤੇ ਕਮਜ਼ੋਰ ਜਿਹੀ ਧੁੱਪ ਸੇਕਦੇ ਹੋਏ, ਤਿੰਨ-ਚਾਰ ਕਰਮਚਾਰੀ ਸਾਦਾ ਪਹਿਰਾਵੇ ਵਿਚ ਛੁੱਟੀ ਦੇ ਮੂਡ ਵਿੱਚ ਹੱਸ -ਖੇਡ ਰਹੇ ਸਨ। ਇੱਕ ਅੱਧਾ ਵਰਦੀ ਵਿਚ ਵੀ ਹੋਵੇਗਾ।

"ਵਾਹ ਜੀ! ਅੱਜ ਕੋਈ ਵਾਹਵਾ ਪੜ੍ਹਿਆ ਲਿਖਿਆ ਬੰਦਾ ਸਾਡੇ ਲਈ ਸ਼ਿਕਾਰ ਕਰਕੇ ਲਿਆਏ ਲੱਗਦੇ ਜੇ!" ਬੈਠਿਆਂ ਵਿਚੋਂ ਕਿਸੇ ਨੇ ਕਿਹਾ।

ਮੈਂ ਆਪਣੇ ਘਰੋਂ ਗਰਮ ਸੂਟ ਪਹਿਨ ਕੇ ਅਤੇ 'ਟਾਈ-ਸ਼ਾਈ' ਲਾ ਕੇ ਤਰੀਕ ਭੁਗਤਣ ਆਇਆ ਕਾਬੂ ਕਰ ਲਿਆ ਗਿਆ ਸਾਂ। 'ਪੜ੍ਹਿਆ ਲਿਖਿਆ' ਤਾਂ ਲੱਗਦਾ ਹੀ ਸਾਂ!

"ਇਹ ਮਾਸਟਰ ਵਰਿਆਮ ਸੁੰਹ ਆਂ! ਐਮ ਏ ਪਾਸ ਐ। ਐਮ ਏ 'ਚੋਂ ਆਪਣੀ ਯੂਨੀਵਰਸਿਟੀ ਦੇ ਸਾਰੇ ਪੰਜਾਂ ਚਹੁੰ ਜ਼ਿਲ੍ਹਿਆਂ ਵਿਚੋਂ ਪਹਿਲੇ ਨੰਬਰ 'ਤੇ ਆਇਆ। ਲਿਖਾਰੀ ਐ। ਬੜੀਆਂ ਕਿਤਾਬਾਂ ਸ਼ਿਤਾਬਾਂ ਛਪੀਆਂ।" ਥਾਣੇਦਾਰ ਨੇ ਆਖਿਆ।

"ਅੱਛਾ! ਅੱਛਾ!" ਉਹ ਜਿਵੇਂ ਪਹਿਲਾਂ ਹੀ ਮੇਰੇ ਬਾਰੇ ਅਤੇ ਮੇਰੇ ਏਥੇ ਆਉਣ ਬਾਰੇ ਜਾਣਦੇ ਸਨ!

ਆਪਣੇ ਬਾਰੇ ਇਹ ਸਾਰੀ ਜਾਣਕਾਰੀ ਮੈਂ ਬਿਆਸ ਥਾਣੇ ਦੇ ਪੁਲਿਸੀਆਂ ਨੂੰ ਆਪਣਾ 'ਵਜ਼ੂਕਾ' ਬਣਾਉਣ ਲਈ ਦਿੱਤੀ ਹੋਈ ਸੀ। ਐਮ ਏ ਦਾ ਤਾਂ ਭਾਵੇਂ ਮੈਂ ਅਜੇ ਪਹਿਲਾ ਭਾਗ ਹੀ ਪਾਸ ਕੀਤਾ ਸੀ ਪਰ ਯੂਨੀਵਰਸਿਟੀ ਵਿਚੋਂ ਤਾਂ 'ਫ਼ਸਟ ਕਲਾਸ ਫ਼ਸਟ' ਆਇਆ ਹੀ ਸਾਂ! ਪਹਿਲੇ ਨੰਬਰ 'ਤੇ ਆਉਣ 'ਤੇ ਅਖ਼ਬਾਰ ਵਿਚ ਛਪੀ ਫ਼ੋਟੋ ਦਾ ਜ਼ਿਕਰ ਵੀ ਕੀਤਾ ਸੀ। ਮੈਨੂੰ ਪਤਾ ਸੀ; ਪੁਲਸੀਏ ਘੱਟ ਪੜ੍ਹੇ ਹੁੰਦੇ ਹਨ ਤੇ ਉਹਨਾਂ 'ਤੇ ਵੱਧ ਪੜ੍ਹੀਆਂ ਜਮਾਤਾਂ ਦਾ 'ਰੋਹਬ' ਜ਼ਰੂਰ ਪਏਗਾ! ਕਿਤਾਬ ਵੀ ਹਾਲੀ ਤੱਕ ਇੱਕ ਹੀ ਛਪੀ ਸੀ, 'ਲੋਹੇ ਦੇ ਹੱਥ'। ਪਰ ਕਹਾਣੀਆਂ, ਕਵਿਤਾਵਾਂ ਅਕਸਰ ਵੱਖ ਵੱਖ ਅਖ਼ਬਾਰਾਂ ਰਿਸਾਲਿਆਂ ਵਿਚ ਛਪਦੀਆਂ ਹੀ ਰਹਿੰਦੀਆਂ ਸਨ। ਮੇਰੀ ਇਸ ਜੁਗਤ ਦਾ ਨਿਸਚੇ ਹੀ ਕੁਝ ਤਾਂ ਅਸਰ ਹੋਇਆ ਹੀ ਸੀ! ਮੇਰੇ ਨਾਲ ਪੁਲਸੀਆਂ ਦਾ ਰਵੱਈਆ 'ਪੁਲਸੀਆਂ ਵਾਲਾ' ਘੱਟ ਅਤੇ 'ਹਮਦਰਦਾਂ ਵਾਲਾ' ਵੱਧ ਰਿਹਾ ਸੀ। ਇਥੇ ਵੀ ਥਾਣੇਦਾਰ ਵੱਲੋਂ ਕਰਵਾਈ ਮੁਢਲੀ ਜਾਣ-ਪਛਾਣ ਵਿਚ ਇਹ ਅਸਰ ਬੋਲਦਾ ਸੀ। ਨਹੀਂ ਤਾਂ ਇੱਕ ਮੁਲਜ਼ਮ ਬਾਰੇ ਏਨੀ ਚੰਗੀ ਭੂਮਿਕਾ ਬੰਨ੍ਹਣ ਦੀ ਭਲਾ ਕੀ ਲੋੜ ਸੀ!

"ਆਓ! ਜੀ, ਆਓ!" ਇੱਕ ਜਣਾ ਰਜਿਸਟਰ 'ਤੇ ਮੇਰਾ ਨਾਂ-ਪਤਾ ਦਰਜ ਕਰਨ ਲੱਗਾ। ਕਲਮ ਰੱਖ ਕੇ ਉਸਨੇ ਪੁੱਛਿਆ:

"ਤੇ ਯਸ਼ਪਾਲ ਨੂੰ ਕਦੋਂ ਲਿਆ ਰਹੇ ਜੇ?"

ਸਾਡੇ ਇਲਾਕੇ ਵਿਚ ਸਰਕਾਰ ਵਿਰੁੱਧ ਦੋਵਰਕੀਆਂ ਵੰਡਣ-ਵੰਡਾਉਣ ਦੀ ਜ਼ਿੰਮੇਵਾਰੀ ਜਸਵੰਤ ਖਾਲਤਾ ਦੀ ਸੀ। ਉਸਨੇ ਹੀ ਵੰਡਣ ਵਾਲੇ ਨੂੰ ਦੱਸਣਾ ਸੀ ਕਿ ਦੋਵਰਕੀਆਂ ਵੰਡਦਿਆਂ ਫੜੇ ਜਾਣ 'ਤੇ ਫੜੇ ਜਾਣ ਵਾਲੇ ਨੇ ਕਿਸ ਦਾ ਨਾ ਲੈਣਾ ਅਤੇ ਕਿਸ ਉਤੇ ਸਾਰੀ ਜ਼ਿੰਮੇਵਰੀ ਸੁੱਟਣੀ ਹੈ। ਪਰ ਖਾਲਤਾ ਬਲਬੀਰ ਨੂੰ ਉਸ ਬੰਦੇ ਦਾ ਨਾਂ ਦੱਸਣਾ ਵਿੱਸਰ ਗਿਆ ਸੀ। ਬਲਬੀਰ ਕੁੱਟ ਖਾਈ ਜਾ ਰਿਹਾ ਸੀ ਪਰ 'ਦੋਵਰਕੀਆਂ' ਸਪਲਾਈ ਕਰਨ ਵਾਲੇ ਦਾ ਨਾਂ ਨਹੀਂ ਸੀ ਦੱਸ ਰਿਹਾ।

ਬਲਬੀਰ ਨੂੰ ਰੋਜ਼ ਕੁਟਾਪਾ ਚੜ੍ਹਦਿਆਂ ਵੇਖ ਕੇ ਇੱਕ ਦਿਨ ਇੱਕ ਤਜਰਬੇਕਾਰ ਸਮਗਲਰ ਨੇ ਬਲਬੀਰ ਨੂੰ ਸਮਝਾਇਆ ਕਿ ਪੁਲਸੀਆਂ ਨੇ ਤੈਨੂੰ ਓਨਾ ਚਿਰ ਕੁੱਟੀ ਹੀ ਜਾਣਾ ਹੈ ਜਿੰਨਾਂ ਚਿਰ ਤੂੰ ਕਿਸੇ ਦਾ ਝੂਠਾ-ਸੱਚਾ ਨਾਂ ਨਹੀਂ ਲੈਂਦਾ। ਜੇ ਤੂੰ ਅਸਲੀ ਬੰਦੇ ਨੂੰ ਬਚਾਉਣਾ ਹੀ ਹੈ ਤਾਂ ਤੂੰ ਕਿਸੇ

ਅਜਿਹੇ ਬੰਦੇ ਦਾ ਨਾਂ ਲੈ ਦੇ, ਜਿਹੜਾ ਪਹਿਲਾਂ ਹੀ ਪੁਲਿਸ ਨੂੰ ਲੋੜੀਂਦਾ ਹੋਵੇ।

'ਕਹਾਣੀ ਅੱਗੇ ਤੋਰਨ ਲਈ', ਹੋਰ ਸਭ ਤੋਂ ਅਣਜਾਣ ਬਣਕੇ ਬਲਬੀਰ ਨੇ ਸਾਰੀ ਜ਼ਿੰਮੇਵਾਰੀ ਯਸ਼ਪਾਲ ਝਬਾਲ 'ਤੇ ਸੁੱਟ ਦਿੱਤੀ। ਯਸ਼ਪਾਲ ਝਬਾਲ ਪੰਜਾਬ ਸਟੂਡੈਂਟ ਯੂਨੀਅਨ ਦਾ ਇਲਾਕੇ ਦਾ ਆਗੂ ਸੀ। ਇੰਟੈਰੋਗੇਸ਼ਨ ਸੈਂਟਰ ਵਾਲੇ ਹੁਣ ਉਸਦੀ ਉਡੀਕ ਬੜੀ 'ਸ਼ਿੱਦਤ' ਨਾਲ ਕਰ ਰਹੇ ਸਨ! ਪਰ ਯਸ਼ਪਾਲ ਬਲਬੀਰ ਦਾ ਜੇਲ੍ਹ ਵਿਚੋਂ ਮਿਲਿਆ 'ਸੁਨੇਹਾ' ਮੇਰੇ ਤੀਕ ਪਹੁੰਚਾ ਕੇ ਆਪ ਯੂ ਪੀ ਵੱਲ ਕਿਧਰੇ ਟਿਭ ਗਿਆ ਸੀ। ਅਸੀਂ ਯਸ਼ਪਾਲ ਬਾਰੇ ਹੱਸਦੇ ਹੋਏ ਆਖਦੇ ਸਾਂ:

"ਪੁਲਿਸ ਅਜੇ ਦਸ ਕੋਹਾਂ 'ਤੇ ਹੁੰਦੀ ਹੈ ਤੇ ਯਸ਼ਪਾਲ ਉਸ ਤੋਂ ਸੌ ਕੋਹ ਦੀ ਵਿੱਥ 'ਤੇ ਦੌੜ ਜਾਂਦਾ ਹੈ!"

ਯਸ਼ਪਾਲ ਹੱਸ ਕੇ ਆਖਦਾ, "ਪੁਲਿਸ ਦੇ ਹੱਥ ਆ ਕੇ ਹੱਡ ਗੋਡੇ ਤੁੜਾਉਣ 'ਚ ਕਾਹਦੀ ਬਹਾਦਰੀ! ਇਹੋ ਜਿਹੇ ਕੰਮਾਂ ਲਈ ਤੁਸੀਂ ਜੋ ਹੋ।"

ਤੇ ਅਸੀਂ ਤਾਂ 'ਹੱਡ-ਗੋਡੇ' ਤੁੜਾਉਣ ਲਈ ਆ ਹੀ ਗਏ ਸਾਂ!

"ਕੋਈ ਨਹੀਂ ਉਹਨੂੰ ਵੀ ਲੈ ਆਵਾਂਗੇ।" ਥਾਣੇਦਾਰ ਨੇ ਕਿਹਾ।

ਸਾਹਮਣੇ ਬੈਠਾ ਕਰਮਚਾਰੀ ਮੇਰੀ ਪਿੱਠ ਪਿੱਛੇ ਕਿਸੇ ਵੱਲ ਵੇਖ ਕੇ ਗਰਜਿਆ।

"ਸੁੱਲਾ ਲੱਗਦਾ, ਇਹ ਭੈਣ ਚੋ' ਸੁੱਲਾ! ਆ ਜਾਹ ਭੈਣ ਗੜੂੰਕਾ! ਆ ਜਾਹ। ਅੱਜ ਤੇਰੇ ਨਾਲ ਕ੍ਰਿਸਮਿਸ ਮਨਾਉਂਦੇ ਆਂ।"

ਇਕ ਹੋਰ ਪੁਲਿਸ ਪਾਰਟੀ ਇਕ ਮੁਸਲਮਾਨ ਲੱਗਦੇ ਬੰਦੇ ਨੂੰ ਲੈ ਕੇ ਪਹੁੰਚ ਗਈ ਸੀ।

"ਇਹ ਜਸੂਸ ਆ ਭੈਣ ਚੋ', ਜਸੂਸ।' ਗਾਂਹ ਹੋ ਕੁੱਤੀ ਦਿਆ ਖਸਮਾਂ! ਏਥੇ ਪਿੱਛੇ ਕੁਤਮਾਂ ਨਾਲ ਮਿਲਣੀ ਕਰਨ ਖਲੋ ਗਿਆਂ!" ਉਹਦੇ ਨਾਲ ਆਏ ਪੁਲਿਸੀਏ ਨੇ ਉਹਦੀ ਧੌਣ ਵਿੱਚ ਇੱਕ ਜ਼ੋਰ ਦੀ ਧੌਲ ਮਾਰੀ। ਉਹ ਮੂੰਹ ਭਾਰ ਡਿੱਗਣੋਂ ਮਸਾਂ ਹੀ ਸੰਭਲਿਆ।

ਇੰਟੈਰੋਗੇਸ਼ਨ ਸੈਂਟਰ ਦੇ ਕਰਮਚਾਰੀਆਂ ਨੇ ਪੁਲਸੀਆਂ ਦੀ ਹੱਥਕੜੀ ਲੁਹਾ ਕੇ ਮੈਨੂੰ 'ਆਪਣੀ' ਹੱਥਕੜੀ ਲਾਈ ਅਤੇ ਮੇਰੇ ਸਿਰ ਉਤੇ, ਜਿਵੇਂ ਫਾਂਸੀ ਚੜ੍ਹਨ ਵਾਲਿਆਂ ਨੂੰ ਪਾਉਂਦੇ ਨੇ, ਕਾਲਾ ਟੋਪ ਪਾ ਕੇ ਮੈਨੂੰ ਡਿਓੜ੍ਹੀ ਵੱਲ ਅੰਦਰ ਨੂੰ ਤੋਰ ਲਿਆ।

'ਤਿਆਰ ਹੋ ਜਾ ਵਰਿਆਮ ਸਿਆਂ! ਇਸ ਨਰਕ ਦੀ ਝਾਕੀ ਵੇਖਣ ਅਤੇ ਨਰਕ ਦੀ ਕੁੱਟ ਸਹਿਣ ਲਈ!'

ਮੈਂ ਆਪਣੇ ਆਪ ਨੂੰ ਆਖਿਆ।

ਕਾਲਾ ਟੋਪ ਪਹਿਨਿਆਂ ਹੋਣ ਕਰਕੇ ਮੈਂ ਪੈਰ ਹੌਲੀ ਹੌਲੀ, ਬੋਚ ਬੋਚ ਕੇ ਧਰ ਰਿਹਾ ਸਾਂ। ਡਿਓੜ੍ਹੀ ਵਿਚੋਂ ਨਿਕਲ ਕੇ ਅੰਦਰ ਵੱਲ ਜਾਂਦੇ ਅਹਾਤੇ ਵਿੱਚ ਅਜੇ ਕੁਝ ਕਦਮ ਹੀ ਰੱਖੇ ਹੋਣਗੇ ਕਿ ਮੈਨੂੰ ਲਿਜਾ ਰਹੇ ਕਰਮਚਾਰੀ ਨੇ ਮੇਰੇ ਸਿਰ ਤੋਂ ਕਾਲਾ ਟੋਪ ਲਾਹੁੰਦਿਆਂ ਆਖਿਆ, "ਲਾਹ ਦਿਓ ਭਾ ਜੀ! ਵੇਖੀ ਜਾਉ! ਐਵੇਂ ਭੈਣ 'ਚੋ ਨਾ ਹੋਣ ਤਾਂ! ਹੈ ਨ੍ਹੀਂ ਅੱਜ ਏਥੇ ਕੋਈ!"

ਉਸਨੇ ਪਤਾ ਨਹੀਂ ਕਿਸਨੂੰ ਗਾਲ੍ਹ ਕੱਢੀ ਸੀ! ਪਰ ਇਹ ਪੱਕ ਸੀ ਕਿ ਉਹਨੂੰ ਮੇਰੇ ਸਿਰ ਉਤੇ ਟੋਪ ਪਾਕੇ ਆਮ ਮੁਲਜ਼ਮਾਂ ਵਾਂਗ ਅੰਦਰ ਲਿਜਾਣਾ ਭਾਇਆ ਨਹੀਂ ਸੀ। ਬਾਹਰ ਸ਼ਾਇਦ ਉਹ ਇਹ ਗੱਲ ਕਹਿਣ ਦੀ ਸਥਿਤੀ ਵਿੱਚ ਨਹੀਂ ਸੀ। ਏਥੇ ਉਸਦੇ ਹੱਥ-ਵੱਸ ਸੀ ਅਤੇ ਉਸਨੇ ਆਪਣੀ ਮਰਜ਼ੀ ਕਰ ਲਈ ਸੀ।

ਮੈਂ ਆਸੇ ਪਾਸੇ ਵੇਖਿਆ। ਇਹ ਕਦੀ ਅੰਮ੍ਰਿਤਸਰ ਦੀ ਪੁਰਾਣੀ ਜੇਲ੍ਹ ਹੁੰਦੀ ਸੀ। ਪਰ ਮੈਂ ਇਸਦਾ ਮੁਆਇਨਾ ਕਰਨ ਦੀ ਸਥਿਤੀ ਵਿੱਚ ਨਹੀਂ ਸਾਂ। ਮੇਰੇ ਅੰਦਰ ਇੱਕ ਖ਼ਾਸ ਕਿਸਮ ਦੀ ਘਬਰਾਹਟ ਸੀ। ਵੇਖਿਆ; ਸਾਡੇ ਤੋਂ ਪੰਦਰਾਂ ਵੀਹ-ਗਜ਼ ਅੱਗੇ ਅੱਗੇ ਤਿੰਨ ਚਾਰ ਜਣੇ ਤੁਰੇ ਜਾ ਰਹੇ ਸਨ। ਉਹਨਾਂ ਵਿਚੋਂ ਇੱਕ ਸਰਦਾਰ ਨੇ ਕਾਲੇ ਰੰਗ ਦਾ ਸੂਟ ਪਹਿਨਿਆਂ ਹੋਇਆ ਸੀ। ਉਹਨਾਂ ਦੇ ਪਿੱਛੇ ਪਿੱਛੇ ਅਸੀਂ ਇੱਕ ਖੁੱਲ੍ਹੇ ਅਹਾਤੇ ਵਿੱਚ ਪਹੁੰਚ ਗਏ। ਇਸ ਅਹਾਤੇ ਵਿੱਚ ਇੱਕ ਪਾਸੇ ਸੀਖਾਂ ਵਾਲੀਆਂ ਕੋਠੜੀਆਂ ਦੀ ਲੰਮੀ ਕਤਾਰ ਸੀ ਅਤੇ ਦੂਜੇ ਪਾਸੇ ਵੀ ਕੋਠੜੀਆਂ ਅਤੇ ਉਹਨਾਂ ਉਤੇ ਕਮਰਿਆਂ ਦੀਆਂ ਕਤਾਰਾਂ ਸਨ। ਖੁੱਲ੍ਹੇ ਅਹਾਤੇ ਦੇ ਪਰਲੇ ਸਿਰੇ 'ਤੇ ਅਸਲੋਂ ਹੀ ਛਿਪ ਰਹੇ ਸੂਰਜ ਦੀ ਲਿੱਸੀ ਧੁੱਪ ਵਿਚ, ਵਰਦੀਆਂ ਵਿੱਚ ਕੱਸੇ ਡਿਊਟੀ 'ਤੇ ਖਲੋਤੇ ਤਿੰਨ ਚਾਰ ਸਿਪਾਹੀ ਸਨ। ਸੂਟਿਡ-ਬੂਟਿਡ ਸਰਦਾਰ ਤੇ ਉਸਦੇ ਸਾਥੀ ਡਿਊਟੀ ਦੇ ਰਹੇ ਸਿਪਾਹੀਆਂ ਕੋਲ ਜਾ ਖਲੋਤੇ। ਅਗਲੇ ਪਲ ਅਸੀਂ ਵੀ ਉਹਨਾਂ ਕੋਲ ਪਹੁੰਚ ਗਏ। ਉਸ ਸਰਦਾਰ ਨੇ ਸਿਪਾਹੀਆਂ ਨੂੰ ਕਿਹਾ, "ਇਹ ਬੜੇ ਵਧੀਆ ਰਾਈਟਰ ਨੇ। ਆਪਣੇ ਖ਼ਾਸ ਬੰਦੇ। ਇਹਨਾਂ ਨੂੰ ਸਾਡੇ ਵੱਲੋਂ ਕੋਈ ਤਕਲੀਫ਼ ਨਹੀਂ ਹੋਣੀ ਚਾਹੀਦੀ। ਆਪਾਂ ਜਿੰਨਾਂ ਕੁ ਵੀ ਇਹਨਾਂ ਲਈ ਕਰ ਸਕਦੇ ਆਂ, ਕਰਨਾ ਚਾਹੀਦਾ ਏ।"

ਜਨਮ ਤੇ ਵਿਸ਼ੇਸ਼

ਧੰਨ ਗੁਰੂ ਗੋਬਿੰਦ ਸਿੰਘ ਸੂਰਮਾ ਜਿਸ ਖ਼ਾਲਸਾ ਪੰਥ ਸਜਾਇਆ।
ਪੰਜ ਪਿਆਰੇ ਸਾਜੇ, ਚਾਰ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾਇਆ।
ਧੰਨ ਗੁਰੂ ....।
ਭੰਗਾਣੀ ਦਾ ਯੁਧ ਲੜਿਆ, ਯੁਧ ਲੜੇ ਬੇ-ਸ਼ੁਮਾਰ।
ਮੁਕਤਸਰ ਦੀ ਜੰਗ ਨਹੀਂ ਭੁਲਣ ਵਾਲੀ, ਚਾਲੀ ਮੁਕਤਿਆਂ ਦਾ ਕੀਤਾ ਉਧਾਰ।
ਮੱਸੇ ਦਾ ਸਿਰ ਕਟਕੇ ਤੇਰੇ ਸਿੱਖਾਂ, ਸ੍ਰੀ ਹਰਿਮੰਦਰ ਸਾਹਿਬ ਆਜ਼ਾਦ ਕਰਵਾਇਆ।
ਧੰਨ ਗੁਰੂ ....।
ਤੇਰੇ ਸਿੱਖ ਚਰਖੜੀਆਂ ਤੇ ਚੜ੍ਹੇ, ਮਨੀ ਸਿੰਘ ਨੇ ਬੰਦ 2 ਕਟਵਾਏ।
ਤੇਰੇ ਸਿੱਖਾਂ ਨੇ ਮੰਨੂ ਦਾ ਜ਼ੁਲਮ ਸਹਿਆ, ਦਰਖ਼ਤਾ ਦੇ ਪਤੇ ਖਾਏ।
ਧਰਮ ਨਹੀਂ ਹਾਰਿਆ, ਜੰਗਲਾਂ ਵਿਚ ਡੇਰਾ ਲਾਇਆ।
ਧੰਨ ਗੁਰੂ ....।
ਅਹਿਮਦ ਸ਼ਾਹ ਨੇ ਸ੍ਰੀ ਅੰਮ੍ਰਿਤਸਰ ਵਿਚ ਖੂਬ ਪਾਪ ਗੁਜ਼ਾਰੇ।
ਬਾਬਾ ਦੀਪ ਸਿੰਘ ਨੇ ਸਿਰ ਤਲੀ ਤੇ ਰਖਕੇ ਦੁਸ਼ਮਨ ਖੂਬ ਮਾਰੇ।
ਪ੍ਰਾਣ ਸਰੀਰੋਂ ਹੋਇ ਨਿਆਰੇ, ਪ੍ਰਣ ਆਪਣਾ ਨਹੀਂ ਭੁਲਾਇਆ।
ਧੰਨ ਗੁਰੂ ....।
ਨਵਾਬ ਲਾਹੌਰ ਦੇ ਨੇ ਤਾਰੂ ਸਿੰਘ ਨੂੰ ਕਿਹਾ ਕੇਸ ਕਟਵਾਉ।
ਦੀਨ ਕਬੂਲ ਨਹੀਂ ਕੀਤਾ, ਸੂਬੇ ਨੇ ਕਿਹਾ ਰੰਬੀ ਨਾਲ ਖੋਪਰੀ ਲਹਾਉ।
ਤੇਰੇ ਸਿੱਖ ਨੇ ਖੋਪਰੀ ਲਹਾ ਲਈ, ਕੇਸਾਂ ਨੂੰ ਨਹੀਂ ਕਟਵਾਇਆ।
ਧੰਨ ਗੁਰੂ ....।

—ਸੁੱਲਖਣ ਸਿੰਘ ਭਿੰਡਰ
ਮੋ.- 90412-82188

ਚਲਦਾ...

ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ

—ਮਹਿੰਦਰ ਸਿੰਘ ਪੰਜਲ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭਾਰਤੀ ਪਰੰਪਰਾ ਦੇ ਰਹਿਨੁਮਾ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ, ਨੌਵੇਂ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਪੁੱਤਰ ਸਨ। ਔਰੰਗਜ਼ੇਬ ਦੇ ਜਰਨੈਲ ਰਾਜਾ ਰਾਮ ਸਿੰਘ ਦੀ ਬੇਨਤੀ ਮੰਨਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਜੀ ਆਸਾਮ ਦੇ ਦੌਰ ਤੇ ਜਾ ਰਹੇ ਸਨ। ਗੁਰੂ ਜੀ ਦੇ ਆਸਾਮ ਜਾਣ ਦੇ ਦੋ ਮੰਤਵ ਸਨ। ਇੱਕ ਤਾਂ ਰਾਜਾ ਰਾਮ ਸਿੰਘ ਦਾ ਆਸਾਮ ਦੇ ਰਾਜੇ ਨਾਲ ਸਮਝੌਤਾ ਕਰਵਾਉਣਾ, ਦੂਸਰਾ ਉਦੇਸ਼ ਪੂਰਬ ਦਿਸ਼ਾ ਵੱਲ ਸਿੱਖੀ ਰਹਿਤ-ਮਰਿਯਾਦਾ ਦਾ ਪ੍ਰਚਾਰ ਕਰਨਾ ਸੀ। ਆਸਾਮ ਨੂੰ ਜਾਂਦੇ ਹੋਏ ਗੁਰੂ ਜੀ ਆਪਣੇ ਮਹਿਲ, ਮਾਤਾ ਗੁਜਰੀ ਜੀ ਨੂੰ ਪਟਨਾ ਸ਼ਹਿਰ ਵਿੱਚ ਛੱਡ ਗਏ ਸਨ. ਉਸੇ ਸਮੇਂ ਸਾਹਿਬ ਏ ਕਮਾਲ ਦਾ ਪ੍ਰਕਾਸ਼ ਪੋਹ ਸੁਦੀ ਸੱਤ ਸੰਮਤ ੧੭੨੩ (੧੬੬੬ ਈ.) ਪਟਨੇ ਸ਼ਹਿਰ ਵਿਖੇ ਹੋਇਆ। ਬਚਿਤਰ ਨਾਟਕ ਵਿੱਚ ਆਪ ਜੀ ਲਿਖਦੇ ਹਨ-

"ਮੁਰ ਪਿਤ ਪੂਰਬ ਕੀਯਸਿ ਪਿਆਨਾ।
ਭਾਂਤਿ ਭਾਂਤਿ ਕੇ ਤੀਰਥ ਨਾਨਾ॥
ਜਬ ਹੀ ਜਾਤ ਤ੍ਰਿਬੇਣੀ ਭਏ।
ਪੁੰਨ ਦਾਨ ਦਿਨ ਕਰਤ ਬਿਤਏ।
ਤਹੀ ਪ੍ਰਕਾਸ਼ ਹਮਾਰਾ ਭਯੋ
ਪਟਨਾ ਸ਼ਹਿਰ ਬਿਖੇ ਭਵ ਲਯੋ॥"

ਬਾਲਕ ਦੇ ਜਨਮ ਦਾ ਖ਼ੁਸ਼ੀ ਭਰਿਆ ਸੁਨੇਹਾ ਗੁਰੂ ਜੀ ਨੂੰ ਆਸਾਮ ਪਹੁੰਚਾਇਆ ਗਿਆ। ਗੁਰੂ ਜੀ ਨੇ ਸਾਧ-ਸੰਗਤ ਨਾਲ ਖ਼ੁਸ਼ੀ ਸਾਂਝੀ ਕੀਤੀ ਅਤੇ ਬਾਲਕ ਦਾ ਨਾਮ ਵੀ ਗੋਬਿੰਦ ਰਾਏ ਰੱਖਿਆ।

ਬਾਲ ਗੋਬਿੰਦ ਰਾਏ ਅੰਦਰ ਛੁਪੇ ਵੱਡੇ ਗੁਣ ਬਚਪਨ ਵਿੱਚ ਹੀ ਪ੍ਰਗਟ ਹੋਣੇ ਸ਼ੁਰੂ ਹੋ ਗਏ ਸਨ। ਪੀਰ ਭੀਖਣ ਸ਼ਾਹ ਆਪ ਨੂੰ ਇਲਾਹੀ ਜੋਤ ਮੰਨ ਕੇ ਆਪ ਜੀ ਦੇ ਦਰਸ਼ਨਾਂ ਨੂੰ ਆਇਆ। ਪੀਰ ਭੀਖਣ ਸ਼ਾਹ ਨੇ ਦੋ ਕੁੱਜੀਆਂ ਲਿਆਂਦੀਆਂ, ਇਹ ਪਰਿਤਾਉਣ ਲਈ ਕਿ ਇਹ ਬਾਲਕ ਵੱਡਾ ਹੋ ਕੇ ਹਿੰਦੂਆਂ ਦੀ ਮੱਦਦ ਕਰੇਗਾ ਜਾਂ ਮੁਸਲਮਾਨਾਂ ਦੀ। ਇਸ ਤੇ ਬਾਲ ਗੋਬਿੰਦ ਰਾਏ ਨੇ ਆਪਣੇ ਨੰਨ੍ਹੇ-ਮੁੰਨੇ ਦੋਨੋਂ ਹੱਥਾਂ ਨੂੰ ਦੋਨਾਂ ਕੁੱਜੀਆਂ ਤੇ ਰੱਖ ਕੇ ਪੀਰ ਨੂੰ ਦਰਸਾ ਦਿੱਤਾ ਕਿ ਉਸ ਲਈ ਹਿੰਦੂ ਅਤੇ ਮੁਸਲਮਾਨ ਦੋਵੇਂ ਬਰਾਬਰ ਹਨ। ਪੀਰ ਬਹੁਤ ਖ਼ੁਸ਼ ਹੋਇਆ। ਜ਼ਿੰਦਗੀ ਦੇ ਮੁੱਢਲੇ ਕੁੱਝ ਵਰ੍ਹੇ ਆਪਨੇ ਮਾਤਾ ਜੀ ਦੀ ਗੋਦ ਦਾ ਨਿੱਘ ਮਾਣਦਿਆਂ ਪਟਨੇ ਸ਼ਹਿਰ ਵਿੱਚ ਹੀ ਬਿਤਾਏ। ਬਚਪਨ ਵਿੱਚ ਆਪ ਆਪਣੇ ਹਾਣੀ ਬਿਹਾਰੀ ਬਾਲਕਾਂ ਨਾਲ ਗੰਗਾ ਦੇ ਤੱਟ ਤੇ ਦੋ-ਦੋ ਟੋਲੀਆਂ ਬਣਾ ਕੇ ਬਾਲ-ਲੀਲਾਂ ਕਰਿਆ ਕਰਦੇ ਸਨ।

ਮਾਇਆ ਦੇ ਲੋਭ ਤੋਂ ਆਪ ਬਚਪਨ ਵਿੱਚ ਹੀ ਨਿਰਲੇਪ ਸਨ। ਇੱਕ ਸਾਖੀ ਹੈ ਮਾਤਾ ਗੁਜਰੀ ਜੀ ਆਪ ਦੀਆਂ ਦੋਹਾਂ ਬਾਹਾਂ ਵਿੱਚ ਸੋਨੇ ਦੇ ਕੜੇ ਪੁਆਈ ਰੱਖਦੇ ਸਨ। ਇੱਕ ਦਿਨ ਆਪਣੇ ਹਾਣੀਆਂ ਨਾਲ ਨਹਾਉਂਦਿਆਂ ਆਪ ਦੇ ਇੱਕ ਹੱਥ 'ਚੋਂ ਕੜਾ ਲਹਿ ਕੇ ਨਦੀ ਵਿੱਚ ਡਿੱਗ ਪਿਆ। ਘਰ ਆਏ, ਮਾਤਾ ਜੀ ਨੇ ਆਪਦਾ ਦਾ ਗੁੱਟ ਖਾਲੀ ਵੇਖ ਕੇ, ਆਪਣੇ ਪੁੱਤਰ ਅਤੇ ਸਿੱਖ-ਸੇਵਕਾਂ ਨੂੰ ਨਾਲ ਲੈ ਕੇ ਕੜਾ ਲੱਭਣ ਲਈ ਗੰਗਾ ਤੇ ਚਲੇ ਗਏ। ਉੱਥੇ ਜਾ ਕੇ ਆਪ ਨੂੰ ਪੁੱਛਿਆ ਕਿ ਕੜਾ ਕਿੱਥੇ ਕੁ ਡਿੱਗਿਆ ਸੀ ਤਾਂ ਆਪਨੇ ਹੱਥੋਂ ਦੂਸਰਾ ਕੜਾ ਲਾਹ ਕੇ ਪਾਣੀ ਵਿੱਚ ਵਗਾਹ ਮਾਰਿਆ ਤੇ ਕਿਹਾ ਕਿ "ਐਥੇ ਕੁ ਡਿੱਗਿਆ ਸੀ।" ਬਚਪਨ ਵਿੱਚ ਆਪ ਬਿਹਾਰੀ ਬੋਲੀ ਤਾਂ ਸਹਿਜੇ ਹੀ ਸਿੱਖ ਗਏ। ਪੰਜ ਕੁ ਸਾਲ ਦੀ ਆਯੂ ਵਿੱਚ ਆਪ ਦੀ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ। ਭਾਈ ਗੁਰਬਖਸ਼ ਸਿੰਘ ਆਪ ਜੀ ਨੂੰ ਪੰਜਾਬੀ ਪੜ੍ਹਾਉਂਦੇ ਸਨ ਅਤੇ ਕਾਜੀ ਪੀਰ ਮੁਹੰਮਦ ਫ਼ਾਰਸੀ।

ਇਸ ਤੋਂ ਬਾਅਦ ਆਪ ਨੂੰ ਮਦਰ ਦੇਸ਼ (ਪੰਜਾਬ) ਲਿਆਂਦਾ ਗਿਆ। ਉਸ ਸਮੇਂ ਬਿਆਸ ਅਤੇ ਜਿਹਲਮ ਦਰਿਆ ਦੇ ਇਲਾਕੇ ਨੂੰ ਮਦਰ ਦੇਸ਼ ਕਿਹਾ ਜਾਂਦਾ ਸੀ। ਇਸ ਕਰਕੇ ਪਹਿਲਾਂ ਆਪ ਨੂੰ ਬਾਬਾ ਬਕਾਲੇ ਆਪਣੇ ਜੱਦੀ ਪੁਸ਼ਤੀ ਪਿੰਡ ਵਿੱਚ ਲਿਆਂਦਾ ਗਿਆ। ਜਦੋਂ ਗੁਰੂ ਤੇਗ ਬਹਾਦਰ ਜੀ ਆਸਾਮ ਦੇ ਦੌਰੇ ਤੋਂ ਵਾਪਸ ਅਨੰਦਪੁਰ ਆ ਗਏ ਤਾਂ ਗੁਰੂ ਜੀ ਨੇ ਮਾਤਾ ਗੁਜਰੀ ਜੀ ਨਾਲ ਆਪ ਨੂੰ ਅਨੰਦਪੁਰ ਬੁਲਾ ਲਿਆ। ਗੁਰੂ ਜੀ ਨੇ ਸਮੇਂ ਦੀ ਤੋਰ ਨੂੰ ਭਾਂਪਦਿਆਂ ਆਪ ਦੀ ਘੋੜ-ਸਵਾਰੀ, ਸ਼ਸਤਰ ਅਤੇ ਸ਼ਾਸਤਰ ਵਿੱਦਿਆ ਦਾ ਪ੍ਰਬੰਧ ਕੀਤਾ ਗਿਆ। ਘੋੜ-ਸਵਾਰੀ ਅਤੇ ਹਥਿਆਰ ਚਲਾਉਣ ਵਿੱਚ ਆਪ ਦੀ ਪਹਿਲਾਂ ਤੋਂ ਰੁਚੀ ਹੋਣ ਕਰਕੇ ਜਲਦੀ ਹੀ ਮੁਹਾਰਤ ਹਾਸਲ ਕਰ ਲਈ। ਇਸ ਬਾਰੇ ਆਪ ਲਿਖਦੇ

ਹਨ-

ਮਦਰ ਦੇਸ਼ ਹਮ ਕੋ ਲੇ ਆਏ।
ਭਾਂਤਿ-ਭਾਂਤਿ ਦਾਈਅਨਿ ਦੁਲਰਾਏ।
ਕੀਨੀ ਆਨਿਕ ਭਾਂਤਿ ਤਨ ਰੱਛਾ।
ਦੀਨੀ ਭਾਂਤਿ ਭਾਂਤਿ ਕੀ ਸਿੱਛਾ।

ਉਸ ਸਮੇਂ ਦੇਸ਼ ਵਿੱਚ ਮੁਗ਼ਲ ਸਮਰਾਟ ਔਰੰਗਜ਼ੇਬ ਦਾ ਰਾਜ ਸੀ। ਔਰੰਗਜ਼ੇਬ ਬੜਾ ਕੱਟੜਵਾਦੀ ਬਾਦਸ਼ਾਹ ਸੀ। ਉਹ ਸਾਰੇ ਹਿੰਦੁਸਤਾਨ ਨੂੰ ਤਲਵਾਰ ਦੇ ਜ਼ੋਰ ਨਾਲ ਮੁਸਲਿਮ ਰਾਸ਼ਟਰ ਬਨਾਉਣਾ ਚਾਹੁੰਦਾ ਸੀ। ਉਸਦੇ ਜਨੂੰਨ ਦਾ ਸਭ ਤੋਂ ਪਹਿਲਾਂ ਸ਼ਿਕਾਰ ਕਸ਼ਮੀਰੀ ਪੰਡਿਤ ਬਣੇ। ਕਿਸੇ ਪਾਸਿਉਂ ਮਦਦ ਦਾ ਹਾਂ ਪੱਖੀ ਹੁੰਗਾਰਾ ਨਾ ਮਿਲਦਿਆਂ ਦੇਖ ਕੇ ਪੰਡਤ ਕਿਰਪਾ ਰਾਮ ਦੀ ਅਗਵਾਈ ਵਿੱਚ ਪੰਡਤਾਂ ਦਾ ਇੱਕ ਵਫਦ ਅਨੰਦਪੁਰ ਗੁਰੂ ਤੇਗ ਬਹਾਦਰ ਜੀ ਕੋਲ ਪਹੁੰਚਿਆ ਅਤੇ ਸਹਾਇਤਾ ਲਈ ਫ਼ਰਿਆਦ ਕੀਤੀ। ਗੁਰੂ ਜੀ ਪੰਡਤਾਂ ਦੀ ਫ਼ਰਿਆਦ ਸੁਣ ਕੇ ਸੋਚਣ ਲੱਗ ਪਏ। ਇਤਨੇ ਨੂੰ ਗੋਬਿੰਦ ਰਾਏ ਆਪਣੇ ਹਾਣੀਆਂ ਨਾਲ ਖੇਡਣ ਤੋਂ ਬਾਅਦ ਦੀਵਾਨ ਵਿੱਚ ਗੁਰੂ ਜੀ ਦੇ ਸਨਮੁੱਖ ਆਏ ਅਤੇ ਪਿਤਾ ਜੀ ਨੂੰ ਉਦਾਸੀ ਦਾ ਕਾਰਨ ਪੁੱਛਿਆ। ਤਦ ਗੁਰੂ ਜੀ ਨੇ ਕਿਹਾ ਕਿ ਇਹ ਕਸ਼ਮੀਰ ਤੋਂ ਬ੍ਰਾਹਮਣ ਹਨ, ਇਹਨਾਂ ਦਾ ਦੁੱਖ ਦੂਰ ਕਰਨ ਲਈ ਕਿਸੇ ਮਹਾਂਪੁਰਸ਼ ਦੀ ਕੁਰਬਾਨੀ ਦੀ ਲੋੜ ਹੈ ਤਾਂ ਗੋਬਿੰਦ ਰਾਏ ਕਿਹਾ ਕਿ ਆਪ ਤੋਂ ਵੱਡਾ ਮਹਾਂਪੁਰਖ ਹੋਰ ਕੌਣ ਹੋ ਸਕਦਾ ਹੈ। ਆਪਣੇ ਪੁੱਤਰ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਗੁਰੂ ਜੀ ਸਮਝ ਗਏ ਕਿ ਭਾਵੇਂ ਗੋਬਿੰਦ ਰਾਏ ਦੀ ਉਮਰ 9 ਕੁ ਸਾਲ ਹੈ ਪਰ ਉਸਦੀ ਸਿਆਣਪ ਅਤੇ ਮਜ਼ਬੂਤ ਮੋਢੇ ਸਿੱਖ ਕੌਮ ਦੀ ਅਗਵਾਈ ਕਰਨ ਲਈ ਹਰ ਤਰ੍ਹਾਂ ਯੋਗ ਹਨ। ਗੁਰੂ ਜੀ ਨੇ ਆਪਣੀ ਚੁੱਪ ਨੂੰ ਤੋੜਦਿਆਂ ਕਸ਼ਮੀਰੀ ਪੰਡਤਾਂ ਨੂੰ ਹੌਸਲਾ ਤੇ ਭਰੋਸਾ ਦਿੱਤਾ ਅਤੇ ਆਪ ਕੁਰਬਾਨੀ ਦੇਣ ਲਈ ਆਪਣੇ ਵਿਸ਼ਵਾਸ-ਪਾਤਰ ਸਿੱਖਾਂ ਨੂੰ ਨਾਲ ਲੈ ਕੇ ਦਿੱਲੀ ਨੂੰ ਚੱਲ ਪਏ।

11 ਨਵੰਬਰ, 1675 ਈ. ਨੂੰ ਗੁਰੂ ਤੇਗ ਬਹਾਦਰ ਜੀ ਨੂੰ ਸਮੇਂ ਦੀ ਹਕੂਮਤ ਨੇ ਚਾਂਦਨੀ ਚੌਕ ਦਿੱਲੀ ਵਿੱਚ ਸ਼ਹੀਦ ਕਰ ਦਿੱਤਾ। ਫ਼ੌਜ ਦਾ ਕਰੜਾ ਪਹਿਰਾ ਲਾ ਦਿੱਤਾ। ਸਖ਼ਤ ਪਹਿਰਾ ਹੋਣ ਦੇ ਬਾਵਜੂਦ ਲੱਖੀ ਵਣਜਾਰੇ ਨੇ ਧੜ ਨੂੰ ਉਠਾ ਕੇ ਆਪਣੇ ਘਰ ਨੂੰ ਅੱਗ ਲਾ ਕੇ ਸਸਕਾਰ ਕਰ ਦਿੱਤਾ। ਗੁਰੂ ਜੀ ਦਾ ਸੀਸ ਇੱਕ ਜੈਤਾ ਨਾਮੀ ਸਿੱਖ ਨੇ ਉਠਾਇਆ, ਸੀਸ ਨੂੰ ਖੇਸ ਦੀ ਬੁੱਕਲ ਵਿੱਚ ਲੁਕਾ ਕੇ ਅਨੰਦਪੁਰ ਨੂੰ ਚੱਲ ਪਿਆ। ਕਈ ਦਿਨਾਂ ਦੀ ਭੁੱਖ ਤੇਹ ਸਹਾਰ, ਲੁਕਦਾ ਲਕਾਉਂਦਾ ਆਨੰਦਪੁਰ ਤੋਂ ਨੌਂ ਕੁ ਕੋਹ ਉਰੇ ਕੀਰਤਪੁਰ ਪਹੁੰਚ ਕੇ ਗੋਬਿੰਦ ਰਾਏ ਨੂੰ ਸੁਨੇਹਾ ਭੇਜਿਆ। ਗੋਬਿੰਦ ਰਾਏ ਜੀ ਸਮੇਤ ਸਾਧ ਸੰਗਤ, ਨੰਗੇ ਪੈਰੀਂ ਤੁਰ ਕੇ ਕੀਰਤਪੁਰ ਆਏ ਤੇ ਗੁਰੂ ਜੀ ਦੇ ਸੀਸ ਦਾ ਸਤਿਕਾਰ ਕਰਿਆ। ਭਾਈ ਜੈਤਾ ਨੂੰ "ਰੰਘਰੇਟਾ ਗੁਰੂ ਕਾ ਬੇਟਾ" ਕਹਿ ਕੇ ਆਦਰ ਮਾਣ ਦਿੱਤਾ। ਆਪ ਆਪਣੇ ਪਿਤਾ ਜੀ ਦੀ ਕੁਰਬਾਨੀ ਤੇ ਫ਼ਖ਼ਰ ਮਹਿਸੂਸ ਕਰਦਿਆਂ ਜੀਵਨ ਕਥਾ ਵਿੱਚ ਲਿਖਦੇ ਹਨ-

ਠੀਕਰ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ।

ਜੰਞੂ ਤਿਲਕ ਰਾਖਾ ਪ੍ਰਭ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨ ਹੇਤਿ ਇਤਿ ਜਿਨਿ ਕਰ।
ਸੀਸ ਦੀਆ ਪਰ ਸੀ ਨਾ ਉਚਰੀ।
ਧਰਮ ਹੇਤ ਸਾਕਾ ਜਿਨਿ ਕੀਆ।
ਸੀਸ ਦੀਆ ਪਰ ਸਿਰੁ ਨਾ ਦੀਆ।

ਗੋਬਿੰਦ ਰਾਏ ਜੀ ਨੇ ਜੈਤੇ ਨੂੰ ਇਹ ਵੀ ਪੁੱਛਿਆ ਕਿ ਗੁਰੂ ਜੀ ਨੂੰ ਸ਼ਹੀਦ ਕਰਨ ਸਮੇਂ, ਕੀ ਉੱਥੇ ਕੋਈ ਸਿੱਖ ਨਹੀਂ ਸੀ। ਇਸ ਦੇ ਜਵਾਬ ਵਿੱਚ ਭਾਈ ਜੈਤਾ ਨੇ ਦੱਸਿਆ ਕਿ ਉੱਥੇ ਸਿੱਖ ਤਾਂ ਬਹੁਤ ਸਨ ਪਰ ਸਰਕਾਰੀ ਹੁਕਮ ਤੋਂ ਡਰਦੇ ਉਭਾਸਰ ਨਹੀਂ ਸਕੇ। ਗੋਬਿੰਦ ਰਾਏ ਇਹ ਸੁਣ ਕੇ ਸਮਝ ਗਏ ਅਤੇ ਸਿੱਖਾਂ ਦੀ ਵੱਖਰੀ ਪਹਿਚਾਣ ਬਾਰੇ ਸੋਚਣ ਲੱਗੇ। ਪੂਰੇ 24 ਸਾਲ ਬਾਅਦ ਆਪ ਨੇ ਸਿੱਖਾਂ ਦੀ ਵੱਖਰੀ ਪਹਿਚਾਣ ਨੂੰ ਅਮਲੀ ਰੂਪ ਦਿੱਤਾ।

ਗੁਰ-ਗੱਦੀ 'ਤੇ ਬੈਠਦਿਆਂ ਹੀ ਗੁਰੂ ਗੋਬਿੰਦ ਰਾਏ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਅੱਜ ਤੋਂ ਬਾਅਦ ਗੁਰੂ ਦਸਵੰਦ ਮਾਇਆ ਦੇ ਰੂਪ ਵਿੱਚ ਨਾ ਲਿਆਂਦਾ ਜਾਵੇ ਸਗੋਂ ਘੋੜੇ ਤੇ ਚੰਗੇ ਸ਼ਸਤਰ ਲਿਆਂਦੇ ਜਾਣ। ਗੁਰੂ ਜੀ ਨੇ ਹਿੰਦੂ ਅਤੇ ਸਿੱਖ ਕੌਮ ਦੀ ਕਾਇਆ ਕਲਪ ਕਰਨ ਲਈ ਦ੍ਰਿੜ ਸੰਕਲਪ ਕਰ ਲਿਆ। ਹਰ ਰੋਜ਼ ਅਧਿਆਤਮਕ ਕਰਮ ਤੋਂ ਇਲਾਵਾ ਸਿੱਖਾਂ ਨੂੰ ਘੋੜ ਸਵਾਰੀ ਅਤੇ ਸ਼ਸਤਰ ਚਲਾਉਣ ਦੀ ਸਿੱਖਿਆ ਦਿੱਤੀ ਜਾਣ ਲੱਗੀ। ਸਿੱਖਾਂ ਦੇ ਦੋ ਧੜੇ ਬਣਾ ਕੇ ਝੂਠੀ ਮੂਠੀ ਦੀ ਲੜਾਈ ਕਰਵਾਉਂਦੇ, ਜਿਹੜਾ ਧੜਾ ਜਿੱਤ ਜਾਂਦਾ ਉਸਨੂੰ ਇਨਾਮਾਂ ਦੀ ਬਖਸ਼ਿਸ਼ ਕਰਦੇ। ਸਰੀਰਕ ਤੰਦਰੁਸਤੀ ਲਈ ਘੋਲ ਅਤੇ ਕੁਸ਼ਤੀਆਂ ਵੀ ਕਰਵਾਉਂਦੇ। ਅਨੰਦਪੁਰ ਵਿੱਚ ਗੁਰੂ ਜੀ ਦੀਆਂ ਇਹੋ ਜਿਹੀਆਂ ਗਤੀਵਿਧੀਆਂ ਨੂੰ ਵੇਖ ਕੇ ਪਹਾੜੀ ਰਾਜੇ ਆਪ ਜੀ ਨਾਲ ਈਰਖਾ ਕਰਨ ਲੱਗ ਪਏ

ਤੇ ਆਪ ਜੀ ਨੂੰ ਆਨੰਦਪੁਰ ਤੋਂ ਬਾਹਰ ਕੱਢਣ ਲਈ ਤਰਕੀਬਾਂ ਸੋਚਣ ਲੱਗੇ।

ਇਸੇ ਸਮੇਂ ਦੌਰਾ 1685 ਈ. ਵਿੱਚ ਨਾਹਨ ਦੇ ਪਹਾੜੀ ਰਾਜਾ ਮੇਦਨੀ ਪ੍ਰਕਾਸ਼ ਨੇ ਗੁਰੂ ਜੀ ਨੂੰ ਨਾਹਨ ਆਉਣ ਲਈ ਸੱਦਾ ਪੱਤਰ ਭੇਜਿਆ। ਗੁਰੂ ਜੀ ਨੇ ਰਾਜੇ ਦਾ ਸੱਦਾ ਪ੍ਰਵਾਨ ਕਰ ਲਿਆ। ਆਪਣੇ ਸਿੱਖ ਸੇਵਕਾਂ ਨੂੰ ਨਾਲ ਲੈ ਕੇ ਨਾਹਨ ਪਹੁੰਚ ਗਏ। ਰਾਜੇ ਨੇ ਗੁਰੂ ਜੀ ਦਾ ਹਾਰਦਿਕ ਸਵਾਗਤ ਕੀਤਾ। ਕਈ ਮਹੀਨੇ ਆਪ ਨਾਹਨ ਰਾਜੇ ਪਾਸ ਰਹੇ, ਫਿਰ ਬਾਹਰ ਜਮਨਾ ਨਦੀ ਦੇ ਕਿਨਾਰੇ ਇੱਕ ਸੁੰਦਰ ਰਮਣੀਕ ਥਾਂ ਦੇਖ ਕੇ ਉਥੇ ਟਿੱਕ ਗਏ। ਉਸ ਅਸਥਾਨ ਦਾ ਨਾਂ ਗੁਰੂ ਜੀ ਨੇ ਆਪ ਪਾਵਟਾਂ (ਪਾਉਂਟਾ) ਰਖਿਆ, ਪਾਵਟਾਂ ਦਾ ਅਰਥ ਪੈਰ ਰੱਖਣ ਦੀ ਜਗਾ। ਇਸ ਬਾਰੇ ਭਾਈ ਸੰਤੋਖ ਜੀ ਲਿਖਦੇ ਹਨ।

"ਪਾਵ ਟਿਕਯੋ ਸਤਿਗੁਰ ਕੋ ਅਨੰਦਪੁਰ ਤੇ ਆਇ॥
ਨਾਮ ਧਰਕੇ ਇਸ ਪਾਵਟਾਂ, ਸਭ ਦੇਸਨ ਪ੍ਰਗਟਾਇ॥"

ਗੁਰੂ ਜੀ ਦੇ ਦਰਸ਼ਨਾਂ ਲਈ ਦੂਰ-ਦੂਰ ਤੋਂ ਸੰਗਤਾਂ ਪਾਉਂਟਾ ਸਾਹਿਬ ਆਉਣ ਲੱਗ ਪਈਆਂ 11 ਦਿਨਾਂ ਵਿੱਚ ਹੀ ਜੰਗਲ ਵਿੱਚ ਮੰਗਲ ਹੋ ਗਿਆ। ਇਥੇ ਹੀ 52 ਕਵੀਆਂ ਨੇ ਆ ਕੇ ਸਾਹਿਤ ਰਚਨਾ ਅਤੇ ਪੁਰਾਣਿਕ ਗ੍ਰੰਥਾਂ ਦਾ ਅਨੁਵਾਦ ਕਰਨਾ ਅਰੰਭ ਕੀਤਾ। ਸੰਖੇਪ ਇਤਿਹਾਸ ਗੁਰਦੁਆਰਾ ਪਾਵਟਾਂ ਅਨੁਸਾਰ, ਗੁਰੂ ਜੀ ਨੇ ਆਪ ਵੀ ਬਹੁਤ ਸਾਰੀ ਬਾਣੀ ਦੀ ਰਚਨਾ ਇਥੇ ਹੀ ਕੀਤੀ। ਜਾਪ ਸਾਹਿਬ, ਸਵੱਯੇ ਪਾਤਸ਼ਾਹੀ ਦਸਵੀਂ, ਚੰਡੀ ਦੀ ਵਾਰ ਅਤੇ ਬਚਿੱਤਰ ਨਾਟਕ ਦੇ ਬਹੁਤ ਸਾਰੇ ਹਿੱਸੇ ਦੀ ਰਚਨਾ ਇਥੇ ਹੀ ਕੀਤੀ ਗਈ ਦੱਸੀ ਜਾਂਦੀ ਹੈ। ਗੁਰੂ ਜੀ ਕਾਲਪੀ ਰਿਸ਼ੀ ਦੇ ਪਿਆਰ ਦੀ ਖਿੱਚ ਵਿੱਚ ਉਸਦੇ ਅਸਥਾਨ ਤੇ ਗਏ ਤੇ ਉਸਨੂੰ ਆਪਣੇ ਕੋਲ ਪਾਉਂਟਾ ਲੈ ਆਏ। ਇਥੇ ਹੀ ਆਪ ਜੀ ਨੂੰ ਮਜਬੂਰਨ ਭੰਗਾਣੀ ਦਾ ਯੁੱਧ ਕਰਨਾ ਪਿਆ। ਪਹਾੜੀ ਰਾਜਿਆਂ ਨੇ ਇਕੱਠੇ ਹੋ ਕੇ ਅਕਾਰਣ ਹੀ ਗੁਰੂ ਜੀ ਤੇ ਹਮਲਾ ਕਰ ਦਿੱਤਾ। ਇਸ ਬਾਰੇ ਆਪ ਬਚਿਤਰ ਨਾਟ ਵਿੱਚ ਲਿਖਦੇ ਹਨ।

"ਫਤੇ ਸ਼ਾਹ ਕੋਪਾ ਤਬ ਰਾਜਾ। ਲੋਹ ਪਰਾ ਹਮ ਸੋ ਬਿਨ ਕਾਜਾ।"

ਪਹਾੜੀ ਰਾਜਿਆਂ ਦੀਆਂ ਫ਼ੌਜਾਂ ਦਾ ਟਾਕਰਾ ਕਲਗੀਧਰ ਜੀ ਨੇ ਪਾਉਂਟਾ ਤੋਂ ਕਈ ਮੀਲ ਦੂਰ ਜਾ ਕੇ ਭੰਗਾਣੀ ਦੇ ਮੈਦਾਨ ਵਿੱਚ ਕਰਿਆ। ਪਹਾੜੀ ਰਾਜਾ ਹਰੀ ਚੰਦ ਨੇ ਗੁਰੂ ਜੀ ਨੂੰ ਸੇਧ ਕੇ ਤਿੰਨ ਬਾਣ ਚਲਾਏ।

"ਹਰੀ ਚੰਦ ਕੋਪੇ ਕਮਾਣੰ ਸਭਾਰੰ॥
ਪ੍ਰਥਮ ਬਾਜੀਯੰ ਤਾਣ ਬਾਣੰ ਪ੍ਰਹਾਰੰ॥
ਦੁਤੀਯਾਂ ਤਾਕ ਕੇ ਤੀਰ ਮੋ ਕੋ ਚਲਾਯੰ॥
ਰਾਖਿਓ ਦਈਵ ਮੈ ਕਾਨ ਛ੍ਵੈ ਕੈ ਸਿਧਾਯੰ॥
ਤਿਤੀਯਾ ਬਾਣ ਮਾਰਯੋ ਸੁ ਪੇਟੀ ਮਝਾਰੰ॥ (ਬਚਿੱਤਰ ਨਾਟਕ)
ਇਹ ਵੇਖ ਕੇ ਗੁਰੂ ਜੀ ਨੂੰ ਵੀ ਰੋਸ ਜਾਗਿਆ
ਜਬੈ ਬਾਣ ਲਾਗਿਯੋ॥ ਤਬੈ ਰੋਸ ਜਾਗਯੋ॥"

ਗੁਰੂ ਜੀ ਨੇ ਇੱਕ ਹੀ ਤੀਰ ਨਾਲ ਹਰੀਚੰਦ ਨੂੰ ਮਾਰ ਦਿੱਤਾ। ਹਰੀਚੰਦ ਦੇ ਮਰਨ ਦੀ ਦੇਰ ਸੀ ਕਿ ਪਹਾੜੀ ਫ਼ੌਜਾਂ ਪਿੱਛੇ ਨੂੰ ਭੱਜਣ ਲੱਗੀਆਂ। ਮੈਦਾਨ ਗੁਰੂ ਜੀ ਦੇ ਹੱਥ ਰਿਹਾ। ਭੰਗਾਣੀ ਦਾ ਯੁੱਧ ਜਿੱਤਣ ਨਾਲ ਲੋਕਾਂ ਵਿੱਚ ਇੱਕ ਨਵੀਂ ਸੋਚ, ਨਵੀਂ ਕ੍ਰਾਂਤੀ ਦਾ ਉਦੇ ਹੋਇਆ। ਲਤਾੜੇ ਜਾ ਰਹੇ ਲੋਕਾਂ ਨੂੰ ਇੱਕ ਨਵੀਂ ਸ਼ਕਤੀ ਆਪਣੇ ਵੱਲ ਖਿੱਚਣ ਲੱਗੀ। ਸਢੌਰੇ ਦੇ ਪੀਰ ਬੁਧੂ ਸ਼ਾਹ ਨੇ ਗੁਰੂ ਜੀ ਪਾਸ 500 ਪਠਾਣ ਨੌਕਰ ਰਖਵਾਏ ਸਨ ਜਿਹੜੇ ਮੌਕੇ ਤੇ ਨਿਮਕਹਰਾਮ ਹੋ ਗਏ। ਇਸ ਗੱਲ ਦਾ ਪਤਾ ਜਦ ਪੀਰ ਬੁੱਧੂ ਸ਼ਾਹ ਨੂੰ ਲੱਗਿਆ ਤਾਂ ਉਹ ਆਪਣੇ ਦੋ ਪੁੱਤਰਾਂ ਅਤੇ 700 ਦੇ ਕਰੀਬ ਆਪਣੇ ਮੁਰੀਦਾਂ ਨੂੰ ਨਾਲ ਲੈ ਕੇ ਗੁਰੂ ਜੀ ਦੀ ਮੱਦਦ ਲਈ ਅਪੜਿਆ। ਇਸ ਲੜਾਈ ਵਿੱਚ ਪੀਰ ਬੁੱਧੂ ਸ਼ਾਹ ਦੇ ਦੋਵੇਂ ਪੁੱਤਰ, ਇੱਕ ਭਰਾ ਅਤੇ ਬਹੁਤ ਸਾਰੇ ਮੁਰੀਦ ਮਾਰੇ ਗਏ। ਗੁਰੂ ਜੀ ਨੇ ਪੀਰ ਬੁੱਧੂ ਸ਼ਾਹ ਦੀ ਇਸ ਸੇਵਾ ਬਦਲੇ ਇੱਕ ਕੰਘਾਂ ਕੇਸਾਂ ਸਮੇਤ (ਉਸ ਵੇਲੇ ਗੁਰੂ ਜੀ ਕੇਸਾਂ ਨੂੰ ਕੰਘਾਂ ਕਰ ਰਹੇ ਸਨ, ਪੀਰ ਨੇ ਗੁਰੂ ਜੀ ਤੋਂ ਉਸ ਕੰਘੇ ਦੀ ਮੰਗ ਕੀਤੀ ਸੀ), ਇਸ ਤੋਂ ਇਲਾਵਾ ਇੱਕ ਛੋਟੀ ਕਰਦ, ਛੋਟੀ ਦਸਤਾਰ ਅਤੇ ਆਪਣੇ ਕਰ ਕਮਲਾਂ ਨਾਲ ਇੱਕ ਹੁਕਮਨਾਮਾ ਲਿਖ ਕੇ ਦਿੱਤਾ। ਇਹ ਬਖਸ਼ਿਸ਼ ਕੀਤੀਆਂ ਵਸਤੂਆਂ ਕਿਥੇ ਹਨ। ਇਸ ਬਾਰੇ ਇਤਿਹਾਸਕਾਰਾਂ ਦੀ ਇੱਕ ਰਾਏ ਨਹੀਂ।

ਨੋਟ-ਮੇਰੇ ਪਰਮ ਮਿੱਤਰ ਸਾਹਿਤਕਾਰ ਸ੍ਰ. ਤੇਜਾ ਸਿੰਘ ਤਿਲਕ ਬਰਨਾਲਾ ਨਿਵਾਸੀ ਹੁਣੇ ਅਮਰੀਕਾ ਜਾ ਕੇ ਆਇਆ ਹੈ। ਉਸ ਮੁਤਾਬਕ ਸਾਰੀਆਂ ਬਖ਼ਸ਼ਿਸ਼ ਕੀਤੀਆਂ ਵਸਤੂਆਂ ਪੀਰ ਬੁੱਧੂ ਸ਼ਾਹ ਦੀ ਅੱਠਵੀਂ ਪੀੜੀ ਸਯਦ ਨਈਅਮ ਹੈਦਰ ਕੋਲ ਪਈਆਂ ਹਨ। ਜਿਸਦੇ ਉਸਨੇ ਦਰਸ਼ਨ ਕਰਕੇ ਫੋਟੋ ਕਾਪੀ ਵੀ ਲਿਆਂਦੀ ਹੈ।

ਚਾਰ ਸਾਲ ਪਾਉਂਟਾ ਸਾਹਿਬ ਲਾ ਕੇ ਗੁਰੂ ਜੀ ਆਨੰਦਪੁਰ ਵਾਪਸ ਆ ਗਏ। ਅਨੰਦਪੁਰ ਵਿੱਚ ਫੇਰ ਰੌਣਕਾਂ ਵਧ ਗਈਆਂ।

ਗੁਰੂ ਜੀ ਨੇ ਲੋਕਾਂ ਦੇ ਮਨਾਂ ਵਿੱਚ ਬਾਦਸ਼ਾਹ ਦਾ ਭੈ ਦੂਰ ਕਰਨ ਲਈ ਰਾਜਿਆਂ ਵਾਂਗ ਆਪ ਨੇ ਸ਼ਾਹੀ ਲਿਬਾਸ ਅਤੇ ਜਿੱਗਾ ਕਲਗੀ ਸਜਾਉਣੀ ਸ਼ੁਰੂ ਕਰ ਦਿੱਤੀ। ਗੁਰੂ ਜੀ ਸਮਝਦੇ ਸਨ ਕਿ ਨਰੋਏ ਸਾਹਿਤ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਦੀ ਸ਼ਕਤੀ ਹੁੰਦੀ ਹੈ। ਇਸ ਲਈ ਗੁਰੂ ਜੀ ਚਾਹੁੰਦੇ ਸਨ ਕਿ ਦੁਨੀਆਂ ਦੇ ਮੱਤ ਮਤਾਂਤਰਾਂ ਦੇ ਗ੍ਰੰਥਾਂ ਦਾ ਗਿਆਨ ਸਰਲ ਭਾਸ਼ਾ ਵਿੱਚ ਹੋਵੇ ਤੇ ਸਿੱਖ ਉਸਨੂੰ ਪੜ੍ਹ ਕੇ ਗਿਆਨੀ ਬਣਨ। ਇਸ ਲਈ ਗੁਰੂ ਜੀ ਨੇ ਉਸ ਸਮੇਂ ਦੇ ਵਿਦਿਆਪੀਠ ਕਾਂਸ਼ੀ ਵਿਖੇ ਸੰਸਕ੍ਰਿਤ ਪੜ੍ਹਨ ਲਈ ਚਾਰ ਸਿੱਖਾਂ ਨੂੰ ਭੇਜਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦਾ ਉਦੇਸ਼ ਦੱਸਦਿਆਂ ਆਪਣੀ ਜੀਵਨ ਕਥਾ ਵਿੱਚ ਲਿਖਿਆ-

"ਯਹੀ ਕਾਜ ਧਰਾ ਹਮਜਨਮੰ।
ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਣ ਸੰਤ ਉਬਾਰਣ।
ਦੁਸਟ ਸਭਨ ਕੋ ਮੂਲ ਉਪਾਰਣ॥" (ਬਚਿਤਰ ਨਾਟਕ)

ਲੋਕਾਈ ਨਾਲ ਕੀਤੇ ਇਸ ਬਚਨ ਨੂੰ ਨਿਭਾਉਣ ਲਈ ਗੁਰੂ ਜੀ ਨੂੰ ਤੇਗ ਉਠਾਉਣੀ ਪਈ। ਲੋਕਾਂ ਨੂੰ ਜ਼ੁਲਮ ਵਿਰੁੱਧ ਅਵਾਜ਼ ਉਠਾਉਣ ਲਈ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਹੁਣ ਤੱਕ ਗੁਰੂ ਜੀ ਦੀ ਲੋਕਪ੍ਰਿਯਤਾ ਸਾਰੇ ਭਾਰਤ ਵਿੱਚ ਫ਼ੈਲ ਚੁੱਕੀ ਸੀ। ਗੁਰੂ ਜੀ ਨੇ ਸਾਰੇ ਦੇਸ਼ ਵਿੱਚੋਂ ਆਪਣੇ ਸਿੱਖਾਂ ਨੂੰ ਵੈਸਾਖੀ ਵਾਲੇ ਦਿਨ, 1699 ਈ. ਨੂੰ ਅਨੰਦਪੁਰ ਸਾਹਿਬ ਇਕੱਤਰ ਹੋਣ ਲਈ ਕਿਹਾ। ਨਿਸਚਿਤ ਦਿਨ ਤੇ ਦੇਸ਼ ਦੇ ਕੋਨੇ-ਕੋਨੇ 'ਚੋਂ ਸਾਧਸੰਗਤ ਗੁਰੂ ਜੀ ਦਾ ਸੰਦੇਸ਼ ਸੁਣਨ ਲਈ ਪਹੁੰਚੀ। ਇਤਿਹਾਸਕਾਰਾਂ ਮੁਤਾਬਕ ਅਨੰਦਪੁਰ ਸਾਹਿਬ 70-80 ਹਜ਼ਾਰ ਦੇ ਕਰੀਬ ਇਕੱਠ ਹੋਇਆ। ਭਾਰੀ ਇਕੱਠ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥ ਨੰਗੀ ਤਲਵਾਰ ਲੈ ਕੇ ਸਾਧ ਸੰਗਤ ਦੇ ਸਨਮੁਖ ਹੁੰਦਿਆਂ ਕਿਹਾ, "ਮੇਰੀ ਤਲਵਾਰ ਨੂੰ ਇੱਕ ਸੀਸ ਦੀ ਲੋੜ ਹੈ" ਇਕੱਠ ਵਿੱਚ ਸੰਨਾਟਾ ਛਾ ਗਿਆ। ਗੁਰੂ ਜੀ ਨੇ ਦੂਜੀ ਵਾਰ ਫੇਰ ਸੀਸ ਦੀ ਮੰਗ ਕੀਤੀ ਪਰ ਕੋਈ ਵੀ ਸਿੱਖ ਸਿਰ ਦੇਣ ਲਈ ਨਾ ਉਠਿਆ। ਸਿੱਖੀ ਖਤਰੇ ਵਿੱਚ ਪੈਂਦੀ ਦਿੱਸੀ। ਤੀਜੀ ਵਾਰ ਗੁਰੂ ਜੀ ਦੇ ਲਲਕਾਰਨ ਤੇ ਲਾਹੌਰ ਦਾ ਨੌਜਵਾਨ 32 ਕੁ ਸਾਲ ਦੀ ਉਮਰ ਦਯਾ ਰਾਮ ਖੱਤਰੀ ਉੱਠਿਆ ਤੇ ਗੁਰੂ ਜੀ ਨੂੰ ਆਪਣਾ ਸੀਸ ਅਰਪਣ ਕੀਤਾ। ਇਸ ਤਰ੍ਹਾਂ ਵਾਰੀ-ਵਾਰੀ ਪੰਜਾਂ ਸਿੱਖਾਂ ਦੇ ਸਿਰ ਲਏ ਗਏ, ਜਿਨ੍ਹਾਂ ਨੂੰ ਪੰਜ ਪਿਆਰਿਆਂ ਦਾ ਨਾਂ ਦਿੱਤਾ। ਗੁਰੂ ਜੀ ਨੇ ਪਹਿਲਾਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਫਿਰ ਆਪ ਅੰਮ੍ਰਿਤ ਛਕਿਆ। ਇੰਜ ਕਰਨ ਨਾਲ ਗੁਰੂ ਅਤੇ ਸਿੱਖ ਦੇ ਰਿਸ਼ਤੇ ਵਿੱਚ ਇੱਕ ਹੋਰ ਅਧਿਆਏ ਦਾ ਵਾਧਾ ਹੋਇਆ। ਦੂਸਰਾ ਭਾਈ ਗੁਰਦਾਸ ਲਿਖਦਾ ਹੈ-

"ਵਾਹਿ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਅਕੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।"

ਨੀਵੀਂ ਜਾਤੀ ਦੇ ਲੋਕਾਂ ਨੇ ਭਾਰੀ ਗਿਣਤੀ ਵਿੱਚ ਅੰਮ੍ਰਿਤਪਾਨ ਕੀਤਾ ਜਦ ਕਿ ਬ੍ਰਾਹਮਣਾਂ ਤੇ ਹੋਰ ਉੱਚ ਜਾਤੀਆਂ ਨੇ ਨੀਵੀ ਸ਼੍ਰੇਣੀਆਂ ਨਾਲ ਬੈਠ ਕੇ ਅੰਮ੍ਰਿਤ ਛਕਣ ਤੋਂ ਇਨਕਾਰ ਕੀਤਾ। ਦੱਬੇ ਕੁਚਲੇ, ਲਤਾੜੇ ਲੋਕਾਂ ਨੂੰ ਸਨਮਾਨ ਦਿੰਦਿਆਂ ਗੁਰੂ ਜੀ ਨੇ ਕਿਹਾ ਕਿ ਮੈਂ ਜੋ ਕੁੱਝ ਵੀ ਹਾਂ, ਇਨ੍ਹਾਂ ਦੀ ਕ੍ਰਿਪਾ ਨਾਲ ਹੀ ਹਾਂ।

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ,
ਇਨਹੀ ਕੇ ਪ੍ਰਸਾਦਿ ਸੁ ਦਾਨ ਕਰੈ,
ਅਘ ਅਉਘ ਟਰੈ ਇਨਹੀ ਕੇ ਪ੍ਰਸਾਣਿ
ਇਨਹੀ ਕੀ ਕ੍ਰਿਪਾ ਪੁਨ ਧਾਮ ਭਰੈ
ਇਨਹੀ ਕੇ ਪ੍ਰਸਾਦਿ ਸੁ ਵਿੱਦਿਆ ਲਈ
ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੈ
ਇਨਹੀ ਕੀ ਕ੍ਰਿਪਾ ਤੇ ਸਜੇ ਹਮ ਹੈਂ
ਨਹੀਂ ਮੋ ਸੋ ਗਰੀਬ ਕਰੋਰ ਪਰੈ।

ਆਪਣੇ ਸਿਧਾਂਤ ਲਈ ਗੁਰੂ ਜੀ ਨੇ ਕੋਈ ਸਮਝੌਤਾ ਨਹੀਂ ਕੀਤਾ ਬਲਕਿ ਆਪਣੇ ਆਦਰਸ਼ਾਂ ਲਈ ਸਭ ਕੁੱਝ ਕੁਰਬਾਨ ਕਰ ਦਿੱਤਾ। ਮਾਂ-ਪਿਉ, ਚਾਰੇ ਪੁੱਤਰ, ਪਰਿਵਾਰ ਅਤੇ ਹੋਰ ਅਨੇਕਾਂ ਨਿਕਟਵਰਤੀ ਰਿਸ਼ਤੇਦਾਰ, ਸਿੱਖ-ਸੇਵਕ। ਗੱਲ ਕੀ ਸਭ ਕੁੱਝ ਨਿਛਾਵਰ ਕਰ ਦਿੱਤਾ। ਇੱਕ ਵੇਲਾ ਅਜਿਹਾ ਵੀ ਆਇਆ ਕਿ ਜੰਗਲਾਂ ਵਿੱਚ ਨੰਗੇ ਪੈਰੀਂ ਚੱਲਣਾ ਪਿਆ ਤੇ ਅੱਕਾਂ ਦੇ ਪੱਤੇ ਖਾ ਕੇ ਭੁੱਖ ਦੂਰ ਕਰਨੀ ਪਈ ਪਰ ਗੁਰੂ ਜੀ ਨੇ ਹਮੇਸ਼ਾ ਆਪਣਾ ਆਦਰਸ਼ ਯਾਦ ਰੱਖਿਆ ਕਿ ਮੇਰਾ ਸਭ ਕੁੱਝ ਇਨ੍ਹਾਂ ਲਤਾੜੇ, ਗ਼ਰੀਬਾਂ ਅਤੇ ਮਜ਼ਲੂਮ ਲੋਕਾਂ ਲਈ ਹੈ, ਇਸ ਕਰਕੇ ਉਹ ਉਨ੍ਹਾਂ ਕਿਰਤੀ ਲੋਕਾਂ ਦੀ ਸਹਾਇਤਾ ਕਰ ਕੇ ਅਨੰਦ ਮਹਿਸੂਸ ਕਰਦੇ ਸਨ। ਤਨ, ਮਨ, ਧਨ ਸਭ ਕੁੱਝ ਉਹਨਾਂ ਲਈ ਨਿਛਾਵਰ ਕਰਨ ਲਈ ਤੱਤਪਰ ਰਹਿੰਦੇ ਸਨ।

"ਸੇਵ ਕਰੀ ਇਨਹੀ ਕੀ ਭਾਵਤ
ਅਉਰ ਕੀ ਸੇਵ ਸੁਹਾਤ ਨਾ ਜੀ ਕਉ

ਦਾਨ ਦਿਯੋ ਇਨ ਹੀ ਕਓ ਭਲੋ
ਅਰੁ ਆਨ ਕੋ ਦਾਨ ਨਾ ਲਾਗਤ ਨੀਕਉ
ਆਗੈ ਫਲੈ ਇਨ ਹੀ ਕਓ ਦਿਯੋ
ਜਗ ਮੈ ਜਸੁ ਅਉਰ ਦਿਯੋ ਸਭ ਫੀਕਉ
ਮੋ ਗ੍ਰਿਹ, ਮੋ ਤਨ, ਤੇ ਮਨ ਤੇ ਸਿਰ
ਲਓ ਧਨ ਹੈ, ਸਭ ਹੀ ਇਨ ਹੀ ਕਓ॥"

ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤ ਵਿੱਚ ਸਦੀਆਂ ਤੋਂ ਵਰਨ ਆਸ਼ਰਮ ਦੀ ਵਿਵਸਥਾ ਨਾਲ ਸਮਝੇ ਜਾਂਦੇ ਅਛੂਤ ਜਾਤੀ ਦੇ ਲੋਕ ਅਤੇ ਹੋਰ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਯੋਗ ਮਾਣ ਸਨਮਾਨ ਦੇ ਕੇ, ਸਮਾਜਿਕ ਤਬਦੀਲੀ ਲਿਆਂਦੀ। ਭਾਰਤੀ ਸਮਾਜ ਨੂੰ ਆਪ ਜੀ ਦੀ ਇਹ ਇੱਕ ਵੱਡੀ ਦੇਣ ਸੀ। ਜਿਸ ਨਾਲ ਸਮਾਜ ਵਿੱਚ ਸਾਂਝੀਵਾਲਤਾ ਅਤੇ ਆਪਸੀ ਪ੍ਰੇਮ ਭਾਵਨਾ ਦਾ ਵਾਧਾ ਹੋਇਆ।

ਸਿੱਖ ਧਰਮ ਵਿੱਚ ਮੁੱਢ ਤੋਂ ਹੀ ਅੰਨਿਆਂ ਦੇ ਬਰਖ਼ਿਲਾਫ ਆਵਾਜ਼ ਉਠਾਉਣ ਦੀ ਵਿਚਾਰਧਾਰਾ ਪਾਈ ਜਾਂਦੀ ਸੀ।

ਮਰਣੁ ਮੁਣਸਾ ਸੂਰਿਆਂ ਹੱਕੁ ਹੈ ਜੋ ਹੋਇ ਮਰਨਿ ਪਰਵਾਣੋ

ਸਿੱਖ ਧਰਮ ਲੋਕ ਪੱਖੀ ਧਰਮ ਸੀ। ਇਸੇ ਕਰਕੇ ਲੋਕ ਵੀ ਸਿੱਖ ਧਾਰਮਿਕ ਲਹਿਰ ਨਾਲ ਜੁੜ ਰਹੇ ਸਨ। ਸੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਵਿਚਾਰਧਾਰਾ ਨੂੰ ਅਮਲੀ ਜਾਮਾ ਪਹਿਨਾ ਕੇ ਸ਼ਕਤੀ ਵਿੱਚ ਬਦਲ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿਣੀ ਅਤੇ ਕਰਨੀ ਦੇ ਪਰਿਪੱਕ ਸਨ। ਆਪ ਜੀ ਨੇ ਜਨ ਸਾਧਾਰਣ ਲੋਕਾਂ ਦੇ ਮਨੋਬਲ ਨੂੰ ਉੱਚਾ ਚੁੱਕਣ ਲਈ ਸਮੇਂ ਦੀ ਲੋੜ ਅਨੁਸਾਰ ਜੋਸ਼ ਭਰੇ ਨਾਅਰੇ ਦਿੱਤੇ। ਜਿਵੇਂ ਕਿ "ਸਵਾ ਲਾਖ ਸੇ ਏਕ ਲੜਾਊਂ ਚਿੜੀਓਂ ਸੇ ਬਾਜ਼ ਤੜਵਾਊ" ਆਦਿ ਇਹ ਨਾਅਰੇ ਸਿਰਫ਼ ਕਹਿਣ ਮਾਤਰ ਹੀ ਨਹੀਂ ਸਨ ਬਲਕਿ ਗੁਰੂ ਜੀ ਨੇ ਮੁੱਠੀ ਭਰ ਸਿੱਖਾਂ ਦੀ ਸ਼ਕਤੀ ਨਾਲ ਸ਼ਕਤੀਸ਼ਾਲੀ ਮੁਗ਼ਲ ਸਾਮਰਾਜ ਨੂੰ ਲਲਕਾਰਿਆ। ਆਨੰਦਪੁਰ ਸਾਹਿਬ ਦੀ ਲੜਾਈ ਵਿੱਚ ਆਪ ਜੀ ਨੇ ਪਹਾੜੀ ਰਾਜਿਆਂ, ਨਵਾਬ ਸਰਹੰਦ ਅਤੇ ਸ਼ਾਹੀ ਫ਼ੌਜਾਂ ਦਾ ਡੱਟ ਕੇ ਟਾਕਰਾ ਕੀਤਾ। ਚਮਕੌਰ ਦੀ ਗੜ੍ਹੀ ਵਿੱਚ ਚਾਲੀ ਸਿੱਖਾਂ ਨਾਲ ਬੇਸ਼ੁਮਾਰ ਫੌਜਾਂ ਦਾ ਟਾਕਰਾ ਕਰਕੇ ਅਤੇ ਜਫ਼ਰਨਾਮਾ ਰਾਹੀਂ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਵੰਗਾਰਿਆ। ਅਜਿਹੇ ਕਾਰਨਾਮੇ ਆਪ ਜੀ ਵਰਗਾ ਨਿਰਭੈ ਜਰਨੈਲ ਅਤੇ ਬੀਰ ਪੁਰਸ਼ ਹੀ ਕਰ ਸਕਦਾ ਸੀ।

ਲੜਾਈ, ਵੈਰ ਵਿਰੋਧ, ਖ਼ੂਨ-ਖ਼ਰਾਬਾ ਆਦਿ ਨਿਖੇਧਾਤਮਕ ਕਰਮ ਹਨ। ਇਸ ਨਾਲ ਕੋਈ ਮਸਲਾ ਹੱਲ ਨਹੀਂ ਹੁੰਦਾ। ਪਰ ਕਈ ਮੌਕੇ ਅਜਿਹੇ ਵੀ ਆਉਂਦੇ ਹਨ ਕਿ ਰਾਜਸੱਤਾ ਤੇ ਕਾਬਜ, ਜ਼ਾਲਮ ਅਹੰਕਾਰੀ ਹਾਕਮ ਮਾਨਵਤਾ ਦੀਆਂ ਉੱਚੀਆਂ ਕਦਰਾਂ ਕੀਮਤਾਂ ਨੂੰ ਪੈਰਾਂ ਥੱਲੇ ਦਰੜ ਦੇਣਾ ਜਿਸ ਨਾਲ ਜਨ ਸਾਧਾਰਣ ਦਾ ਜੀਣਾ ਮੁਸ਼ਕਲ ਹੋ ਜਾਵੇ, ਸ਼ਾਂਤੀ ਦੇ ਸਾਰੇ ਯਤਨ ਨਾ-ਕਾਮਯਾਬ ਹੋਣ ਤਾਂ ਤਲਵਾਰ ਦਾ ਸਹਾਰਾ ਲੈਣਾ ਹਰ ਦ੍ਰਿਸ਼ਟੀ ਨਾਲ ਉਚਿੱਤ ਹੈ। ਇਸ ਕਰਕੇ ਗੁਰੂ ਜੀ ਨੇ ਜ਼ਫਰਨਾਮਾ ਵਿੱਚ ਤਲਵਾਰ ਉਠਾਉਣ ਨੂੰ ਸਹੀ ਠਹਿਰਾਇਆ।

"ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥"

ਆਪ ਜੀ ਭਾਰਤੀ ਪਰੰਪਰਾ ਦੇ ਰਹਿਨੁਮਾ ਸਨ। ਮਾਛੀਵਾੜੀ ਦੇ ਜੰਗਲ ਜਿੱਥੇ ਦੁਸ਼ਮਣ ਦੀਆਂ ਫ਼ੌਜਾਂ ਆਪ ਨੂੰ ਜਿਊਂਦਿਆਂ ਫੜ੍ਹਣ ਲਈ ਪਿੱਛਾ ਕਰਦੀਆਂ ਫਿਰਦੀਆਂ ਸਨ, ਉਸ ਸਮੇਂ ਆਪ ਨੀਲੇ ਵਸਤਰ ਪਹਿਨ ਕੇ, ਉੱਚ ਦਾ ਪੀਰ ਬਣ ਕੇ, ਫ਼ੌਜਾਂ ਦੇ ਘੇਰੇ 'ਚੋਂ ਬਾਹਰ ਨਿਕਲੇ ਸਨ। ਜਾਨੀ ਖਾਂ ਅਤੇ ਗਨੀ ਖਾਂ ਦੋ ਮੁਸਲਮਾਨ ਭਰਾਵਾਂ ਨੇ ਆਪ ਜੀ ਦੀ ਉਸ ਸਮੇਂ ਜੀ-ਤੋੜ ਮਦਦ ਕੀਤੀ। ਜਦੋਂ ਆਪ ਮਾਲਵਾ ਖਿੱਤੇ ਦੇ ਪਿੰਡ ਢਿੱਲਵਾਂ ਸੋਢੀ ਕੌਲ ਰਾਏ ਕੋਲ ਪਹੁੰਚ ਤਦ ਸੋਢੀ ਕੌਲ ਰਾਏ ਨੇ ਆਪ ਜੀ ਨੂੰ ਸਫ਼ੈਦ ਵਸਤਰ ਪਹਿਨਣ ਲਈ ਦਿੱਤੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਰੀ ਸ੍ਰਿਸ਼ਟੀ ਨੂੰ ਇੱਕ ਵਿਸ਼ਵਰੂਪ ਤੋਂ ਉਤਪੰਨ ਹੋਈ ਮੰਨਦੇ ਸਨ। ਇਸ ਕਰਕੇ ਕੋਈ ਉੱਚਾ ਨੀਵਾਂ ਨਹੀਂ। ਜੇਕਰ ਰੰਗ ਰੂਪ ਵਿੱਚ ਕੋਈ ਭਿੰਨ ਭੇਦ ਹੈ ਤਾਂ ਉਹ ਕੁਦਰਤ ਦੇ ਜਲਵਾਯੂ ਅਤੇ ਵਾਤਾਵਰਨ ਕਰਕੇ ਹੈ।

"ਮਾਨਸ ਸਭੈ ਏਕ ਪੈ ਅਨੇਕ ਕੁ ਭ੍ਰਮਾਉ ਹੈ।
ਦੇਵਤਾ, ਅਦੇਵ, ਜੱਛ, ਗੰਧ੍ਰਬ, ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕਉ ਪ੍ਰਭਾਉ ਹੈ
ਏਕੈ ਨੈਨ, ਏਕੈ ਕਾਨ, ਏਕੋ ਦੇਹ ਏ ਕੈ ਬਾਨ।
ਖਾਕ ਬਾਦ ਆਤਸ ਅਓ ਆਬ ਕਉ ਰਲਾਉ ਹੈ।"

ਅਜੋਕੇ ਸਮੇਂ ਇਹ ਗੱਲ ਪੂਰੀ ਤਰ੍ਹਾਂ ਸਿੱਧ ਹੋ ਚੁੱਕੀ ਹੈ ਕਿ ਮਨੁੱਖੀ ਅੰਤਰ, ਰੰਗ ਰੂਪ ਵਿੱਚ ਭਿੰਨ-ਭੇਦ ਸਭ ਪੌਣ-ਪਾਣੀ ਅਤੇ ਵਾਤਾਵਰਣ ਕਰਕੇ ਹੀ ਹੈ। ਸੋ ਇਹ ਆਧੁਨਿਕ ਵਿਚਾਰ ਅੱਜ ਤੋਂ ਤਿੰਨ ਸੌ ਸਾਲ ਪਹਿਲਾਂ ਹੀ ਆਪ ਜੀ ਨੇ ਲਿਖ ਦਿੱਤਾ ਸੀ। ਆਪ ਸਾਰੀ ਮਾਨਸ ਜਾਤੀ ਨੂੰ ਇੱਕ ਰੂਪ ਹੀ ਸਮਝਦੇ ਸਨ।

"ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ,

ਮਾਣਸ ਕੀ ਜਾਤ ਸਭੈ ਏ ਕੈ ਪਹਿਚਾਨਬੋ।"

ਸ੍ਰੀ ਗੁਰੂ ਗੋਬਿੰਦ ਸਿੰਘ ਇੱਕ ਅਧਿਆਤਮਕ ਆਗੂ ਸਨ। ਆਪ ਅਕਾਲਪੁਰਖ ਨਾਲ ਅਭੇਦ ਹੋ ਚੁੱਕੇ ਸਨ। ਇਸ ਕਰਕੇ ਆਪਣੇ ਨਿਜੀ ਅਨੁਭਵ ਤੋਂ ਲਿਖਦੇ ਹਨ ਕਿ ਸੱਚੀ ਪ੍ਰੇਮ ਭਗਤੀ ਨਾਲ ਹੀ ਰੱਬ ਨੂੰ ਮਿਲਿਆ ਜਾ ਸਕਦਾ ਹੈ।

"ਸਾਚੁ ਕਹੋ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭ ਪਾਇਓ।"

ਇਸ ਤੋਂ ਇਲਾਵਾ ਹੋਰ ਤਪ ਤਾਪਣ, ਪੁੰਨਦਾਨ, ਕਰਾਮਾਤਾਂ, ਸੰਨਿਆਸ ਆਦਿ ਫੋਕਟ ਕਰਮ ਹਨ। ਇਸ ਲਈ ਆਪ ਜੀ ਨੇ ਕਰਮ-ਕਾਂਡਾਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ।

"ਕਾਹੂ ਲੈ ਪਾਹਨ ਪੂਜ ਧਰਯੋ ਸਿਰ,
ਕਾਹੂ ਲੇ ਲਿੰਗ ਗਰੇ ਲਟਕਾਇਓ।
ਕਾਹੂ ਲਖਿਓ ਹਰਿ ਅਵਾਚੀ ਦਿਸ਼ਾ ਮਹਿ,
ਕਾਹੂ ਪਛਾਹ ਕੋ ਸੀਸ ਨਿਵਾਇਓ।
ਕੋਊ ਬੁਤਾਨ ਕੋ ਪੂਜਤ ਹੈ ਪਸੁ,
ਕੋਊ ਮਿਤ੍ਰਾਨ ਕੋ ਪੂਜਨ ਧਾਇਓ।
ਕੂਰ ਕ੍ਰਿਆ ਉਰਝਿਓ ਸਭ ਹੀ ਜਗ,
ਸ੍ਰੀ ਭਗਵਾਨ ਕਉ ਭੇਦ ਨਾ ਪਾਇਓ।"

ਗੁਰੂ ਗੋਬਿੰਦ ਸਿੰਘ ਜੀ ਮਹਾਨ ਉੱਚ ਕੋਟੀ ਦੇ ਕਵੀ ਸਨ। ਕਵਿਤਾ ਆਪ ਜੀ ਦੇ ਮੁਖਾਰਬਿੰਦ ਤੋਂ ਝਰਨੇ ਵਾਂਗ ਝਰਦੀ ਸੀ। ਆਪ ਜੀ ਨੇ ਬਹੁਤ ਸਾਰੀ ਬਾਣੀ ਦੀ ਰਚਨਾ ਕੀਤੀ ਜਿਹੜੀ ਕਿ ਦਸਮ ਗ੍ਰੰਥ ਵਿਚ ਦਰਜ ਹੈ।

ਖਿਦਰਾਣੇ ਦੀ ਢਾਬ (ਮੁਕਤਸਰ) ਦੀ ਲੜਾਈ ਜਿੱਤ ਕੇ ਆਪ ਮਹੀਨੇ ਦੇ ਕਰੀਬ ਤਲਵੰਡੀ ਸਾਬੋ ਵਿਖੇ ਸਿੱਖ ਸ਼ਕਤੀ ਨੂੰ ਜਥੇਬੰਦ ਕਰਦੇ ਰਹੇ। ਇਸ ਤੋਂ ਬਾਅਦ ਆਪ ਜੀ ਦੱਖਣ ਵੱਲ ਚੱਲ ਪਏ। ਨਾਂਦੇੜ ਵਿੱਚ ਹੀ ਆਪ ਨਰ ਨਾਟਕ ਕਰਕੇ ਅਲੋਪ ਹੋ ਗਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੰਪੂਰਨ ਵਿਅਕਤੀਤਵ ਅਤੇ ਉਹਨਾਂ ਦਾ ਰਚਿਆ ਸਾਹਿਤ ਉਨ੍ਹਾਂ ਦੇ ਸੰਤ ਸਿਪਾਹੀ ਹੋਣ ਦੀ ਗਵਾਹੀ ਭਰਦਾ ਹੈ। ਬ੍ਰਹਮ ਤੇਜ ਅਤੇ ਛਾਤਰ ਤੇਜ ਦੇ ਮੇਲ ਦੀਆਂ ਹੋਰ ਉਦਾਹਰਣਾਂ ਭਾਰਤ ਦੇ ਇਤਿਹਾਸ ਵਿੱਚ ਮਿਲਦੀਆਂ ਹਨ। ਪਰ ਗੁਰੂ ਗੋਬਿੰਦ ਸਿੰਘ ਜੀ ਜਿਹਾ ਵਿਅਕਤੀਤਵ, ਬ੍ਰਹਮ ਤੇਜ, ਸੰਤ ਸਿਪਾਹੀ ਦੇ ਨਾਲ ਕਵਿਤਵ ਸ਼ਕਤੀ ਦਾ ਸੰਯੋਗ ਆਪ ਜੀ ਨੂੰ ਵਿਸ਼ਵ ਇਤਿਹਾਸ ਵਿੱਚ ਇੱਕ ਨਿਵੇਕਲਾ ਸਥਾਨ ਪ੍ਰਾਪਤ ਕਰਵਾਉਂਦਾ ਹੈ।

ਨਵਾਂ ਸਾਲ ਮੁਬਾਰਕ

ਆਓ ਨਵੇਂ ਸਾਲ ਦੀਆਂ ਰੀਝਾਂ ਕੱਤੀਏ,
ਇੱਕ ਦੂਜੇ ਨਾਲ ਪਿਆਰ ਵਧਾਈਏ।

ਦੇਸ਼ ਹੈ ਸਾਡਾ ਅਸੀਂ ਹਾਂ ਇੱਕੋ
ਨਾ ਇਕ ਦੂਜੇ ਦੀ ਪੀੜਾ ਜਗਾਈਏ।

ਸਾਂਝ ਸਾਡੀ ਨੂੰ ਨਜ਼ਰ ਨਾ ਲੱਗੇ,
ਕੋਈ ਨਜ਼ਰ ਪੱਟੂ ਲਟਕਾਈਏ।

ਵੈਰੀ ਆਪਣੇ ਆਪ ਨਾ ਬਣੀਏ,
ਹੱਦਾਂ ਬੰਨੇਂ ਸੱਭ ਮੁਕਾਈਏ।

ਹਿੰਦੂ, ਮੁਸਲਿਮ, ਸਿੱਖ, ਇਸਾਈ।
ਸੱਭ ਮਿਲਵਰਤਣ ਦਾ ਰਾਹ ਅਪਨਾਈਏ।

ਧਰਮ ਗਰੰਥ ਨੇ ਸਾਂਝੇ ਸਾਡੇ,
ਸੱਭ ਦਾ ਇੱਜਤ ਮਾਨ ਵਧਾਈਏ।

ਦੇਸ਼ ਦੇ ਪਹਿਰੇਦਾਰਾਂ ਨੂੰ
ਭਰਿਸਟਾ ਚਾਰ ਤੋਂ ਦੂਰ ਭਜਾਈਏ।

ਬੇਈਮਾਨੀ ਦੀ ਜੜ੍ਹ ਨੂੰ ਪੁੱਟੋ।
ਇਮਾਨਦਾਰੀ ਦੀ ਜੜ੍ਹ ਉਗਾਈਏ।

ਹੱਕ ਪਰਾਏ ਤੇ ਨਜ਼ਰ ਨਾ ਰੱਖੋ,
ਖੁਸ਼ੀਆਂ ਭਰਿਆ ਸਾਲ ਮਨਾਈਏ।

ਜਾਤ ਪਾਤ ਸੱਭ ਦੂਰ ਭਜਾਓ,
ਸੱਭ ਨੂੰ ਆਪਣੇ ਗਲ ਨਾਲ ਲਾਈਏ।

ਨਵਾਂ ਸਾਲ ਮੁਬਾਰਕ ਸੱਭ ਨੂੰ,
ਆਓ ਰੋਟੀ ਪਾਣੀ ਦੀ ਸਾਂਝ ਵਧਾਈਏ।

'ਨਾਗੀ' ਜਿਸ ਵਿਹੜੇ ਬਹਿ ਚਰਖਾ ਡਾਹੀਏ।
ਉਸ ਵਿਹੜੇ ਦੇ ਭਾਗ ਜਗਾਈਏ।

—ਮਹਿੰਦਰ ਸਿੰਘ 'ਨਾਗੀ'
ਮੋਬ:- 97297-09788
ਮਹਿੰਦਰਾ ਟੈਂਟ ਵਰਕਸ, ਰਾਣੀਆ ਗੇਟ, ਸਿਰਸਾ
125055

ਗੁਰੂ ਨਾਨਕ ਕਾਵਿ ਦਾ ਪ੍ਰਗਤੀਸ਼ੀਲ ਮੁਹਾਂਦਰਾ

ਪ੍ਰੋਫ਼ੈਸਰ ਗੋਪਾਲ ਸਿੰਘ ਬੁੱਟਰ
ਪੰਜਾਬੀ ਵਿਭਾਗ,
ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਗੁਰੂ ਨਾਨਕ ਕਾਵਿ ਦੀ ਵਿਲੱਖਣਤਾ ਉਸ ਦੇ ਪ੍ਰਗਤੀਸ਼ੀਲ ਮੁਹਾਂਦਰੇ ਕਾਰਨ ਹੈ। ਗੁਰੂ ਨਾਨਕ ਦੇਵ ਦੀ ਬਾਣੀ ਗੁਰਮਤ ਕਾਵਿ ਧਾਰਾ ਦੇ ਬਾਨੀ ਦੀ ਬਾਣੀ ਹੋਣ ਕਰਕੇ ਇਹ ਸਮੁਚੇ ਗੁਰਮਤ ਕਾਵਿ ਦੇ ਪ੍ਰਗਤੀਸ਼ੀਲ ਮੁਹਾਂਦਰੇ ਦੀ ਰੂਪ ਰੇਖਾ ਵੀ ਨਿਰਧਾਰਿਤ ਕਰਦੀ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਜਿੱਥੇ ਸਮਾਜਿਕ ਯਥਾਰਥ ਦੀ ਜਟਿਲਤਾ ਦੇ ਸਾਰੇ ਪਸਾਰਾਂ ਤੇ ਹਰੇਕ ਪਸਾਰ ਦੀ ਹਰ ਪ੍ਰਤਿਨਿਧੀ ਪਰਤ ਦੀ ਵਿਆਖਿਆ ਤੇ ਵਿਸ਼ਲੇਸ਼ਣ ਕਰਦੀ ਹੈ। ਉੱਥੇ ਮਾਇਆ ਜਾਲ ਤੋਂ ਬਚ ਕੇ ਉਚੇਰੀਆਂ ਮਾਨਵੀ ਕੀਮਤਾਂ ਦਾ ਅਨੁਸਰਣ ਕਰਨ ਵਾਲੇ ਆਦਰਸ਼ਕ ਮਨੁੱਖ ਦੀਆਂ ਉਚੇਰੀਆਂ ਤੇ ਵਿਲੱਖਣ ਖ਼ੂਬੀਆਂ ਦੀ ਸੋਝੀ ਵੀ ਕਰਾਉਂਦੀ ਹੈ। ਅਸਲ ਵਿਚ ਠੀਕ-ਗਲਤ, ਯੋਗ-ਅਯੋਗ, ਅਨਿਵਾਰੀ ਤੇ ਵਰਜਿਤ ਦੇ ਸੰਕਲਪ ਸੂਤਰ ਬਦਲਦੇ ਰਹਿਣ ਕਾਰਨ ਇਨ੍ਹਾਂ ਦਾ ਨਿਰਣਾ ਕਰਨ ਲਈ ਜਿਸ ਤ੍ਰੈਕਾਲ ਦਰਸ਼ੀ ਚੇਤਨਾ ਦੀ ਜ਼ਰੂਰਤ ਹੈ। ਉਹ ਗੁਰੂ ਨਾਨਕ ਦੇਵ ਵਰਗੀਆਂ ਉੱਚ ਪ੍ਰਤਿਭਾਵਾਂ ਦੇ ਵੱਸ ਦੀ ਹੀ ਸਮੱਸਿਆ ਹੈ। ਆਮ ਆਦਮੀ ਸਮਕਾਲੀ ਪ੍ਰਸਥਿਤੀਆਂ ਮੁਤਾਬਿਕ ਅੱਧੇ-ਅਧੂਰੇ ਸੱਚ ਨੂੰ ਹੀ ਸਮਝ ਸਕਦਾ ਹੈ। ਗੀਤਾ ਵਿਚ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਨੇ ਫ਼ੁਰਮਾਇਆ ਹੈ ਕਿ ਕਿਹੜਾ ਕਰਨਯੋਗ ਕਰਮ ਹੈ, ਕਿਹੜਾ ਕਰਨਯੋਗ ਨਹੀਂ? ਇਸ ਬਾਰੇ ਤਾਂ ਸਿਆਣੇ ਲੋਕ ਵੀ ਦੁਬਿਧਾਗ੍ਰਸਤ ਹਨ।1

ਪੰਜਾਬੀ ਮੱਧਕਾਲੀ ਨਿਰਗੁਣ ਭਗਤੀ ਕਾਵਿ ਅਤੇ ਖ਼ਾਸ ਤੌਰ 'ਤੇ ਗੁਰਬਾਣੀ ਦਾ ਅਧਿਐਨ ਕਰਦੇ ਸਮੇਂ ਅਸੀਂ ਇਹ ਦੇਖਦੇ ਹਾਂ ਕਿ ਪੰਜਾਬ ਵਿੱਚ ਸਰਗੁਣ ਭਗਤੀ ਕਾਵਿ ਦੀ ਰਚਨਾ ਨਾਮਾਤਰ ਹੀ ਹੋਈ ਹੈ ਅਤੇ ਇਥੇ ਵਧੇਰੇ ਬੋਲਬਾਲਾ ਨਿਰਗੁਣ ਭਗਤੀ ਕਾਵਿ ਦੇ ਲੇਖਕਾਂ ਦਾ ਹੀ ਰਿਹਾ ਹੈ। ਪੰਜਾਬ ਵਿੱਚ ਨਿਰਗੁਣ ਭਗਤੀ-ਕਾਵਿ ਦੀ ਪ੍ਰਮੁੱਖਤਾ ਦੇ ਕਈ ਗੁੱਝੇ ਕਾਰਣ ਹਨ ਅਤੇ ਉਨ੍ਹਾਂ ਵਿੱਚੋਂ ਇੱਕ ਇਹ ਹੈ ਕਿ ਇੱਥੋਂ ਦੇ ਭਗਤੀ-ਕਾਵਿ ਦੇ ਪ੍ਰਮੁੱਖ ਰਚੇਤਾ ਗੁਰੂ ਸਾਹਿਬਾਨ ਵਕਤ ਵਿਹਾ ਚੁੱਕੀਆਂ ਸਨਾਤਨੀ ਰਵਾਇਤਾਂ ਅਤੇ ਕਰਮ ਕਾਂਡਾਂ ਦੇ ਸਖ਼ਤ ਖ਼ਿਲਾਫ਼ ਸਨ ਅਤੇ ਪ੍ਰੋਹਿਤਵਾਦ ਦੇ ਭਰਮਜਾਲ ਤੋਂ ਗ਼ਰੀਬ ਨਿਮਾਣੀ ਤੇ ਨਿਤਾਣੀ ਖ਼ਲਕਤ ਨੂੰ ਜਾਗਰੂਕ ਕਰਨ ਦੇ ਉਦੇਸ਼ ਨੂੰ ਆਪਣੇ ਕਰਤਵ ਮੰਨਦੇ ਸਨ। ਇਹ ਵੀ ਸੱਚ ਹੈ ਕਿ ਸਰਗੁਣ ਭਗਤੀ ਕਾਵਿ ਵਿਸ਼ੇਸ਼ ਵਰਗ ਦੇ ਆਗੂਆਂ ਨੂੰ ਈਸ਼ਵਰ ਦੇ ਅਵਤਾਰ ਵਜੋਂ ਸਥਾਪਿਤ ਕਰਕੇ ਵਿਅਕਤੀ ਪੂਜਾ ਤੋਂ ਲੈ ਕੇ ਮੂਰਤੀ ਪੂਜਾ ਤੱਕ ਦੇ ਹਿੱਤਪੂਰਤੀ ਦੇ ਮਨਸੂਬਿਆਂ ਨਾਲ ਜੁੜਿਆ ਹੋਇਆ ਸੀ ਅਤੇ ਸਮਾਜ ਵਿੱਚ ਹਾਸ਼ੀਏ 'ਤੇ ਧੱਕੀਆਂ ਕਿਰਤੀ ਅਤੇ ਨਿਮਨ ਜਾਤੀਆਂ ਪ੍ਰਤੀ ਸਦਭਾਵੀ ਨਹੀਂ ਸੀ ਜੋ ਪੰਜਾਬ ਦੀ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਨਹੀਂ ਸੀ। ਪੰਜਾਬ ਦੇ ਨਿਰਗੁਣ ਗੁਰੂ ਕਾਵਿ ਦੀ ਗੱਲ ਕਰਨ ਤੋਂ ਪਹਿਲਾਂ ਨਿਰਗੁਣ ਤੇ ਸਰਗੁਣ ਦੇ ਸੰਕਲਪਾਂ ਨੂੰ ਸਪਸ਼ਟ ਕਰਨਾ ਅਨਿਵਾਰੀ ਮਹਿਸੂਸ ਹੁੰਦਾ ਹੈ।

ਸਰਗੁਣ ਜਾਂ ਸਗੁਣ ਸ਼ਬਦ ਅਸਲ ਵਿੱਚ ਸਾਂਖਿਆ ਦਰਸ਼ਨ ਦੇ ਮਾਇਆਵੀ ਤਿੰਨ ਗੁਣਾਂ ਸਤੋ ਗੁਣ, ਰਜੋ ਗੁਣ ਅਤੇ ਤਮੋ ਗੁਣ ਨਾਲ ਸੰਬੰਧਿਤ ਹੈ। ਇਸ ਨੂੰ ਅੱਗੇ ਜਾ ਕੇ ਵੈਸ਼ਿਸ਼ਕ ਦਰਸ਼ਨ ਦੇ ਰੂਪ, ਰਸ, ਗੰਧ ਸਪਰਸ਼, ਪਰਿਮਾਣ, ਪ੍ਰਿਥਕਤ੍ਵ, ਸੰਯੋਗ, ਵਿਭਾਗ, ਦਵੈਸ਼, ਯਤਨ, ਗਰੂਤ੍ਵ, ਸਨੇਹ, ਸੰਸਕਾਰ, ਅਦ੍ਰਿਸ਼ਟ, ਧਰਮ ਅਤੇ ਸ਼ਬਦ ਦੇ 24 ਲੱਛਣਾਂ ਨਾਲ ਸੰਬੰਧਿਤ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ। ਸਗੁਣ ਜਾਂ ਸਰਗੁਣ ਈਸ਼ਵਰ, ਅਵਤਰਿਤ ਹੁੰਦਾ ਹੈ। ਜੋਨੀ ਵਿੱਚ ਹੁੰਦਾ ਹੈ ਸਾਕਾਰ ਹੁੰਦਾ ਹੈ ਅੰਜਨ ਵਿੱਚ ਹੁੰਦਾ ਹੈ ਅਤੇ ਕਾਲ ਦੇ ਘੇਰੇ ਵਿੱਚ ਹੁੰਦਾ ਹੈ। ਜਦਕਿ ਨਿਰਗੁਣ ਈਸ਼ਵਰ ਅਜੋਨੀ ਹੈ, ਨਿਰਾਕਾਰ ਹੈ, ਨਿਰੰਜਣ ਹੈ, ਅਕਾਲ ਮੂਰਤਿ ਹੈ, ਅਗੰਮ ਹੈ, ਅਗੋਚਰ ਹੈ, ਅਲਖ ਹੈ, ਅਪਾਰ ਹੈ, ਸੋ ਗੁਰੂ ਸਾਹਿਬਾਨ ਨੇ ਵਿਸ਼ੇਸ਼ ਵਰਗ ਦੀ ਥਾਂ ਨਿਮਨ ਵਰਗ ਨਾਲ ਚੱਲਣ ਦੀ ਵਚਨਬੱਧਤਾ ਕਾਰਨ ਪ੍ਰਭੂ ਦੇ ਇਸ ਸਰੂਪ ਨੂੰ ਆਪਣੇ ਅਧਿਆਤਮਕ ਚਿੰਤਨ ਦੇ ਕੇਂਦਰ ਵਿੱਚ ਰੱਖਿਆ ਹੈ।

ਪੰਜਾਬੀ ਮੱਧਕਾਲੀ ਚਿੰਤਨ ਵਿੱਚ ਅਤੇ ਖ਼ਾਸ ਤੌਰ 'ਤੇ ਨਿਰਗੁਣ ਭਗਤੀ-ਕਾਵਿ ਦੇ ਸੰਦਰਭ ਵਿੱਚ ਗੁਰੂ ਨਾਨਕ ਦੇਵ ਜੀ ਦਾ ਨਾਮ ਪ੍ਰਮੁੱਖ ਰੂਪ ਵਿੱਚ ਉਭਰ ਕੇ ਸਾਹਮਣੇ ਆਉਂਦਾ ਹੈ। ਜੇ ਇਹ ਕਹਿ ਲਿਆ ਜਾਵੇ ਕਿ ਗੁਰੂ ਨਾਨਕ ਦੀ ਆਮਦ ਨਾਲ ਮੱਧਕਾਲੀ ਪੰਜਾਬੀ ਭਗਤੀ-ਕਾਵਿ ਚਿੰਤਨ ਵਿਚ ਇਕ ਨਵੇਂ ਯੁੱਗ ਦਾ ਆਰੰਭ ਹੁੰਦਾ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮਕਾਲੀ ਜੀਵਨ ਵਿਚ ਵਕਤ ਵਿਹਾ ਚੁੱਕੀਆਂ ਫੋਕੀਆਂ ਰਵਾਇਤਾਂ, ਗਤੀਹੀਣ ਰੂੜ੍ਹੀਆਂ ਅਤੇ ਅੰਧ-ਵਿਸ਼ਵਾਸ 'ਤੇ ਆਧਾਰਿਤ ਫੋਕੇ ਅਤੇ ਪੁਜਾਰੀ ਵਰਗ ਵੱਲੋਂ ਜਨ-ਸਾਧਾਰਨ ਦੇ ਸ਼ੋਸ਼ਣ ਲਈ ਠੋਸੇ ਕਰਮ-ਕਾਂਡਾ ਅਤੇ ਨਿਰਜਿੰਦ ਹੋਈਆਂ ਪਰੰਪਰਾਵਾਂ 'ਤੇ ਇਕ ਨਵੀਂ ਰੋਸ਼ਨੀ ਪਾ ਕੇ ਪੰਜਾਬੀ ਜਨ-ਜੀਵਨ, ਸਭਿਆਚਾਰ, ਧਰਮ ਅਤੇ ਸਾਹਿਤ ਨੂੰ ਨਵੇਂ ਪਾਸਾਰ ਪ੍ਰਦਾਨ ਕੀਤੇ। ਹੁਣ ਤੱਕ ਦੀ ਹੋਈ ਖੋਜ ਮੁਤਾਬਿਕ

ਵਿਦਵਾਨਾਂ ਨੇ ਗੁਰੂ ਸਾਹਿਬ ਦਾ ਜੀਵਨ ਉਨ੍ਹਾਂ ਦੀ ਬਾਣੀ, ਉਨ੍ਹਾਂ ਨਾਲ ਸੰਬੰਧਿਤ ਸਾਖੀਆਂ, ਗੁਰੂ ਗ੍ਰੰਥ ਸਾਹਿਬ ਵਿੱਚ ਸੰਬੰਧਿਤ ਦੂਸਰੇ ਗੁਰੂ ਸਾਹਿਬਾਨ ਅਤੇ ਸੰਤਾਂ ਦੀ ਬਾਣੀ, ਕਾਵਿ-ਗ੍ਰੰਥਾਂ ਅਤੇ ਖੋਜ-ਪੁਸਤਕਾਂ ਦੇ ਆਧਾਰ ਉੱਤੇ ਉਸਾਰਿਆ ਹੈ।

ਗੁਰੂ ਨਾਨਕ ਜਿੱਥੇ ਇਕ ਅਧਿਆਤਮਕ ਆਗੂ ਸਨ ਉਸਦੇ ਨਾਲ-ਨਾਲ ਉਹ ਇਹ ਲੌਕਿਕ ਸੰਸਾਰ ਦੇ ਘਟਨਾਕ੍ਰਮ ਬਾਰੇ ਵੀ ਸੁਚੇਤ ਸਨ ਅਤੇ ਲੋਕਾਂ ਨੂੰ ਸੰਸਾਰਕ ਸਮੱਸਿਆਵਾਂ ਨੂੰ ਸਮਝਣ ਸਮਝਾਉਣ ਦੀ ਚੇਤਨਾ ਵੀ ਪ੍ਰਦਾਨ ਕਰਦੇ ਸਨ। ਇਸ ਤਰ੍ਹਾਂ ਉਨ੍ਹਾਂ ਦੀ ਰਚਨਾ ਜਿੱਥੇ ਅਧਿਆਤਮਕ ਰਹੱਸਾਂ ਦੀਆਂ ਬਾਰੀਕੀਆਂ ਅਤੇ ਉਸ ਜਗਤ ਦੇ ਆਭਾ-ਮੰਡਲ ਦੀ ਬਾਤ ਪਾਉਂਦੀ ਹੈ। ਉੱਥੇ ਨਾਲ-ਨਾਲ ਮਨੁੱਖ ਨੂੰ ਸਮਾਜਕ ਤੌਰ 'ਤੇ ਵੀ ਆਦਰਸ਼ਕ ਪ੍ਰਾਣੀ ਬਣਨ ਦੀ ਸੇਧ ਦਿੰਦੀ ਹੈ। ਇਕ ਆਦਰਸ਼ਕ ਮਨੁੱਖ ਜਾਂ ਸੱਚੇ ਸਿੱਖ-ਰੂਪੀ ਸਚਿਆਰ ਮਾਨਵ ਦੀ ਸਿਰਜਣਾ ਕਰਨਾ ਵੀ ਗੁਰੂ ਨਾਨਕ ਬਾਣੀ ਦਾ ਮਹੱਤਵਪੂਰਨ ਉਦੇਸ਼ ਹੈ। ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਦੋ ਤਰ੍ਹਾਂ ਦੀ ਕਾਵਿ ਬਾਣੀ ਪ੍ਰਚਲਿਤ ਹੈ। ਇਕ ਤਾਂ ਉਹ ਬਾਣੀ ਜਿਹੜੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ। ਜਿਸਨੂੰ ਪ੍ਰਮਾਣਿਕ ਜਾਂ ਪੱਕੀ ਬਾਣੀ ਦਾ ਨਾਮ ਦਿੱਤਾ ਜਾਂਦਾ ਹੈ। ਇਸ ਵਿੱਚ ਗੁਰੂ ਸਾਹਿਬ ਦੀਆਂ ਇਹ ਬਾਣੀਆਂ ਦਰਜ ਹਨ 121 ਅਸ਼ਟਪਦੀਆਂ, 116 ਪਉੜੀਆਂ, 259 ਸ਼ਲੋਕ, ਸੋਦਰ ਸਮੇਤ 207 ਪਦੇ, ਪਟੀ, ਥਿਤੀ, ਓਅੰਕਾਰ, ਗੋਸ਼ਟ, ਬਾਰਾ ਮਾਂਹ ਵਿਚਲੇ 199 ਪਦ, 24 ਛੰਤ, 22 ਸੋਹਿਲੇ, 5 ਅਲਾਹੁਣੀਆਂ, 2 ਕੁਚੱਜੀ-ਸੁਚੱਜੀ, ਪਹਿਰੇ 2 ਅਤੇ ਇੱਕ ਮੰਤਰ। ਇਨ੍ਹਾਂ ਬਾਣੀਆਂ ਦਾ ਕੁੱਲ ਜੋੜ 958 ਹੈ। ਇਸ ਤੋਂ ਇਲਾਵਾ ਉਨ੍ਹਾਂ ਕੱਚੀ ਜਾਂ ਅਪ੍ਰਮਾਣਿਕ ਬਾਣੀ ਵੀ ਮਿਲਦੀ ਹੈ। ਜਿਸਨੂੰ ਤਿੰਨਾਂ ਭਾਗਾਂ ਵਿੱਚ ਵੰਡਿਆ ਜਾਂਦਾ ਹੈ।(1) ਪ੍ਰਾਣ-ਮੰਗਲੀ, (2) ਖਾਰੀ ਬੀੜ ਵਿਚ ਸੰਕਲਿਤ ਵਾਧੂ ਬਾਣੀ, (3) ਨਾਮਾ- ਸਹਿਤ। ਪਰ ਇਸ ਪ੍ਰਮਾਣਿਕ ਬਾਣੀ ਦੇ ਵਿਸ਼ਲੇਸ਼ਣ ਉਪਰੰਤ ਪੰਜਾਬੀ ਸਿੱਖ ਸਾਹਿਤ ਅਤੇ ਗੁਰਬਾਣੀ ਦੇ ਖੋਜੀ ਵਿਦਵਾਨ ਡਾ. ਰਿਤਨ ਸਿੰਘ ਜੱਗੀ ਦੇ ਇਸ ਮੱਤ ਕਿ "ਗੁਰੂ ਨਾਨਕ ਦੀ ਕੇਵਲ ਇਹੀ ਬਾਣੀ ਪ੍ਰਮਾਣਿਕ ਹੈ ਜੋ ਪੰਜਵੇਂ ਗੁਰੂ ਦੁਆਰ ਆਦਿ ਗ੍ਰੰਥ ਵਿਚ ਸੰਕਲਿਤ ਕੀਤੀ ਗਈ ਸੀ। ਉਨ੍ਹਾਂ ਦੇ ਨਾਂ ਨਾਲ ਸੰਬੰਧਿਤ ਆਦਿ-ਗ੍ਰੰਥ ਤੋਂ ਬਾਹਰਲੀ ਬਾਣੀ ਨਿਸ਼ਚੇ ਹੀ ਗੁਰੂ ਨਾਨਕ ਦੇਵ ਦੀ ਰਚਨਾ ਨਹੀਂ ਹੈ।2" ਨਾਲ ਸਹਿਮਤ ਹੁੰਦਿਆਂ ਅਸੀਂ ਆਪਣੇ ਅਧਿਐਨ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਅਤੇ ਗੁਰੂ ਅਰਜਨ ਦੇਵ ਦੁਆਰਾ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ 'ਤੇ ਹੀ ਆਪਣੀ ਚਰਚਾ ਕੇਂਦਰਿਤ ਰੱਖਾਂਗੇ।

ਗੁਰੂ ਨਾਨਕ ਦੇਵ ਜੀ ਬਾਣੀ ਜਿਸ ਵਿਚ ਉਨ੍ਹਾਂ ਨੇ ਆਦਰਸ਼ਕ ਮਨੁੱਖ ਦੀ ਸਿਰਜਣਾ ਲਈ ਕੁੱਝ ਸੰਦੇਸ਼, ਹਦਾਇਤਾਂ, ਕਸਵੱਟੀਆਂ ਨੂੰ ਪ੍ਰਸਤੁਤ ਕੀਤਾ ਹੈ। ਉਸਨੂੰ ਅਸੀਂ ਉਨਾਂ ਦੀ ਬਾਣੀ ਦੇ ਆਚਾਰ-ਪ੍ਰਬੰਧ (Ethics) ਦਾ ਨਾਮ ਦੇ ਕੇ ਆਪਣੀ ਚਰਚਾ ਆਰੰਭ ਕਰਦੇ ਹਾਂ। ਗੁਰੂ ਨਾਨਕ ਦੇਵ ਜੀ ਦੇ ਮੁਤਾਬਕ ਧਰਮ ਦੇ ਦੋ ਪਾਸਾਰ ਹਨ। ਪਹਿਲਾਂ ਦਾ ਉਦੇਸ਼ ਮੋਕਸ਼ ਦੀ ਪ੍ਰਾਪਤੀ ਹੈ ਅਤੇ ਇਸ ਦਾ ਦਾਇਰਾ ਨਿਰੋਲ ਨਿੱਜ ਨਾਲ ਹੈ ਇਸ ਵਿਚ ਧਰਮ ਦੇ ਅੰਤਰਗਤ ਕੀਤੀ ਸਾਧਨਾ ਆਉਂਦੀ ਹੈ ਇਸਦੇ ਪ੍ਰਮੁੱਖ ਸਾਧਨ ਕਰਮ-ਕਾਂਡ, ਯੋਗ ਗਿਆਨ, ਅਤੇ ਭਗਤੀ ਹਨ। ਧਰਮ ਦੇ ਸ਼ਾਬਦਿਕ ਅਰਥਾਂ ਵੱਲ ਦੇਖਦਿਆਂ ਅਰਬੀ ਸ਼ਬਦ ਮਜ਼੍ਹਬ ਅਤੇ ਅੰਗਰੇਜ਼ਾਂ ਦੇ ਰਿਲਿਜਨ ਨਾਲੋਂ ਭਾਰਤੀ ਧਰਮ ਵਧੇਰੇ ਵਿਆਪਕ ਅਤੇ ਬਹੁ-ਅਯਾਮੀ ਹੁੰਦਾ ਹੈ। ਦੂਜੇ ਪਾਸੇ ਧਰਮ ਦਾ ਇਕ ਪੱਖ ਹੋਰ ਵੀ ਹੈ ਜਿਸ ਵਿੱਚ ਸਾਧਨਾਂ ਕਰਨ ਵਾਲੇ ਦੇ ਸਮਾਜ ਅਤੇ ਉਸਦੇ ਨਾਲ ਜੁੜੇ ਸਮਾਜਕ ਸਰੋਕਾਰ ਆਉਂਦੇ ਹਨ ਪਰ ਧਰਮ ਦੇ ਇਨਾਂ ਦੋਵਾਂ ਪਾਸਾਰਾਂ ਵਿਚ ਫਰਜ਼, ਅਧਿਕਾਰ, ਧਾਰਮਿਕ ਕਾਰਮ-ਕਾਂਡ, ਇਖ਼ਲਾਕੀ ਜ਼ਿੰਮੇਵਾਰੀ ਤੇ ਕੁਦਰਤੀ ਨੇਮ ਵਿਦਮਾਨ ਰਹਿੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਧਰਮ ਦੇ ਇਨ੍ਹਾਂ ਦੋਨਾਂ ਅਰਥਾਂ ਨੂੰ ਪ੍ਰਯੋਗ ਵਿੱਚ ਲਿਆਂਦਾ ਹੈ। ਜਦ ਉਹ ਕਹਿੰਦੇ ਹਨ:

ਖੱਤਰੀਆਂ ਤਾਂ ਧਰਮ ਛੋਡਿਆ
ਮਲੇਛ ਭਾਖਿਆ ਗਹੀ॥

ਤਾਂ ਇਥੇ ਧਰਮ ਦਾ ਅਧਿਆਤਮਕ ਸਾਧਨਾ ਮੂਲਕ ਅਤੇ ਸਭਿਆਚਾਰਕ ਅਰਥ ਪ੍ਰਗਟ ਹੁੰਦਾ ਹੈ। ਪਰ ਅਸੀਂ ਆਪਣੀ ਚਰਚਾ ਵਿਚ ਧਰਮ ਦੇ ਦੂਜੇ ਪਹਿਲੂ ਜਿੱਥੇ ਇਹ ਨੈਤਿਕਤਾ ਦੇ ਅਰਥਾਂ ਵਿੱਚ ਆਚਾਰ ਵਜੋਂ ਪ੍ਰਸਤੁਤ ਹੁੰਦਾ ਹੈ ਉੱਪਰ ਹੀ ਆਪਣਾ ਧਿਆਨ ਕੇਂਦਰਿਤ ਕਰਾਂਗੇ। ਆਚਾਰ ਨੂੰ ਸਿੱਧਾਂਤਕ ਅਤੇ ਵਿਹਾਰਕ ਦੋਨਾਂ ਮੰਡਲਾਂ ਵਿਚ ਰੱਖਿਆ ਜਾ ਰਿਹਾ ਹੈ।

ਗੁਰੂ ਨਾਨਕ ਕਾਵਿ ਵਿਚ ਆਚਾਰ ਦਾ ਸੁਹਜਾਤਮਕ ਸ਼ੈਲੀ ਵਿਚ ਕਈ ਥਾਂਈ ਪ੍ਰਯੋਗ ਕੀਤਾ ਦ੍ਰਿਸ਼ਟੀਗੋਚਰ ਹੁੰਦਾ ਹੈ।

"ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ (3)
ਕਰਿ ਆਚਾਰੁ ਸਚ ਸੁਖੁ ਹੋਈ॥"(4)

ਆਦਰਸ਼ਕ ਮਨੁੱਖ ਦੀ ਪਹਿਚਾਣ ਲਈ ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿੱਚ ਨੈਤਿਕ ਪ੍ਰਤੀਮਾਨ ਮਾਨਵਵਾਦ ਨੂੰ ਰੱਖਿਆ ਹੈ। ਜੋ 'ਨਾਨਕ ਤੇ ਮੁੱਖ ਉਜਲੇ ਕੇਤੀ ਛੁਟੀ ਨਾਲ' ਵਿਚਲੀ ਪ੍ਰਤੀ ਧੁਨੀ ਦੇ ਰੂਪ ਵਿੱਚ ਗੂੰਜਦਾ ਹੈ। ਇਸ ਬਾਣੀ ਦਾ ਉਦੇਸ਼ ਮਨੁੱਖ ਦੀ ਪਰਿਪੂਰਨ ਬਹੁਪੱਖੀ ਅਤੇ ਸਸ਼ੱਕਤ ਸਮਾਜਕ ਸਖਸ਼ੀਅਤ ਦਾ ਨਿਰਮਾਣ ਕਰਨਾ ਹੈ ਜਿਸਨੂੰ ਅਸੀਂ ਆਦਰਸ਼ਕ ਵਿਅਕਤੀ ਦੀ ਸਿਰਜਨਾ ਕਹਿੰਦੇ ਹਾਂ ਤੇ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਸਚਿਆਰਾ ਆਖਦੇ ਹਨ। ਉਨ੍ਹਾਂ ਦੀ ਸਾਰੀ ਨੈਤਿਕ ਜਗਿਆਸਾ ਅਤੇ ਤਲਾਸ਼ ਦਾ ਉਦੇਸ਼ ਇਹੋ ਸਚਿਆਰਾ ਹੈ

ਜੋ ਉਨਾਂ ਦਾ ਆਦਰਸ਼ਕ ਵਿਅਕਤੀ ਹੈ ਅਤੇ ਆਪਣੇ ਇਸ ਉਦੇਸ਼ ਦਾ ਪ੍ਰਗਟਾਅ ਉਹ ਆਪਣੇ ਨੈਤਿਕ ਚਿੰਤਨ ਦੇ ਆਰੰਭ ਵਿਚ ਹੀ ਇਸ ਤਰ੍ਹਾਂ ਕਰਦੇ ਹਨ "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ"(5) ਇਸ ਸਚਿਆਰ ਦਾ ਮੂਲ ਸਚ ਹੈ ਜੋ ਗੁਰੂ ਨਾਨਕ ਚਿੰਤਨ ਵਿਚ ਸਦਾ ਸਲਾਮਤ ਰਹਿਣ ਵਾਲਾ ਸੰਕਲਪ ਹੈ: ਸਚ ਪੁਰਾਣਾ ਹੋਵੈ ਨਾਹੀ (6) ਗੁਰੂ ਨਾਨਕ ਬਾਣੀ ਦੀ ਨੈਤਿਕ ਪ੍ਰਣਾਲੀ ਅਧਿਆਤਮਕ ਬਾਣੀ ਵਿਚੋਂ ਹੀ ਉਗਮਦੀ ਹੈ ਅਤੇ ਅਧਿਆਤਮਕ ਚਿੰਤਨ ਅਤੇ ਰਹੱਸਵਾਦੀ ਅਨੁਭਵਾਂ ਦਾ ਹੀ ਪ੍ਰਤੀਫਲ ਹੈ। ਸ਼ਾਇਦ ਇਸੇ ਕਰਕੇ ਹੀ ਨਿਰਗੁਣ ਕਾਵਿ ਦੇ ਆਚਾਰ ਪ੍ਰਬੰਧਨ ਵਿਚ ਅਧਿਆਤਮਕ ਚਿੰਤਨ ਅਤੇ ਨੈਤਿਕ ਸਿੱਧਾਂਤ ਨੂੰ ਨਿਖੇੜਨਾ ਸੁਖਾਲਾ ਨਹੀਂ ਸੋ ਇਨ੍ਹਾਂ ਅਰਥਾਂ ਵਿੱਚ ਗੁਰੂ ਨਾਨਕ ਦੀ ਨੈਤਿਕਤਾ ਇਕ ਪਾਸੇ ਆਦਰਸ਼ਮੁਖੀ ਹੈ ਅਤੇ ਦੂਜੇ ਪਾਸੇ ਮਾਨਵਵਾਦੀ ਹੈ। ਇਹੋ ਜਿਹੀਆਂ ਪੇਚੀਦਗੀਆਂ ਨੂੰ ਹੀ ਸਮਝਣ ਲਈ ਏ.ਈ.ਟੇਲਰ ਦਾ ਇਹ ਮੱਤ ਸਹਾਈ ਹੁੰਦਾ ਹੈ ਕਿ ਕੋਈ ਧਰਮ ਸਾਸ਼ਤ੍ਰ ਕੇਵਲ ਬੋਧਿਕ ਕਲਪਨਾ ਨਾਲ ਵਿਕਸਿਤ ਨਹੀਂ ਹੋਇਆ ਸਾਰੇ ਪ੍ਰਸਿੱਧ ਧਰਮ ਸਾਸ਼ਤ੍ਰ ਜੀਵੰਤ ਤੇ ਅਸਲੀ ਧਰਮਾਂ ਬਾਰੇ ਪ੍ਰਾਪਤ ਕੀਤੇ ਡੂੰਘੇ ਚਿੰਤਨ ਦੇ ਹੀ ਸਿੱਟੇ ਹਨ। ਇਸੇ ਕਰਕੇ ਹੀ ਗੁਰੂ ਨਾਨਕ ਕਾਵਿ ਦਾ ਚਿੰਤਨ ਵਿਵਹਾਰਕ ਹੈ ਇਸਦੇ ਵਰਣਨ ਵਿਚ ਅਨੁਭਵ ਕੀਤੀ ਸੱਚਾਈ ਦ੍ਰਿਸ਼ਟੀਗੋਚਰ ਹੁੰਦੀ ਹੈ।

ਗੁਰੂ ਨਾਨਕ ਲਈ ਸਚਿਆਰਾ ਵਿਅਕਤੀ ਇਕ ਪਾਸੇ ਆਪਣੀਆਂ ਸਮਾਜਕ, ਘਰੇਲੂ ਤੇ ਦੁਨਿਆਵੀ ਜ਼ਿੰਮੇਵਾਰੀਆਂ ਨੂੰ ਸੁਚੱਜੇ ਢੰਗ ਨਾਲ ਨਿਭਾਉਣ ਦੇ ਸਮਰੱਥ ਹੋਣਾ ਚਾਹੀਦਾ ਹੈ ਅਤੇ ਦੂਜੇ ਪਾਸੇ ਅਧਿਆਤਮਕ ਮੰਡਲਾਂ ਨਾਲ ਜੁੜਿਆ ਹੋਇਆ ਵੀ। ਇਸੇ ਕਰਕੇ ਗੁਰੂ ਨਾਨਕ ਕਾਵਿ ਜਿਥੇ ਭਗਤੀ, ਪ੍ਰੇਮ, ਵਰਗੇ ਸਾਧਨਾਂ ਤੇ ਜ਼ੋਰ ਦਿੰਦਾ ਹੈ ਉਥੇ ਇਖਲਾਕੀ ਗੁਣਾਂ ਔਗੁਣਾਂ, ਪਾਪ-ਪੁੰਨਾਂ, ਸ਼ੁੱਭ-ਅਸ਼ੁੱਭ ਕਰਮਾਂ, ਸਦਾਚਾਰ, ਦੁਰਾਚਾਰ, ਨੇਕੀਆਂ, ਬਦੀਆਂ, ਆਦਿ ਨੂੰ ਖੁੱਲੇ ਤੌਰ ਤੇ ਵਿਚਾਰਦਾ ਹੈ ਅਤੇ ਦਲੀਲਯੁਕਤ ਤਰੀਕੇ ਨਾਲ ਆਪਣੇ ਖ਼ਿਆਲਾਂ ਨੂੰ ਸਾਫ਼ ਸਪੱਸ਼ਟ ਕਰਦਾ ਹੈ। ਗੁਰੂ ਨਾਨਕ ਦਾ ਸਚਿਆਰ ਪ੍ਰਾਣੀ ਉੱਚੇ ਆਚਾਰ, ਇਖ਼ਲਾਕ ਅਤੇ ਸ਼ਖ਼ਸੀ ਗੁਣਾ ਦਾ ਧਾਰਣੀ ਹੈ। ਉਹ ਹਰ ਲਿਹਾਜ਼ ਨਾਲ ਸਾਕਾਰਾਤਮਕ ਤੇ ਨੈਤਿਕ ਆਚਾਰ ਵਿਚ ਮਨੁੱਖੀ ਹਸਤੀ ਦੇ ਨੈਤਿਕ ਗੁਣ ਸੰਪੰਨ ਹੈ। ਉਹ ਸਾਰੇ ਮਨੋਵਿਕਾਰਾਂ ਤੇ ਵਿਜੈ ਪਾਉਂਦਾ ਹੈ ਜਿਨ੍ਹਾਂ ਵਿੱਚ ਪਰੰਪਰਾਗਤ ਤੌਰ ਤੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਰੱਖੇ ਜਾਂਦੇ ਹਨ ਜਿਨ੍ਹਾਂ ਦਾ ਕਾਵਿਆਤਮਕ ਵਰਣਨ ਪੰਚ ਚੋਰ, ਪੰਚ ਅਗਨ, ਪੰਚ ਦੂਤ, ਪੰਚ ਤਸਕਰ, ਪੰਚ ਦੋਖ ਆਦਿ ਵਿਭਿੰਨ ਉਪਮਾਨਾਂ ਤੇ ਕਾਵਿ ਪ੍ਰਤੀਕਾਂ ਦੇ ਮਾਧਿਅਮ ਦੁਆਰਾ ਆਯੋਜਿਤ ਹੈ।

"ਏਕ ਨਗਰੀ ਪੰਚ ਚੋਰ ਬਸੀਅਲੇ (7)
ਪੰਚ ਤਸਕਰ ਧਾਵਤ ਰਾਖੇ" (8)


ਇਨ੍ਹਾਂ ਪੰਜ ਮਨੋ-ਵਿਕਾਰਾਂ ਤੋਂ ਇਲਾਵਾ ਗੁਰੂ ਨਾਨਕ ਦੇਵ ਅਸਤਿ ਭਾਵ ਕੂੜ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ ਅਤੇ ਕੂੜ ਨੂੰ ਵਿਨਾਸ਼ਕ ਕਹਿੰਦਾ ਹੈ। ਗੁਰੂ ਨਾਨਕ ਆਪਣੇ ਆਦਰਸ਼ਕ ਮਾਨਵ ਨੂੰ ਕੂੜ ਤੋਂ ਵਰਜਦਿਆਂ ਇਸ ਨੂੰ "ਝੂਠ ਵਿਕਾਰ ਮਹਾ ਦੁਖ ਦੇਹਿ" ਜਾਂ "ਕੂੜ ਬੋਲ ਮੁਰਦਾਰ ਖਾਇ" ਦੀਆਂ ਟਿੱਪਣੀਆਂ ਨਾਲ ਸਮਝਾਉਂਦੇ ਹੋਏ ਲਿਖਦੇ ਹਨ ਕਿ ਝੂਠੇ ਆਦਮੀ ਨੂੰ ਕਿਤੇ ਕੋਈ ਟਿਕਾਣਾ ਜਾਂ ਆਸਰਾ ਨਹੀਂ ਮਿਲਦਾ:

ਕੂੜਿ ਨਿਖੁਟੇ ਨਾਨਕਾ ਓੜਕ ਸਚਿ ਰਹੀ ॥ (9)

ਆਪਣੇ ਆਦਰਸ਼ਕ ਮਨੁੱਖ ਦੀ ਸਿਰਜਨਾ ਲਈ ਗੁਰੂ ਨਾਨਕ ਦੇਵ ਭਾਰਤੀ ਆਸ਼ਰਮ ਅਵਸਥਾ ਨੂੰ ਰੱਦ ਕਰਦਿਆਂ ਗ੍ਰਿਹਸਥ ਆਸ਼ਰਮ 'ਤੇ ਬਲ ਦਿੰਦੇ ਹਨ ਮਰਦ ਇਸਤਰੀ ਦੇ ਪਿਆਰ ਨੂੰ ਆਤਮਾ ਪ੍ਰਮਾਤਮਾ ਦੇ ਅਧਿਆਤਮਕ ਅਨੁਭਵ ਦੀ ਪੇਸ਼ਕਾਰੀ ਲਈ ਪ੍ਰਤੀਕਾਂ ਵਜੋਂ ਵਰਤਦੇ ਹਨ। ਗ੍ਰਿਹ ਤਿਆਗ ਦੀ ਨਿੰਦਾ ਕਰਦੇ ਹਨ। ਗੁਰੂ ਨਾਨਕ ਦੇ ਆਦਰਸ਼ਕ ਮਨੁੱਖ ਲਈ ਉਨ੍ਹਾਂ ਦਾ ਸਮਾਜਕ ਆਚਾਰ ਪ੍ਰਬੰਧਨ ਵੀ ਲਾਜ਼ਮੀ ਹੈ। ਗੁਰੂ ਨਾਨਕ ਕਾਵਿ ਦੇ ਪ੍ਰਗਤੀਸ਼ੀਲ ਮੁਹਾਂਦਰੇ ਦਾ ਲਖਾਇਕ ਹੀ ਹੈ ਸਚਿਆਰ ਵਿਅਕਤੀ ਜਿਸ ਨੂੰ ਗੁਰੂ ਸਾਹਿਬ ਇਸ ਸੰਸਾਰ ਦੇ ਆਦਰਸ਼ਕ ਵਿਅਕਤੀ ਵਜੋਂ ਚਿਤਰਦੇ ਹਨ। ਉਹ ਗੁਰਮੁਖ, ਸੰਤ, ਸਿੱਖ ਜਾਂ ਸਚਿਆਰ, ਭਾਈਚਾਰਕ ਸਾਂਝ, ਜਾਤੀ-ਵਿਤਕਰੇ ਤੋਂ ਮੁਨਕਿਰ ਸੁਚ-ਭਿੱਟ ਤੋਂ ਮੁਨਕਿਰ ਅਤੇ ਇਸਤਰੀ ਦੇ ਸਨਮਾਨ ਦਾ ਸਮਰਥਕ, ਪਰਉਪਕਾਰੀ ਅਤੇ ਸੇਵਾ ਕਰਕੇ ਜੀਵਨ ਸਫਲ ਕਰਨ ਵਾਲਾ ਸੱਚਾ-ਸੁੱਚਾ ਮਿੱਠ ਬੋਲੜਾ, ਨਿਮਰ, ਗੁਨਾਹਗਾਰਾਂ ਨੂੰ ਖਿਮਾ ਕਰਨ ਵਾਲਾ, ਦਇਆਸ਼ੀਲ ਅਹਿੰਸਕ, ਨਿਰਵੈਰ ਅਤੇ ਨਿੰਦਿਆ, ਚੁਗਲੀ, ਚੋਰੀ ਲੁੱਟ, ਤੇ ਹਰ ਕਿਸਮ ਦੀ ਅਮਾਨਵੀ ਬਿਰਤੀ ਤੋਂ ਨਿਰਲੇਪ ਰਹਿਣ ਵਾਲੀ, ਸੱਚੀ-ਸੁੱਚੀ ਜੀਵਾਤਮਾ ਹੈ।

ਹਵਾਲੇ

1. 'ਸ੍ਰੀ ਭਗਵਦ ਗੀਤਾ' ਗੋਰਖਪੁਰ ਗੀਤਾ ਪ੍ਰੈਸ 2012 ਸਤਵਾਂ ਐਡੀਸ਼ਨ 4/16
2. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਬਾਣੀ, ਮਦਾਨ ਪਬਲਿਸ਼ਰਜ਼ ਪਟਿਆਲਾ 1968 ਪੰਨਾ-50
3. ਗੁਰੂ ਗ੍ਰੰਥ ਸਾਹਿਬ ਮਹਲਾ 1 ਪੰਨਾ - 62
4. ਉਹੀ, ਮਹਲਾ 1 ਪੰਨਾ - 931
5. ਗੁਰੂ ਗ੍ਰੰਥ ਸਾਹਿਬ, ਮਹਲਾ 1 ਪੰਨਾ - 1
6. ਉਹੀ, ਮਹਲਾ 1 ਪੰਨਾ - 955
7. ਗੁਰੂ ਗ੍ਰੰਥ ਸਾਹਿਬ, ਮਹਲਾ 1 ਪੰਨਾ - 503
8. ਉਹੀ, ਮਹਲਾ 1 ਪੰਨਾ - 1329
9. ਉਹੀ, ਮਹਲਾ 1 ਪੰਨਾ - 953



ਨਿਰਸਵਾਰਥ ਸੋਚ

–ਭੁਪਿੰਦਰ ਉਸਤਾਦ

ਜਦੋਂ ਮੈਂ ਆਪਣੇ ਘਰ ਦਾ ਮੋੜ ਮੁੜਨ ਲੱਗਾ ਤਾਂ ਸਾਮਣੀ ਗਲੀ ਵਿਚ ਲੋਕਾਂ ਦਾ ਇੱਕਠ ਦਿਸਿਆ। ਇਹ ਲੜਾਈ ਵਾਲਾ ਇਕੱਠ ਨਹੀਂ ਸੀ ਲੱਗਦਾ। ਕਿਉਂਕਿ ਆਵਾਜ਼ਾਂ ਉੱਚੀਆਂ ਨਹੀਂ ਸਨ ਆ ਰਹੀਆਂ। ਘੁਸਰਮੁਸਰ ਹੋ ਰਹੀ ਸੀ। ਕਿਸੇ ਆਉਂਦੇ ਰਾਹੀ ਨੂੰ ਪੁੱਛਣ ਤੇ ਪਤਾ ਲੱਗਾ ਕਿ ਕੋਈ ਆਦਮੀ ਤੁਰਿਆ ਜਾਂਦਾ ਡਿੱਗ ਪਿਆ ਹੈ। "ਗਰਮੀਂ ਬਹੁਤ ਹੈ ਜੀ, ਬੰਦੇ ਵੀ ਕੀ ਕਰਨ? ਮਜਬੂਰੀ 'ਚ ਬਾਹਰ ਨਿਕਲਣਾ ਹੀ ਪੈਂਦਾ।" ਉਹ ਸੱਜਣ ਬੁੜ ਬੜਾਇਆ। "ਹਾਂ ਜੀ, ਗੱਲ ਤੁਹਾਡੀ ਠੀਕ ਹੈ, ਜੂਨ ਦਾ ਮਹੀਨਾ ਸੂਰਜ ਪੂਰੀ ਜੁਆਨੀ ਤੇ ਹੈ, ਮੀਂਹ ਪਿਆ ਕੋਈ ਨਹੀਂ, ਏਹ ਲੂਹੀ ਜਾਂਦਾ ਲੋਕਾਂ ਨੂੰ।"

"ਹਾਂ ਜੀ, ਸਭ ਕੁਦਰਤ ਦੇ ਵੱਸ ਹੈ। ਬੰਦੇ ਨੂੰ ਤਾਂ ਸਹਿਣਾ ਹੀ ਪੈਣਾ।" ਉਹ ਸੱਜਣ ਗੱਲ ਕਰਦਾ ਕਰਦਾ ਅਗੇ ਨਿਕਲ ਗਿਆ ਤੇ ਮੈਂ ਆਪਣੇ ਘਰ ਦਾ ਰਾਹ ਫੜਿਆ। ਦੋ ਕੁ ਦਿਨ ਲੰਘੇ ਤਾਂ ਮੈਂ ਉਸੇ ਦੁਕਾਨ ਤੇ ਰਵੀ ਕੋਲ ਖੜਾ ਸਾਂ, ਰਵੀ ਨੇ ਇਕ ਤੁਰੇ ਜਾਂਦੇ ਬਿਮਾਰ ਆਦਮੀ ਵੱਲ ਇਸ਼ਾਰਾ ਕਰਕੇ ਦੱਸਿਆ। "ਏਹ ਬਾਊ ਜੀ ਪਰਸੋਂ ਗਰਮੀ ਨਾਲ ਚੱਕਰ ਖਾਕੇ ਡਿੱਗ ਪਏ ਸਨ, ਬਚ ਗਏ ਸੱਟ ਕੋਈ ਨਹੀਂ ਲੱਗੀ।"

"ਅਛਾ ਇਹ ਸਨ ਓਹ"। ਮੈਂ ਹੈਰਾਨੀ ਨਾਲ ਉਨ੍ਹਾਂ ਵੱਲ ਦੇਖਿਆ। "ਤੂੰ ਜਾਣਦਾਂ ਇਨ੍ਹਾਂ ਨੂੰ?" ਰਵੀ ਨੇ ਪੁੱਛਿਆ।

"ਹਾਂ, ਏਹ ਕਾਫੀ ਚਿਰ ਪਹਿਲਾਂ ਏਸੇ ਗਲੀ ਵਿਚ ਰਹਿੰਦੇ ਸਨ। ਸਾਡਾ ਇਕ ਦੂਜੇ ਦੇ ਘਰਾਂ ਵਿਚ ਕਾਫੀ ਔਣਜਾਣ ਸੀ। ਇਨ੍ਹਾਂ ਦਾ ਨਾਮ ਕ੍ਰਿਸ਼ਨਦੇਵ ਹੈ, ਇਹ ਸਰਕਾਰੀ ਅਫ਼ਸਰ ਸਨ, ਇਨ੍ਹਾਂ ਦੀ ਗਿਣਤੀ ਬਹੁਤ ਹੀ ਸ਼ਰੀਫ਼ ਤੇ ਇਮਾਨਦਾਰ ਬੰਦਿਆਂ 'ਚ ਹੁੰਦੀ ਸੀ।"

"ਅੱਛਾ ਅੱਛਾ! ਤਦੇ ਇਨ੍ਹਾਂ ਦੇ ਦਿਮਾਗ ਦੀ ਨਾਲੀ ਬੰਦ ਹੋ ਗਈ ਸੀ। ਵਿਚਾਰੇ ਸੋਚਦੇ ਰਹਿੰਦੇ ਹੋਣਗੇ, ਕਿਵੇ ਕੋਲਿਆਂ ਦੇ ਢੇਰ ਵਿਚੋਂ ਆਪਣਾ ਆਪ ਬਚਾਕੇ ਨਿਕਲ ਸਕਾਂ। ਬੱਸ ਏਸੇ ਸੋਚ ਨਾਲ ਹੀ ਦਿਮਾਗ ਦੀ ਨਾਲੀ ਨੇ ਜੁਆਬ ਦੇ ਦਿੱਤਾ ਹੋਏਗਾ। ਕੀ ਕਰਦੀ ਵਿਚਾਰੀ?"

ਸਰਕਾਰ ਨੇ ਪੰਜ ਛੇ ਸਾਲ ਪਹਿਲਾਂ ਹੀ ਇਨ੍ਹਾਂ ਨੂੰ ਰਿਟਾਇਰ ਕਰ ਦਿੱਤਾ ਸੀ। ਮੈਂ ਇੱਥੋ ਛੱਡਕੇ ਦਿੱਲੀ ਚਲੇ ਗਿਆ ਸੀ, ਅੱਜ ਸ਼ਾਇਦ ਵੀਹ ਸਾਲਾਂ ਬਾਅਦ ਦੇਖਿਆ ਏਨ੍ਹਾਂ ਨੂੰ। ਪਤਾ ਨਹੀਂ ਹੁਣ ਪਛਾਨਣਗੇ ਵੀ ਕਿ ਨਹੀਂ? ਕਿੱਥੇ ਰਹਿੰਦੇ ਨੇ, ਸ਼ਾਮ ਨੂੰ ਜਾਕੇ ਮਿਲ ਕੇ ਆਵਾਂਗਾ।" ਮੈਂ ਰਵੀ ਨੂੰ ਦੱਸਿਆ। "ਇਨ੍ਹਾਂ ਦੇ ਨਾਲ ਪਹਿਲਾਂ ਇਨ੍ਹਾਂ ਦੀ ਘਰਵਾਲੀ ਵੀ ਆਉਂਦੀ ਹੁੰਦੀ ਸੀ, ਪਤਾ ਲੱਗਾ ਉਹ ਵੀ ਬਿਮਾਰ ਹੈ, ਕਾਫੀ ਚਿਰ ਹੋ ਗਿਆ ਦੇਖੀ ਨਹੀਂ। ਹੁਣ ਤਾਂ ਇਕੱਲੇ ਹੀ ਆਉਂਦੇ ਨੇ ਦੁਕਾਨ ਤੋਂ ਕੁਝ ਲੈਣ।" ਰਵੀ ਨੇ ਦੱਸਿਆ।

"ਬੱਚੇ ਤਾਂ ਇਨ੍ਹਾਂ ਦੇ ਪੰਜ ਛੇ ਸਨ, ਵਿਆਹੇ ਗਏ ਹੋਣਗੇ।" ਮੈਂ ਰਵੀ ਤੋਂ ਜਾਨਣਾ ਚਾਹਿਆ।

"ਪਤਾ ਨਹੀਂ, ਮੈਂ ਕਦੇ ਇਨ੍ਹਾਂ ਨਾਲ ਕੋਈ ਬੱਚਾ ਨਹੀਂ ਦੇਖਿਆ" ਰਵੀ ਨੇ ਆਗਿਆਨਤਾ ਜਾਹਰ ਕੀਤੀ।

ਉਸੇ ਸ਼ਾਮ ਜਦੋਂ ਮੈ ਕ੍ਰਿਸ਼ਨਦੇਵ ਹੁਰਾਂ ਦੇ ਘਰ ਗਿਆ ਤਾਂ ਘਰ ਵਿਚ ਤਿੰਨ ਜਣੇ ਸਨ। ਇਕ ਕ੍ਰਿਸ਼ਨਦੇਵ, ਦੂਜੀ ਉਨ੍ਹਾਂ ਦੀ ਪਤਨੀ ਭੈਣ ਸ਼ੀਲਾ ਤੇ ਇਕ ਹੋਰ ਔਰਤ ਜਿਸ ਨੂੰ ਮੈਂ ਨਹੀਂ ਜਾਣਦਾ ਸੀ। ਉਹ ਰਸੋਈ ਵਿਚ ਕੰਮ ਕਰ ਰਹੀ। ਸ਼ੀਲਾ ਭੈਣ ਤੇ ਕ੍ਰਿਸ਼ਨਦੇਵ ਵੱਖ ਵੱਖ ਮੰਜਿਆਂ ਤੇ ਲੰਮੇਂ ਪਏ ਸਨ। ਦੋਹਾਂ ਨੇ ਮੱਧਮ ਆਵਾਜ਼ ਵਿਚ ਮੇਰੀ ਨਮਸਤੇ ਦਾ ਜੁਆਬ ਹੱਥ ਜੋੜਕੇ ਦਿੱਤਾ।

"ਭੈਣ ਜੀ, ਕੀ ਗੱਲ ਹੋਈ, ਤੁਸੀਂ ਵੀ ਇਸ ਤਰ੍ਹਾਂ ਪਏ ਹੋ?" ਮੈਂ ਸ਼ੀਲਾ ਭੈਣ ਦੇ ਮੰਜੇ ਕੋਲ ਪਈ ਕੁਰਸੀ 'ਤੇ ਬੈਠਦਿਆਂ ਆਪਣਾ ਨਾਮ ਦੱਸਿਆ ਤੇ ਹਾਲ ਚਾਲ ਪੁੱਛਿਆ। ਮੈਨੂੰ ਪਛਾਣਦਿਆਂ ਭੈਣ ਦੇ ਚੇਹਰੇ 'ਤੇ ਥੋੜੀ ਜਿਹੀ ਮੁਸਕੁਰਾਹਟ ਆਈ। ਭੈਣ ਨੇ ਢਿੱਡ ਵੱਲ ਇਸ਼ਾਰਾ ਕਰਕੇ ਕੁਝ ਕਿਹਾ ਪਰ ਮੇਰੀ ਸਮਝ ਨਾ ਪਿਆ। ਸ਼ਾਇਦ ਇਹ ਗੱਲ ਦੂਸਰੀ ਔਰਤ ਨੇ ਭਾਂਪ ਲਈ ਜੋ ਮੇਰੇ ਪਿੱਛੇ ਆ ਖੜੀ ਹੋਈ ਸੀ। "ਇਨ੍ਹਾਂ ਦੇ ਪੇਟ ਅਤੇ ਗਲੇ ਵਿਚ ਕੈਂਸਰ ਹੋ ਗਿਆ ਹੈ। ਇਸ ਕਰਕੇ ਉੱਚਾ ਬੋਲ ਨਹੀਂ ਸਕਦੇ।" "ਉਹ ਕਿਵੇਂ?" ਹੈਰਾਨੀ ਨਾਲ ਮੇਰੇ ਮੂੰਹੋਂ ਨਿਕਲਿਆ। "ਇਹ ਤਾਂ ਰੱਬ ਹੀ ਜਾਣਦਾ।" ਉਹ ਔਰਤ ਮਾਯੂਸੀ 'ਚ ਬੋਲੀ।

"ਤੁਸੀਂ?" ਮੈਂ ਉਸ ਔਰਤ ਵੱਲ ਦੇਖਦਿਆਂ ਪੁੱਛਿਆ। "ਮੈਂ? ਮੈਂ ਇਨ੍ਹਾਂ ਦੀ ਸੇਵਾ ਲਈ ਆਈ ਹਾਂ, ਮੇਰਾ ਨਾਮ ਵੀ ਸ਼ੀਲਾ ਹੈ।"

"ਤੁਸੀਂ ਇਨ੍ਹਾਂ ਦੇ ਰਿਸ਼ਤੇਦਾਰ ਹੋ?" "ਨਹੀਂ ਮੈਂ ਤਾਂ ਇਨ੍ਹਾਂ ਦੀ ਕੁਝ ਵੀ ਨਹੀਂ ਹਾਂ, ਸਿਰਫ਼ ਸੇਵਾਦਾਰ ਹਾਂ, ਸੇਵਾ ਕਰਨ ਆਈ ਹਾਂ।" ਮੈਂ ਕੁਝ ਨਾ ਸਮਝ ਸਕਿਆ ਤੇ ਚੁੱਪ ਰਹਿਣਾ ਹੀ ਚੰਗਾ ਸਮਝਿਆ।

ਸ਼ਾਇਦ ਮੇਰਾ ਚੁੱਪ ਕਰਜਾਣਾ ਉਸਨੂੰ ਕਿਸੇ ਦੁਵਿਧਾ ਵਿਚ ਪਾ ਗਿਆ। ਉਹ ਫਿਰ ਕਹਿਣ ਲੱਗੀ "ਬਾਊ ਜੀ ਨੂੰ ਦਸ ਸਾਲ ਤੋਂ ਉੱਪਰ ਹੋ ਗਏ ਹਨ ਇਸ ਹਾਲਤ ਵਿਚ। ਹੁਣ ਤਾਂ ਇਨ੍ਹਾਂ ਨੂੰ ਆਪਣੇ ਨਿੱਤ ਕਰਮ ਕਰਨ 'ਚ ਵੀ ਕਈ ਵਾਰ ਬਹੁਤ ਮੁਸ਼ਕਲ ਆ ਜਾਂਦੀ ਹੈ। ਭੈਣ ਜੀ ਵੀ ਰੋਟੀ ਪਾਣੀ ਦਾ ਕੰਮ ਨਹੀਂ ਕਰ ਸਕਦੇ। ਪਹਿਲਾਂ ਤਾਂ ਦੋਵੇਂ ਇਕ ਦੂਜੇ ਨੂੰ ਸੰਭਾਲ ਲੈਂਦੇ ਸਨ। ਹੁਣ ਦੋ ਸਾਲ ਤੋਂ ਭੈਣ ਜੀ ਤਾਂ ਮੰਜੇ ਜੋਗੇ ਹੀ ਹਨ। ਜਰਾ ਕੁ ਕੰਮ ਕਰ ਲੈਂਦੀ ਹੈ ਤਾਂ ਤਕਲੀਫ਼ ਨਾਲ ਬੁਰਾ ਹਾਲ ਹੋ ਜਾਂਦਾ ਹੈ। ਬਾਊ ਜੀ ਥੋੜਾ ਬਹੁਤ ਫਿਰ ਤੁਰ ਲੈਂਦੇ ਹਨ। ਮੇਰਾ ਤਾਂ ਅੱਗੇ ਪਿੱਛੇ ਕੋਈ ਨਹੀਂ, ਜੇ ਕੋਈ ਹੈ ਤਾਂ ਮੈਂ ਇਨ੍ਹਾਂ ਨੂੰ ਹੀ ਸਮਝਿਆ ਹੈ। ਏਸੇ ਕਰਕੇ ਇਨ੍ਹਾਂ ਦੀ ਸੇਵਾ ਵਿਚ ਲੱਗੀ ਹੋਈ ਹਾਂ।" ਉਸ ਦੀਆਂ ਗੱਲਾਂ ਸੁਣਕੇ ਮੈਂ ਸੋਚੀਂ ਪੈ ਗਿਆ।

"ਤੁਸੀਂ ਦਿਮਾਗ਼ ਤੇ ਬਹੁਤਾ ਜੋਰ ਨਾ ਦਿਓ, ਮੈਂ ਹੀ ਤੁਹਾਨੂੰ ਸਾਰੀ ਗੱਲ ਦੱਸ ਦਿੰਦੀ ਹਾਂ।" ਸ਼ੀਲਾ ਨੇ ਮੇਰੇ ਵੱਲ ਦੇਖਦਿਆਂ ਕਿਹਾ। ਏਨੇ ਨੂੰ ਕ੍ਰਿਸ਼ਨ ਦੇਵ ਹੁਰਾਂ ਨੇ ਉੱਠਣ ਲਈ ਹੱਥ ਮੇਰੇ ਵੱਲ ਨੂੰ ਕੀਤਾ। ਮੈਂ ਉਨ੍ਹਾਂ ਦਾ ਹੱਥ ਫੜਕੇ ਉਠਾਇਆ ਤਾਂ ਸ਼ੀਲਾ ਨੇ ਦੱਸਿਆ ਇਨ੍ਹਾਂ ਬਾਥਰੂਮ ਜਾਣਾ ਹੈ। ਮੈਂ ਉਨ੍ਹਾਂ ਨੂੰ ਫੜਨਾ ਚਾਹਿਆ ਤਾਂ ਉਨ੍ਹਾਂ ਇਸ਼ਾਰੇ ਨਾਲ ਸਮਝਾ ਦਿੱਤਾ ਕਿ ਉਹ ਆਪੇ ਚਲੇ ਜਾਣਗੇ। ਉਹ ਬਾਥਰੂਮ ਚਲੇ ਗਏ। ਸ਼ੀਲਾ ਆਪਣੀ ਛੱਡੀ ਗੱਲ ਵੱਲ ਮੁੜ ਆਈ। "ਬਾਊ ਜੀ ਜਦੋਂ ਜਲੰਧਰ ਆਏ ਤਾਂ ਮੈਂ ਇਨ੍ਹਾਂ ਦੀ ਸੈਕਟਰੀ ਨਿਯੁਕਤ ਹੋਈ। ਬਾਊ ਜੀ ਦਾ ਸੁਭਾਓ ਹਰੇਕ ਨਾਲ ਬਹੁਤ ਹੀ ਹਮਦਰਦੀ ਭਰਿਆ ਸੀ। ਕੋਈ ਵੀ ਗੱਲ ਬੜੇ ਪਿਆਰ ਨਾਲ ਸਮਝਾਉਂਦੇ। ਆਪਣੇ ਨੇੜੇ ਦੇ ਸਾਥੀਆਂ ਦੀ ਹੀ ਨਹੀਂ ਬਲਕਿ ਹਰ ਕਿਸੇ ਦੀ ਬਹੁਤ ਮੱਦਦ ਕਰਦੇ। ਕਿਸੇ ਕੋਲੋਂ ਕੋਈ ਗਲਤੀ ਹੋ ਵੀ ਜਾਂਦੀ ਤਾਂ ਉਸਦਾ ਨੁਕਸਾਨ ਨਾ ਹੋਣ ਦਿੰਦੇ। ਆਪਣਾ ਅਹਿਸਾਨ ਵੀ ਨਾ ਜਤਾਉਂਦੇ।"

ਬਾਊ ਜੀ ਨੇ ਦਰਵਾਜ਼ਾ ਖੋਲ੍ਹਿਆ, ਮੈਂ ਉੱਠਕੇ ਉਨ੍ਹਾਂ ਨੂੰ ਫੜ ਕੇ ਮੰਜੇ ਤੱਕ ਲੈ ਆਇਆ। ਉਨ੍ਹਾਂ ਧੰਨਵਾਦ ਵਜੋਂ ਦੋਵੇਂ ਹੱਥ ਜੋੜੇ। "ਬਾਊ ਜੀ ਇਸ ਤਰ੍ਹਾਂ ਨਾ ਕਰੋ, ਮੈਂ ਉਨ੍ਹਾਂ ਦੇ ਦੋਵੇਂ ਹੱਥ ਫੜ ਲਏ। ਉਨ੍ਹਾਂ ਨੂੰ ਪੁੱਛਿਆ," ਤੁਸੀ ਬੈਠਣਾ ਜਾਂ ਲੰਮੇ ਪੈਣਾ?" ਉਨ੍ਹਾਂ ਹੋਲੀ ਦੇਣੀ "ਬੈਠਣਾ" ਕਿਹਾ। ਸ਼ੀਲਾ ਦੇਵੀ ਨੇ ਗੱਲ ਅੱਗੇ ਤੋਰ ਲਈ।

"ਮੇਰੀ ਸ਼ਾਦੀ ਹੋਈ ਨੂੰ ਤੇਰਾਂ ਚੌਦਾਂ ਸਾਲ ਹੋ ਗਏ ਸਨ। ਮੇਰੇ ਬੱਚਾ ਨਾ ਹੋ ਸਕਿਆ। ਸਹੁਰੇ ਸਾਰਾ ਦੋਸ਼ ਮੈਨੂੰ ਦੇਣ ਲੱਗੇ। ਪਤੀ ਕੁੱਟਮਾਰ ਵੀ ਕਰਨ ਲੱਗਾ। ਉਨ੍ਹਾਂ ਨੂੰ ਪਤਾ ਸੀ ਪਈ ਮੈਂ ਜਾ ਤਾਂ ਕਿਤੇ ਨਹੀਂ ਸਕੀ। ਭਰਾ ਮੇਰਾ ਬਾਹਰ ਸੀ ਤੇ ਮਾਂ-ਬਾਪ ਹੈ ਨਹੀਂ ਸਨ। ਮੇਰੀ ਸਾਰੀ ਤਨਖਾਹ ਤੇ ਸਹੁਰੇ ਕਬਜਾ ਕਰ ਲੈਂਦੇ। ਇਕ ਦਿਨ ਮੈਂ ਸਾਰੀ ਗੱਲ ਬਾਊ ਜੀ ਨੂੰ ਆ ਕੇ ਦੱਸੀ। ਇਹ ਬਹੁਤ ਫ਼ਿਕਰਮੰਦ ਹੋ ਗਏ। ਘਰ ਆ ਕੇ ਸ਼ੀਲਾ ਭੈਣ ਜੀ ਨੂੰ ਮੇਰੇ ਨਾਲ ਘੱਲਿਆ ਕਿ ਉਹ ਜਾ ਕੇ ਮੇਰੇ ਸਹੁਰਾ ਪਰਿਵਾਰ ਨੂੰ ਸਮਝਾਉਣ, ਕਿ ਇਹ ਸਿੱਟੀ ਹੋਈ ਨਹੀਂ ਹੈ। ਅਸੀਂ ਇਸਦੇ ਮਾਂ-ਬਾਪ, ਭੈਣ ਭਰਾ ਸਭ ਕੁਝ ਹਾਂ। ਤੁਸੀਂ ਇਸ ਨੂੰ ਬੇਸਹਾਰਾ ਨਾ ਸਮਝੋ।"

"ਲੈਜਾਓ ਫਿਰ ਇਸਨੂੰ ਆਪਣੇ ਨਾਲ ਹੀ, ਜੇ ਬਹੁਤਾ ਹੇਜ ਹੈ। ਇਸ ਬੰਜਰ ਨੂੰ ਰੱਖਕੇ ਅਸੀਂ ਕੀ ਕਰਨਾ।" ਮੈਂ ਤੇ ਸ਼ੀਲਾ ਭੈਣ ਇਹ ਗੱਲ ਸੁਣਕੇ ਹੈਰਾਨ ਹੀ ਰਹਿ ਗਈਆਂ। ਮੈਂ ਫੈਂਸਲਾ ਕਰ ਲਿਆ ਕਿ ਹੁਣ ਏਥੇ ਨਹੀਂ ਰਹਿਣਾ, ਕਿਤੇ ਕਿਰਾਏ ਦਾ ਮਕਾਨ ਲੈ ਕੇ ਰਹਿ ਲਵਾਂਗੀ। ਮੈਂ ਭੈਣ ਸ਼ੀਲਾ ਨੂੰ ਭੇਜ ਦਿੱਤਾ। ਪਰ ਇਹ ਅੱਧੇ ਕੁ ਘੰਟੇ 'ਚ ਹੀ ਵਾਪਸ ਚਲੇ ਗਏ। "ਬਾਊ ਜੀ ਨੇ ਕਿਹਾ ਹੈ, ਮੈਂ ਤੁਹਾਨੂੰ ਆਪਣੇ ਨਾਲ ਹੀ ਲੈ ਕੇ ਆਵਾਂ" ਤੇ ਇਹ ਮੈਨੂੰ ਆਪਣੇ ਨਾਲ ਹੀ ਲੈਕੇ ਮੁੜੇ। ਇਸ ਤਰ੍ਹਾਂ ਮੈਂ ਇਸ ਘਰਾ ਦਾ ਹਿੱਸਾ ਬਣ ਗਈ।" ਆਪਣੀ ਗੱਲ ਮੁਕਾ ਕੇ ਸ਼ੀਲਾ ਰਸੋਈ ਵਿਚ ਚਲੇ ਗਈ। ਸ਼ਾਇਦ ਸਟੋਪ ਉੱਤੇ ਕੁਝ ਰੱਖਿਆ ਹੋਇਆ ਸੜਨ ਲੱਗਾ ਸੀ। ਮੈਂ ਘੜੀ ਵੱਲ ਦੇਖਿਆ, ਸਮਾਂ ਕਾਫੀ ਹੋ ਗਿਆ ਸੀ, "ਅੱਛਾ ਮੈਂ ਚਲਦਾ, ਮੈਂ ਫਿਰ ਆਵਾਂਗਾ ਮੇਰੇ ਲਈ ਕੋਈ ਸੇਵਾ ਹੋਵੇ ਤਾਂ ਦੱਸਣਾ।" ਕਹਿੰਦਿਆਂ ਮੈਂ ਉਨ੍ਹਾਂ ਤੋਂ ਇਜਾਜ਼ਤ ਲਈ। " ਹਾਂ ਜਰੂਰ, ਤੁਸੀਂ ਔਂਦੇ ਜਾਂਦੇ ਰਹਿਣਾ।" ਕ੍ਰਿਸ਼ਨਦੇਵ ਜੀ ਨੇ ਹੱਥ ਉੱਪਰ ਕਰਦਿਆਂ ਕਿਹਾ।

ਦੋ ਤਿੰਨ ਦਿਨ ਬਾਅਦ ਮੈਂ ਫਿਰ ਉਨ੍ਹਾਂ ਦਾ ਪਤਾ ਲੈਣ ਗਿਆ। ਕ੍ਰਿਸ਼ਨਦੇਵ ਜੀ ਘਰ ਨਹੀਂ ਸਨ। ਉਹ ਦੁਕਾਨ ਤੋਂ ਕੁਝ ਲੈਣ ਗਏ ਹੋਏ ਸਨ। ਮੈਂ ਭੈਣ ਨਾਲ ਗੱਲਾਂ ਕਰਨ ਲੱਗ ਪਿਆ। ਜਦ ਨੂੰ ਕ੍ਰਿਸ਼ਨਦੇਵ ਵੀ ਦੁਕਾਨ ਤੋਂ ਸਾਮਾਨ ਲੈਕੇ ਆ ਗਏ। ਉਹ ਬਹੁਤਾ ਬੋਲ ਨਹੀਂ ਸਨ ਸਕਦੇ। ਜੋ ਸਾਮਾਨ ਚਾਹੀਦਾ ਹੁੰਦਾ ਇਕ ਕਾਗਜ ਉੱਤੇ ਲਿਖ ਲੈਂਦੇ, ਪਰਚੀ ਦੁਕਾਨ ਵਾਲੇ ਨੂੰ ਦੇ ਦਿੰਦੇ, ਉਹ ਲਿਖਿਆ ਸਾਮਾਨ ਇਕ ਪਲਾਸਟਿਕ ਬੈਗ ਵਿਚ ਪਾਕੇ ਉਨ੍ਹਾਂ ਨੂੰ ਦੇ ਦਿੰਦਾ।

"ਤੁਸੀਂ ਮੈਨੂੰ ਦੱਸ ਦਿਆ ਕਰੋ, ਮੈਂ ਲਿਆ ਦਿਆ ਕਰਾਂਗਾ ਸਾਮਾਨ।" ਮੈਂ ਉਨ੍ਹਾਂ ਨੂੰ ਕਿਹਾ। "ਸਾਰੀ ਦਿਹਾੜੀ ਮੰਜੇ ਤੇ ਪਏ ਪਏ ਉਕਤਾ ਜਾਂਦਾ ਹਾਂ, ਇਸ ਤਰ੍ਹਾਂ ਜਾਣ ਨਾਲ ਚੰਗਾ ਮਹਿਸੂਸ ਹੁੰਦਾ ਹੈ, ਹੌਲੀ ਹੌਲੀ ਚਲੇ ਜਾਂਦਾ ਹਾਂ, ਟਾਈਮ ਪਾਸ ਹੋ ਜਾਂਦਾ।" ਉਨ੍ਹਾਂ ਅਟਕ ਅਟਕ ਕੇ ਗੱਲ ਕਰਦਿਆਂ ਮਨ ਦੀ ਗੱਲ ਦੱਸੀ ਤੇ ਕੁਰਸੀ ਉੱਤੇ ਬਹਿ ਗਏ, ਤੇ ਹੌਲੀ ਹੌਲੀ ਗੱਲਾਂ ਕਰਨ ਲੱਗੇ।

ਜਦੋਂ ਦੀ ਸ਼ੀਲਾ ਦੇਵੀ ਰਿਟਾਇਰ ਹੋਈ ਸੀ ਉਹ ਸਾਰਾ ਦਿਨ ਘਰ ਰਹਿਕੇ ਦੋਹਾਂ ਦੀ ਦੇਖਭਾਲ ਕਰਦੀ, ਘਰ ਵੀ ਸਾਫ਼ ਸੁਥਰਾ ਰਹਿੰਦਾ। ਇਕ ਦਿਨ ਜਦੋਂ ਮੈਂ ਉਨ੍ਹਾਂ ਦਾ ਪਤਾ ਲੈਣ ਗਿਆ ਤਾਂ ਭੈਣ ਦੀ ਤਬੀਅਤ ਢਿੱਲੀ ਲੱਗ ਰਹੀ ਸੀ। ਉਸਦੇ ਪੇਟ ਵਿਚ ਦਰਦ ਹੋ ਰਿਹਾ ਸੀ। ਸ਼ੀਲਾ ਦੇਵੀ ਨੇ ਮੈਨੂੰ ਦੱਸਿਆ ਕਿ "ਸਵੇਰੇ ਉਨ੍ਹਾਂ ਦਾ ਫੈਮਿਲੀ ਡਾਕਟਰ ਚੈੱਕ ਕਰਕੇ ਤੇ ਦਵਾਈ ਦੇਕੇ ਗਿਆ ਹੈ। ਉਸਨੇ ਕਿਹਾ ਸੀ ਕਿ ਜੇ ਫ਼ਰਕ ਨਾ ਪਿਆ ਤਾਂ ਭੈਣ ਜੀ ਨੂੰ ਹਸਪਤਾਲ ਲੈਕੇ ਜਾਣਾ ਪਏਗਾ।" ਭੈਣ ਦੀ ਤਕਲੀਫ਼ ਦਾ ਪਤਾ ਦੇਣ ਮੈਂ ਡਾਕਟਰ ਕੋਲ ਗਿਆ, ਤਾਂ ਉਸ ਨੇ ਉਹੀ ਗੱਲ ਦੁਹਰਾਈ। ਮੈਂ ਆਕੇ ਸਾਰੀ ਗੱਲ ਭੈਣ ਤੇ ਕ੍ਰਿਸ਼ਨਦੇਵ ਨੂੰ ਦੱਸੀ। ਉਨ੍ਹਾਂ ਨੇ ਕੁਝ ਇਸ਼ਾਰੇ ਨਾਲ ਤੇ ਕੁਝ ਗੱਲ ਕਰਕੇ ਭੈਣ ਨੂੰ ਹਸਪਤਾਲ ਲੈ ਜਾਣ ਲਈ ਕਿਹਾ। ਮੈਂ ਫਿਰ ਡਾਕਟਰ ਨੂੰ ਐਂਬੂਲੈਂਸ ਸੱਦਣ ਲਈ ਕਹਿਕੇ ਆਇਆ।

"ਇਨ੍ਹਾਂ ਦੇ ਬੱਚੇ ਕਿੱਥੇ ਰਹਿੰਦੇ ਹਨ?" ਮੈਂ ਸ਼ੀਲਾ ਦੇਵੀ ਨੂੰ ਪੁੱਛਿਆ। ਦੋ ਮੁੰਡੇ ਤੇ ਦੋ ਕੁੜੀਆਂ ਤਾਂ ਵਿਦੇਸ਼ ਵਿਚ ਹਨ। ਤੇ ਇਕ ਮੁੰਡਾ ਬੰਬਈ ਹੈ ਤੇ ਦੂਜਾ ਬੰਗਲੌਰ। ਸਾਰੇ ਮਹੀਨੇ ਪੰਦਰੀਂ ਦਿਨੀ ਫੋਨ ਉੱਤੇ ਹੀ ਇਨ੍ਹਾਂ ਦੀ ਰਾਜੀ ਖੁਸ਼ੀ ਪੁੱਛ ਲੈਂਦੇ ਹਨ। ਸਾਰਿਆਂ ਨੂੰ ਇਨ੍ਹਾਂ ਦੀ ਹਾਲਤ ਦਾ ਪਤਾ ਹੈ। ਫਿਰ ਵੀ ਪਿਛਲੇ ਚਾਰ ਕੁ ਸਾਲਾਂ ਤੋਂ ਤਾਂ ਕੋਈ ਵੀ ਇਨ੍ਹਾਂ ਦਾ ਪਤਾ ਲੈਣ ਨਹੀਂ ਆਇਆ। ਬੱਸ ਮੈਨੂੰ ਕਹਿ ਛੱਡਦੇ ਹਨ, "ਆਂਟੀ ਜੀ ਤੁਸੀਂ ਮੰਮੀ ਪਾਪਾ ਦਾ ਖਿਆਲ ਰੱਖਣਾ, ਪਰਦੇਸਾਂ ਵਿਚ ਲਾਈਫ਼ ਬਹੁਤ ਬਿਜ਼ੀ ਹੈ, ਸਾਡਾ ਆਉਣਾ ਬਹੁਤ ਮੁਸ਼ਕਲ ਹੈ।" ਸਾਡੇ ਗੱਲਾਂ ਕਰਦਿਆਂ ਐਂਬੂਲੈਂਸ ਆ ਗਈ। ਸ਼ੀਲਾ ਦੇਵੀ ਦੋ ਗਵਾਂਢਣਾ ਨੂੰ ਸੱਦ ਲਿਆਈ, ਉਨ੍ਹਾਂ ਦੀ ਮੱਦਦ ਨਾਲ ਭੈਣ ਨੂੰ ਗੱਡੀ ਵਿਚ ਲਿਟਾਇਆ ਗਿਆ।

ਹਸਪਤਾਲ ਪਹੁੰਚਦਿਆਂ ਹੀ ਡਾਕਟਰ ਨੇ ਚੈੱਕ ਕਰਕੇ ਦੋ ਟੀਕੇ ਲਾ ਦਿੱਤੇ। ਇਕ ਉਦਾਸੀ ਜਿਹੀ ਡਾਕਟਰ ਦੇ ਚਿਹਰੇ ਉੱਤੇ ਤੈਰ ਗਈ। ਪੰਦਰਾਂ ਵੀਹ ਮਿੰਟ ਬਾਅਦ ਫਿਰ ਨਰਸ ਨੇ ਇਕ ਟੀਕਾ ਲਾਇਆ ਜੋ ਉਸਨੇ ਹੁਣੇ ਮੇਰੇ ਕੋਲੋਂ ਮੰਗਵਾਇਆ ਸੀ। ਦਸ ਕੁ ਮਿੰਟਾਂ ਬਾਅਦ ਇਸ ਤਰ੍ਹਾਂ ਲੱਗਾ ਜਿਵੇਂ ਭੈਣ ਨੂੰ ਦਰਦ ਤੋਂ ਕੁਝ ਸਕੂਨ ਮਿਲਿਆ ਹੋਵੇ। ਮੇਰੇ ਪੁੱਛਣ ਤੇ ਨਰਸ ਨੇ ਦੱਸਿਆ, "ਅੰਕਲ, ਇਹ ਟੀਕੇ ਮਰੀਜ਼ ਨੂੰ ਥੋੜੀ ਦੇਰ ਲਈ ਰਾਹਤ ਦਿੰਦੇ ਹਨ ਬੱਸ। ਵੈਸੇ ਮਰੀਜ਼ ਦੀ ਹਾਲਤ ਠੀਕ ਨਹੀਂ ਹੈ।" ਨਰਸ ਦੀ ਗੱਲ ਸੁਣਕੇ ਮੇਰਾ ਦਿਲ ਵੀ ਡੁੱਬ ਗਿਆ। ਹੁਣ ਤੱਕ ਗਵਾਂਢੀ ਵਾਪਸ ਚਲੇ ਗਏ ਸਨ। ਮੈਂ ਤੇ ਸ਼ੀਲਾ ਦੇਵੀ ਹੀ ਰਹਿ ਗਏ ਸਾਂ। ਮੈਂ ਸ਼ੀਲਾ ਦੇਵੀ ਨੂੰ ਵੀ ਘਰ ਭੇਜ ਦਿੱਤਾ, ਕਿਉਂਕਿ ਦੋ ਜਾਣਿਆਂ ਦੀ ਜ਼ਰੂਰਤ ਨਹੀਂ ਸੀ। ਘਰ ਕ੍ਰਿਸ਼ਨਦੇਵ ਵੀ ਕੱਲੇ ਸਨ। "ਤੁਹਾਡੇ ਕੋਲ ਪੈਸੇ ਹਨ?" ਸ਼ੀਲਾ ਨੇ ਜਾਣ ਲੱਗੀ ਨੇ ਪੁੱਛਿਆ। "ਹਾਂ, ਥੋੜ੍ਹੇ ਹਨ, ਜੇ ਜ਼ਰੂਰਤ ਪਈ ਤਾਂ ਘਰੋਂ ਲੈ ਲਵਾਂਗਾ। ਉਹ ਚਲੇ ਗਈ ਤੇ ਮੈਂ ਬੈਂਚ ਉੱਤੇ ਬੈਠ ਗਿਆ।

ਬੈਠੇ ਬੈਠੇ ਪਤਾ ਨਹੀਂ ਕਦੋਂ ਮੇਰੀ ਅੱਖ ਲੱਗ ਗਈ। ਨਰਸ ਨੇ ਆਵਾਜ਼ ਮਾਰ ਮੈਨੂੰ ਜਗਾ ਕੇ ਇਕ ਪਰਚੀ ਦਿੱਤੀ। "ਜਲਦੀ ਇਹ ਟੀਕੇ ਲਿਆ ਦੇਵੋ।" ਮੈਂ ਉੱਠਕੇ ਟੀਕੇ ਲਿਆ ਦਿੱਤੇ। ਸ਼ੀਲਾ ਭੈਣ ਦੇ ਨੇੜੇ ਹੋ ਕੇ ਦੇਖਿਆ ਤਾਂ ਉਹ ਅੱਖਾਂ ਮੀਟਕੇ ਅਹਿੱਲ ਪਈ ਸੀ। ਇਕ ਡੂੰਘੀ ਪੀੜ ਉਸਦੇ ਚਿਹਰੇ ਉੱਤੇ ਪਸਰੀ ਹੋਈ ਸੀ। ਨਰਸ ਨੇ ਮੈਨੂੰ ਬਾਹਰ ਜਾਣ ਲਈ ਕਿਹਾ, ਤੇ ਆਪ ਉਹ ਸਰਿੰਜ ਵਿਚ ਟੀਕੇ ਦੀ ਦਵਾਈ ਭਰਨ ਲੱਗ ਪਈ। ਮੈਂ ਬਾਹਰ ਆ ਗਿਆ। ਹੌਲੀ ਹੌਲੀ ਸਵੇਰ ਦੀ ਲਾਲੀ ਨੇ ਰੌਸ਼ਨੀ ਕਰਨੀ ਸ਼ੁਰੂ ਕਰ ਦਿੱਤੀ। ਏਨੇ ਨੂੰ ਸ਼ੀਲਾ ਦੇਵੀ ਵੀ ਆ ਗਈ।

"ਤੁਸੀਂ ਅੰਦਰ ਜਾਕੇ ਭੈਣ ਜੀ ਨੂੰ ਦੇਖੋ, ਤੁਹਾਨੂੰ ਕੀ ਮਹਿਸੂਸ ਹੁੰਦਾ ਹੈ।" ਮੈਂ ਉਸਨੂੰ ਕਿਹਾ। ਸ਼ਾਲੀ ਨੇ ਅੰਦਰ ਜਾਕੇ ਭੈਣ ਨੂੰ ਹਿਲਾਕੇ ਦੇਖਿਆ ਤੇ ਆਵਾਜ਼ਾਂ ਮਾਰੀਆਂ, ਪਰ ਭੈਣ ਨੇ ਕੋਈ ਹਰਕਤ ਨਾ ਕੀਤੀ। ਸਾਹਮਣੇ ਸਕਰੀਨ ਉੱਤੇ ਇਕ ਲਾਈਨ ਉੱਪਰ ਹੇਠਾਂ ਚਲਦੀ ਦਿਲ ਰਹੀ ਸੀ। ਨੌਂ ਵਜੇ ਤੋਂ ਬਾਅਦ ਡਾਕਟਰ ਰਾਊਂਡ ਤੇ ਆਇਆ। ਉਸਨੂੰ ਭੈਣ ਬਾਰੇ ਪੁਛਿਆ ਤਾਂ ਉਸਨੇ ਉੱਪਰ ਵੱਲ ਨੂੰ ਇਸ਼ਾਰਾ ਕਰਦਿਆਂ ਕਿਹਾ, "ਹੁਣ ਉਸਦੇ ਹੱਥ ਵੱਸ ਹੈ"

"ਮੈਂ ਬਹਿੰਦੀ ਹਾਂ ਤੁਸੀ ਘਰ ਜਾ ਆਓ" ਸ਼ੀਲਾ ਦੇ ਕਹਿਣ ਤੇ ਮੈਂ ਘਰ ਚਲੇ ਗਿਆ। ਮੈ ਹਸਪਤਾਲੋਂ ਨਿਕਲ ਕੇ ਕ੍ਰਿਸ਼ਨਦੇਵ ਹੁਰਾਂ ਕੋਲ ਗਿਆ ਤੇ ਭੈਣ ਦਾ ਹਾਲ ਦੱਸਿਆ। ਕ੍ਰਿਸ਼ਨਦੇਵ ਹੁਰਾਂ ਉੱਪਰ ਨੂੰ ਕਰਕੇ ਦੋਵੇਂ ਹੱਥ ਜੋੜੇ ਤੇ ਕੁਝ ਬੁਦਬੁਦਾਏ। ਜਿਵੇ ਕਹਿ ਰਹੇ ਹੋਣ, " ਰੱਬਾ ਉਸਨੂੰ ਏਨੀ ਤਕਲੀਫ਼ ਨਾ ਦੇ, ਉਸ ਨੂੰ ਆਪਣੇ ਕੋਲ ਸੱਦ ਲੈ"। ਉੱਥੋਂ ਮੈਂ ਘਰ ਆ ਗਿਆ। ਨਾਸ਼ਤਾ ਕਰਕੇ ਬੈਠਾ ਹੀ ਸੀ, ਸ਼ੀਲਾਦੇਵੀ ਦਾ ਫੋਨ ਆ ਗਿਆ। ਭਾਈ ਸਾਬ੍ਹ ਤੁਸੀਂ ਆ ਜਾਓ, ਭੈਣ ਜੀ ਹੁਣ ਸਾਡੇ ਵਿਚ ਨਹੀਂ ਰਹੇ। ਮੈਂ ਵਾਪਸ ਕ੍ਰਿਸ਼ਨਦੇਵ ਹੁਰਾਂ ਕੋਲ ਗਿਆ ਤੇ ਜੀ ਵਾਰੇ ਦੱਸਿਆ। ਮੈਂ ਹਸਪਤਾਲ ਜਾ ਰਿਹਾ ਹਾਂ, ਤੁਹਾਨੂੰ ਕੁਝ ਚਾਹੀਦਾ ਤਾਂ ਨਹੀਂ?" ਉਨ੍ਹਾਂ ਨਾਂਹ ਵਿਚ ਸਿਰ ਹਿਲਾਇਆ ਤੇ ਰੱਬ ਦਾ ਧੰਨਵਾਦ ਕਰਨ ਲਈ ਉੱਪਰ ਨੂੰ ਹੱਥ ਕਰਕੇ ਕੁਝ ਬੁਦਬੁਦਾਏ।

ਜਦੋਂ ਮੈਂ ਹਸਪਤਾਲ ਪਹੁੰਚਾ ਤਾਂ ਸ਼ੀਲਾ ਦੇਵੀ ਮੇਰਾ ਇੰਤਜ਼ਾਰ ਕਰ ਰਹੀ ਸੀ। "ਸਾਰਾ ਹਿਸਾਬ ਹੋ ਗਿਆ, ਐਂਬੂਲੈਂਸ ਦੀ ਉਡੀਕ ਕਰ ਰਹੀ ਹਾਂ, ਉਹ ਕਿਸੇ ਮਰੀਜ਼ ਨੂੰ ਲੈਣ ਗਏ ਹੋਏ ਨੇ", ਉਸਨੇ ਦੱਸਿਆ। ਦੋ ਕੁ ਮਿੰਟ ਉਡੀਕ ਕਰਨੀ ਪਈ, ਐਂਬੂਲੈਂਸ ਆ ਗਈ। ਭੈਣ ਦੀ ਮਿਰਤਕ ਦੇਹ ਨੂੰ ਉਸ ਵਿਚ ਰੱਖਿਆ ਤੇ ਘਰ ਆ ਗਏ।

ਸ਼ੀਲਾ ਦੇਵੀ ਜਿਨ੍ਹਾਂ ਰਿਸ਼ਤੇਦਾਰਾਂ ਨੂੰ ਜਾਣਦੀ ਸੀ। ਉਨ੍ਹਾਂ ਨੂੰ ਫੋਨ ਕਰ ਦਿੱਤਾ। ਬਾਹਰੋਂ ਸਿਰਫ ਸਤੀਸ਼ ਹੀ ਆਇਆ, ਛੋਟਾ ਮੁੰਡਾ ਤੇ ਕੁੜੀਆਂ ਨਹੀਂ ਆ ਸਕੀਆਂ। ਬੰਬਈ ਤੇ ਬੈਂਗਲੋਰ ਵਾਲੇ ਮੁੰਡੇ ਹੀ ਆਏ। ਤੀਜੇ ਦਿਨ ਸਸਕਾਰ ਹੋਇਆ। ਕਿਰਿਆ ਤੋਂ ਬਾਅਦ ਸਤੀਸ਼ ਥੋੜੇ ਦਿਨ ਰਿਹਾ। ਸ਼ੀਲਾ ਦੇਵੀ ਬੇਸ਼ੱਕ ਢਾਈ ਤਿੰਨ ਸਾਲ ਤੋਂ ਦੋਹਾਂ ਦੀ ਸੇਵਾ ਕਰ ਰਹੀ ਸੀ, ਪਰ ਹੁਣ ਭੈਣ ਸ਼ੀਲਾ ਦੀ ਗੈਰਹਾਜ਼ਰੀ ਵਿਚ ਉਸਨੂੰ ਕੁਝ ਓਪਰਾ ਓਪਰਾ ਲੱਗਾ। ਸਤੀਸ਼ ਨੇ ਪਾਪਾ ਨੂੰ ਸੰਭਾਲਣ ਦੀ ਜੁੰਮੇਵਾਰੀ ਮੈਨੂੰ ਤੇ ਸ਼ੀਲਾ ਨੂੰ ਹੀ ਦੇ ਦਿੱਤੀ, ਕਿਉਂਕਿ ਉਸਦਾ ਰਹਿਣਾ ਮੁਸ਼ਕਲ ਸੀ।

ਸ਼ੀਲਾ ਦੇਵੀ ਨੂੰ ਲੱਗਾ ਜਿਵੇਂ ਕ੍ਰਿਸ਼ਨਦੇਵ ਨੇ ਆਪਣੇ ਮੰਜੇ ਕੋਲ ਪਈ ਘੱਟੀ ਖੜਕਾਈ ਹੋਵੇ। ਸ਼ੀਲਾ ਦੇਵੀ ਦੀ ਸੋਚ ਲੜੀ ਟੁੱਟ ਗਈ। ਉਹ ਉੱਠਕੇ ਕ੍ਰਿਸ਼ਨਦੇਵ ਕੋਲ ਗਈ ਤੇ ਪੁੱਛਿਆ, ਕੀ ਗੱਲ ਹੈ ਭਾਈ ਸਾਬ੍ਹ, ਕੁਛ ਚਾਹੀਦਾ ਹੈ?" ਕ੍ਰਿਸ਼ਨਦੇਵ ਬਹੁਤ ਕਮਜ਼ੋਰ ਹੋ ਗਏ ਸਨ। ਉਨ੍ਹਾਂ ਇਸ਼ਾਰੇ ਨਾਲ ਬਾਥਰੂਮ ਜਾਣ ਲਈ ਕਿਹਾ। ਸ਼ੀਲਾ ਦੇਵੀ ਨੇ ਆਸਰੇ ਨਾਲ ਉਨ੍ਹਾਂ ਨੂੰ ਉਠਾਇਆ ਤੇ ਫੜਕੇ ਬਾਥਰੂਮ ਤੱਕ ਲੈ ਗਈ। ਕ੍ਰਿਸ਼ਨਦੇਵ ਨੇ ਅੰਦਰ ਵੜਕੇ ਦਰਵਾਜ਼ਾ ਢੋ ਲਿਆ। ਏਸੇ ਤਰ੍ਹਾਂ ਦਿਨ ਕਟੀ ਹੋ ਰਹੀ ਸੀ। ਦਰਵਾਜ਼ਾ ਖੁੱਲਾ ਤਾਂ ਸ਼ੀਲਾਦੇਵੀ ਨੇ ਉਨ੍ਹਾਂ ਨੂੰ ਫੜਕੇ ਮੰਜੇ ਤੇ ਪਾ ਦਿੱਤਾ।

ਕੁਝ ਲੋਕਾਂ ਨੂੰ ਘੜੂਸਾਂ ਛੱਡਣ ਤੋ ਬਿਨਾ ਹੋਰ ਕੁਝ ਕਰਨਾ ਨਹੀਂ ਆਉਂਦਾ। ਉਹ ਲੋਕ ਕਿਸੇ ਬੇਵਸ ਲਾਚਾਰ ਦੀ ਕੋਈ ਮੱਦਦ ਤਾਂ ਨਹੀਂ ਕਰ ਸਕਦੇ ਸਗੋਂ ਆਪਣੀ ਘੜੂਸੀ ਬਿਰਤੀ ਨਾਲ ਉਨ੍ਹਾਂ ਦੀਆਂ ਮੁਸ਼ਕਲਾਂ ਹੋਰ ਵਧਾ ਦਿੰਦੇ ਹਨ। ਕ੍ਰਿਸ਼ਨਦੇਵ ਦੇ ਕੁਝ ਰਿਸ਼ਤੇਦਾਰ ਅਜਿਹੇ ਸਨ ਜੋ ਸ਼ੀਲਾਦੇਵੀ ਬਾਰੇ ਬਹੁਤ ਗਲਤ ਗੱਲਾਂ ਕਹਿ ਰਹੇ ਸਨ। ਜਿਸ ਕਰਕੇ ਉਨ੍ਹਾਂ ਦੋਹਾਂ ਨੂੰ ਮਾਨਸਿਕ ਤੌਰ ਤੇ ਬਹੁਤ ਤਕਲੀਫ਼ ਹੁੰਦੀ ਸੀ। ਇਹੋ ਤਕਲੀਫ਼ ਕ੍ਰਿਸ਼ਨਦੇਵ ਦੀ ਬਿਮਾਰੀ 'ਚ ਵਾਧਾ ਕਰੀ ਜਾਂਦੀ ਸੀ। ਗਵਾਂਢੀ ਸ਼ੀਲਾਦੇਵੀ ਨੂੰ ਬਹੁਤ ਸਤਿਕਾਰ ਅਤੇ ਪਿਆਰ ਦਿੰਦੇ ਸਨ। ਇਹੋ ਗੱਲ ਸ਼ੀਲਾਦੇਵੀ ਨੂੰ ਹੌਸਲਾ ਦਿੰਦੀ ਸੀ, ਤੇ ਉਹ ਕ੍ਰਿਸ਼ਨਦੇਵ ਦੀ ਨਿਰਸਵਾਰਥ ਸੇਵਾ ਕਰੀ ਜਾ ਰਹੀ ਸੀ। ਉਸਨੂੰ ਆਪਣੇ ਗੁਜ਼ਾਰੇ ਤੋਂ ਵੱਧ ਪੈਨਸ਼ਨ ਮਿਲਦੀ ਸੀ। ਇਸ਼ ਕਰਕੇ ਖਰਚੇ ਦੀ ਤਾਂ ਚਿੰਤਾ ਹੀ ਨਹੀਂ ਸੀ।

ਪਿਛਲੇ ਕੁਝ ਦਿਨਾਂ ਤੋਂ ਕ੍ਰਿਸ਼ਨਦੇਵ ਦੀ ਤਬੀਅਤ ਕਾਫੀ ਢਿੱਲੀ ਹੋ ਗਈ ਸੀ। ਹੁਣ ਤਾਂ ਉਸਦਾ ਉੱਠਣਾ ਬੈਠਣਾ ਵੀ ਮੁਸ਼ਕਲ ਹੋ ਗਿਆ ਸੀ। ਸ਼ੀਲਾਦੇਵੀ ਨੇ ਕ੍ਰਿਸ਼ਨਦੇਵ ਦੇ ਸਾਰੇ ਬੱਚਿਆਂ ਨੂੰ ਇਹ ਗੱਲ ਦੱਸ ਦਿੱਤੀ, ਉਨ੍ਹਾਂ ਨੂੰ ਆਉਣ ਲਈ ਕਿਹਾ। ਦੋ ਕੁੜੀਆਂ ਜੋ ਨੇੜੇ ਸਨ ਉਹ ਆ ਕੇ ਪਿਤਾ ਨੂੰ ਦੇਖ ਗਈਆਂ। ਦੋ ਚਾਰ ਦਿਨ ਰਹਿਕੇ ਵਾਪਸ ਚਲੇ ਗਈਆਂ। ਮੁੰਡਿਆਂ ਨੇ ਆਪਣੀਆਂ ਮਜ਼ਬੂਰੀਆਂ ਦੀ ਲਿਸਟ ਸ਼ੀਲਾਦੇਵੀ ਅੱਗੇ ਰੱਖ ਦਿੱਤੀ, ਤੇ ਪਿਤਾ ਦਾ ਧਿਆਨ ਰੱਖਣ ਲਈ ਕਹਿ ਦਿੱਤਾ। ਇਸ ਤੋਂ ਵੱਡਾ ਸਿਤਮ ਹੋਰ ਕੀ ਹੋ ਸਕਦਾ ਕਿ ਔਲਾਦ ਕੋਲ ਬਿਮਾਰ ਮਾਂ ਬਾਪ ਦੀ ਸੇਵਾ ਲਈ ਵੀ ਸਮਾਂ ਨਹੀਂ। ਸੇਵਾ ਤਾਂ ਛੱਡੋ, ਉਨ੍ਹਾਂ ਨੂੰ ਇਕ ਵਾਰ ਆ ਕੇ ਦੇਖਣ ਦਾ ਵੀ ਸਮਾਂ ਨਹੀਂ। ਹੋਰ ਤਾਂ ਹੋਰ ਕਿਸੇ ਨੇ ਕਦੀ ਇਹਵੀ ਨਹੀਂ ਪੁੱਛਿਆ ਕਿ ਘਰ ਦਾ ਖਰਚ ਕਿਸ ਤਰ੍ਹਾਂ ਚਲ ਰਿਹਾ ਹੈ। ਕ੍ਰਿਸ਼ਨਦੇਵ ਦੇ ਦੋਸਤ ਮਿੱਤਰ ਹਾਲ ਚਾਲ ਪੁੱਛਣ ਆਉਂਦੇ ਰਹੇ। ਆਪਣੀ ਵਿੱਤ ਮੁਤਾਬਿਕ ਉਹ ਫਲ ਫਰੂਟ ਲੈਕੇ ਆਉਂਦੇ, ਖਰਚੇ ਦੀ ਵੀ ਗੱਲ ਕਰਦੇ। ਕ੍ਰਿਸ਼ਨਦੇਵ ਨੇ ਇਕ ਦਿਨ ਆਪਣੇ ਇਕ ਦੋਸਤ ਨੂੰ ਸਮਝਾਇਆ ਕਿ ਉਹ ਵਕੀਲ ਨੂੰ ਲੈਕੇ ਆਵੇ। ਉਹ ਦੂਸਰੇ ਦਿਨ ਵਕੀਲ ਨੂੰ ਨਾਲ ਲੈ ਆਇਆ। ਕ੍ਰਿਸ਼ਨਦੇਵ ਨੇ ਵਕੀਲ ਨੂੰ ਸਮਝਾਇਆ ਕਿ ਉਸਦੀ ਸਾਰੀ ਜਾਇਦਾਦ ਤੇ ਬੈਂਕ ਖਾਤੇ ਸ਼ੀਲਾਦੇਵੀ ਦੇ ਨਾਮ ਕਰ ਦਿੱਓ।

ਕ੍ਰਿਸ਼ਨਦੇਵ ਦੇ ਕਹਿਣ ਅਨੁਸਾਰ ਵਕੀਲ ਨੇ ਵਸੀਅਤ ਤਿਆਰ ਕਰ ਦਿੱਤੀ, ਤੇ ਦੋ ਗਵਾਹੀਆਂ ਵੀ ਪੁਆ ਲਈਆਂ। ਫਿਰ ਉਸਨੂੰ ਰਜਿਸਟਰ ਵੀ ਕਰਵਾ ਦਿੱਤਾ। ਸ਼ੀਲਾ ਦੇਵੀ ਇਸ਼ ਗੱਲੋਂ ਨਾਰਾਜ਼ ਸੀ। ਉਹ ਚਾਹੁੰਦੀ ਸੀ ਕਿ ਕ੍ਰਿਸ਼ਨਦੇਵ ਦੀ ਜਾਇਦਾਦ ਉਸਦੇ ਬੱਚਿਆਂ ਨੂੰ ਹੀ ਮਿਲੇ। ਮੈਂ ਇਹ ਸਭ ਕੁਝ ਕੀ ਕਰਨ? ਪਰ ਕ੍ਰਿਸ਼ਨਦੇਵ ਨਹੀਂ ਮੰਨਿਆ। ਉਸਦਾ ਕਹਿਣਾ ਸੀ ਕਿ "ਜਿਨ੍ਹਾਂ ਬੱਚਿਆਂ ਕੋਲ ਆਪਣੇ ਬਿਮਾਰ ਮਾਂ-ਬਾਪ ਨੂੰ ਦੇਖਣ ਤੱਕ ਦਾ ਸਮਾਂ ਨਹੀਂ ਹੈ, ਉਹ ਜਾਇਦਾਦ ਸਾਂਭਣ ਦੇ ਹੱਕਦਾਰ ਵੀ ਨਹੀਂ ਹਨ। ਤੂੰ ਭਾਵੇਂ ਸਭ ਕੁਝ ਮਿੱਟੀ ਕਰਦੇ, ਪਰ ਮੇਰੇ ਬੱਚਿਆਂ ਨੂੰ ਤੂੰ ਕੁਝ ਨਹੀਂ ਦੇਵੇਂਗੀ, ਜੇ ਮੇਰੇ ਆਖੇ ਨਾ ਲੱਗੀ ਤਾਂ ਮੇਰੀ ਆਤਮਾਂ ਨੂੰ ਸ਼ਾਂਤੀ ਨਹੀਂ ਮਿਲਣੀ। ਇਹ ਗੱਲ ਤੂੰ ਚੇਤੇ ਰੱਖੀ।" ਕ੍ਰਿਸ਼ਨਦੇਵ ਦੀ ਗੱਲ ਸੁਣਕੇ ਸ਼ੀਲਾ ਦੇਵੀ ਨੇ ਮਨ ਹੀ ਮਨ ਇਕ ਫੈਂਸਲਾ ਕਰ ਲਿਆ।

ਵਸੀਅਤ ਬਾਰੇ ਜਦੋਂ ਕ੍ਰਿਸ਼ਨਦੇਵ ਦੇ ਬੱਚਿਆਂ ਨੂੰ ਪਤਾ ਲੱਗਾ ਤਾਂ ਉਹ ਬਹੁਤ ਔਖੇ ਹੋਏ, ਕਿ ਏਡੀ ਵੱਡੀ ਜਾਇਦਾਦ ਤੋਂ ਉਨ੍ਹਾਂ ਨੂੰ ਬੇ ਦਖਲ ਕਰ ਦਿੱਤਾ ਗਿਆ। ਕਈਆਂ ਨੇ ਸ਼ੀਲਾਦੇਵੀ ਨੂੰ ਬਹੁਤ ਬੁਰਾ ਭਲਾ ਵੀ ਕਿਹਾ, ਗਾਲ੍ਹਾਂ ਵੀ ਕੱਢੀਆਂ। ਪਿਤਾ ਨਾਲ ਵੀ ਝਗੜਾ ਕੀਤਾ। "ਓਏ ਕੱਲ੍ਹ ਤੱਕ ਤਾਂ ਤੁਹਾਡੇ ਕੋਲ ਟਾਈਮ ਨਹੀਂ ਸੀ, ਸਾਡੀ ਖਬਰ ਲੈਣ ਜੋਗਾ, ਹੁਣ ਕਿਸ ਤਰ੍ਹਾਂ ਆ ਹੋ ਗਿਆ?" ਇਸ ਸੁਆਲ ਦਾ ਕਿਸੇ ਕੋਲ ਜੁਆਬ ਨਹੀਂ ਸੀ। ਛੋਟਾ ਪੁੱਤਰ ਬਹੁਤ

ਔਖਾ ਹੋਇਆ ਉਹ ਵਕੀਲ ਕੋਲ ਵੀ ਸਲਾਹ ਲੈਣ ਲਈ ਗਿਆ। ਵਕੀਲ ਹੋਣ ਚਾਹੇ ਡਾਕਟਰ ਸਹਿਜੇ ਕੀਤੇ ਉਹ ਕਿਸੇ ਨੂੰ ਵੀ ਨਾਂਹ ਨਹੀਂ ਕਰਦੇ। ਬੇਸ਼ੱਕ ਕੇਸ ਉਨ੍ਹਾਂ ਦੇ ਵੱਸ ਦਾ ਹੋਵੇ ਚਾਹੇ ਨਾ ਹੋਵੇ। ਡਾਕਟਰ ਨੇ ਦਵਾਈ ਦੇ ਹੀ ਦੇਣੀ ਹੈ, ਚਾਹੇ ਮਰੀਜ਼ ਮਰ ਹੀ ਜਾਵੇ। ਤੇ ਵਕੀਲ ਨੇ ਕੇਸ ਫੜ ਹੀ ਲੈਣਾ ਹੈ, ਚਾਹੇ ਹਾਰ ਹੀ ਜਾਵੇ। ਉਸਨੂੰ ਹਾਰੇ ਕੇਸ ਦਾ ਦੁੱਖ ਨਹੀਂ ਹੁੰਦਾ ਕਿਉਂਕਿ ਉਸਨੇ ਤਾਂ ਆਪਣੀ ਫੀਸ ਪਹਿਲਾਂ ਹੀ ਲੈ ਲਈ ਹੁੰਦੀ ਹੈ। ਸੋ ਵਕੀਲ ਨੇ ਅਜੀਤ ਨੂੰ ਹੱਲਾ ਸ਼ੇਰੀ ਦੇ ਕੇ ਮੁਕੱਦਮਾਂ ਕਰਨ ਲਈ ਰਾਜ਼ੀ ਕਰ ਲਿਆ। ਅਜੀਤ ਨੇ ਜਦੋਂ ਬਾਕੀ ਭੈਣ ਭਰਾਵਾਂ ਨਾਲ ਗੱਲ ਕੀਤੀ ਤਾਂ ਸਤੀਸ਼ ਨੂੰ ਛੱਡਕੇ ਬਾਕੀਆਂ ਨੇ ਦੱਬੀ ਜਿਹੀ ਹਾਂ ਕਰ ਦਿੱਤੀ। ਉਨ੍ਹਾਂ ਦਾ ਕਹਿਣਾ ਸੀ ਕਿ ਤੂੰ ਕੇਸ ਕਰਦੇ ਅਸੀਂ ਤੈਨੂੰ ਪਾਵਰ ਆਫ ਅਟਾਰਨੀ ਭੇਜ ਦਿੰਦੇ ਹਾਂ, ਜਦੋਂ ਕੇਸ ਦਾ ਫੈਂਸਲਾ ਹੋ ਜਾਊ ਅਸੀਂ ਹਿਸਾਬ ਨਾਲ ਤੈਨੂੰ ਪੈਸੇ ਦੇ ਦਿਆਂਗੇ। ਜਦੋਂ ਸਤੀਸ਼ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸਨੇ ਅਜੀਤ ਨੂੰ ਸਮਝਾਇਆ, "ਦੇਖ ਭਰਾ, ਤੂੰ ਜੋ ਕਰਨ ਲੱਗਾ ਹੈਂ ਇਹ ਗਲਤ ਹੈ। ਇਸ ਵਿਚ ਪਿਤਾ ਜੀ ਦਾ ਘਟਾਂ ਹੁੰਦਾ ਹੈ। ਲੋਕ ਕੀ ਕਹਿਣਗੇ ਕਿ ਕ੍ਰਿਸ਼ਨਦੇਵ ਦੇ ਪੁੱਤਰ ਅਜਿਹੇ ਨਿਕਲੇ। ਸਾਰੇ ਤੈਨੂੰ ਕਹਿੰਦੇ ਹਨ ਕਿ ਤੂੰ ਕੇਸ ਕਰਦੇ। ਉਹ ਤੈਨੂੰ ਬਾਅਦ 'ਚ ਹਿਸਾਬ ਕਰਕੇ ਪੈਸੇ ਦੇ ਦੇਣਗੇ। ਪਹਿਲਾਂ ਤਾਂ ਤੂੰ ਪੱਲਿਓਂ ਖਰਚ ਕਰ ਤੇ ਫਿਰ ਏਨ੍ਹਾਂ ਦੇ ਪਿੱਛੇ-ਪਿੱਛੇ ਫਿਰੀ ਆਪਣੇ ਹੀ ਪੈਸੇ ਲੈਣ ਵਾਸਤੇ। ਕੇਸ ਜਿੱਤਣ ਦੀ ਕੋਈ ਉਮੀਦ ਨਹੀਂ, ਕਿਉਂਕਿ ਮੈਂ ਹੀ ਤੇਰੇ ਵੱਲ ਦੀ ਗਵਾਹੀ ਨਹੀਂ ਦੇਣੀ। ਜਦੋਂ ਕੇਸ ਹਾਰ ਗਿਆ ਫਿਰ ਤੈਨੂੰ ਪੈਸੇ ਕਿਸ ਨੇ ਦੇਣੇ ਹਨ। ਜੇ ਬਦਨਾਮੀ ਖੱਟਣੀ ਹੈ ਤਾਂ ਜੋ ਕਰਨਾ ਕਰ ਲੈ, ਮੈਂ ਤੈਨੂੰ ਨਹੀਂ ਰੋਕਦਾ"। ਸਤੀਸ਼ ਨੇ ਗੱਲ ਮੁਕਾ ਦਿੱਤੀ।

ਵਸੀਅਤ ਨੂੰ ਅਜੇ ਦੋ ਕੁ ਮਹੀਨੇ ਹੀ ਹੋਏ ਸਨ ਕਿ ਕ੍ਰਿਸ਼ਨਦੇਵ ਹੁਰੀਂ ਚਲਾਣਾ ਕਰ ਗਏ। ਸ਼ੀਲਾਦੇਵੀ ਨੇ ਫਿਰ ਸਾਰਿਆਂ ਨੂੰ ਟੈਲੀਫੋਨ ਕਰਕੇ ਦੱਸਿਆ। ਸਤੀਸ਼ ਨੂੰ ਤਾਂ ਗਏ ਨੂੰ ਅਜੇ ਮਹੀਨਾ ਭਰ ਹੀ ਹੋਇਆ ਸੀ ਕਿ ਉਸਨੂੰ ਫਿਰ ਆਉਣਾ ਪਿਆ। ਦੂਜੇ ਮੁੰਡੇ ਵੀ ਆਏ ਸਨ ਪਰ ਉਹ ਥੋੜ੍ਹੇ ਦਿਨ ਹੀ ਰਹੇ, ਕਿਰਿਆ ਤੋਂ ਬਾਅਦ ਤੀਜੇ ਚੌਥੇ ਦਿਨ ਹੀ ਚਲੇ ਗਏ। ਦੂਜੇ ਮੁੰਡੇ ਕੁੜੀਆਂ ਨੇ ਇਕ ਵਾਰ ਫਿਰ ਵਸੀਅਤ ਦਾ ਜਿਕਰ ਕੀਤਾ, ਪਰ ਸਤੀਸ਼ ਨੇ ਸਭ ਨੂੰ ਇਹ ਕਹਿਕੇ ਚੁੱਪ ਕਰਾ ਦਿੱਤਾ ਕਿ "ਜਿਸਨੂੰ ਹਿੱਸਾ ਚਾਹੀਦਾ ਹੈ ਉਹ ਮੈਨੂੰ ਲਿਖਕੇ ਦੇਵੇ, ਮੈਂ ਉਸਦਾ ਬਣਦਾ ਹਿੱਸਾ ਦੇ ਦਿਆਂਗਾ। ਨਾਲ ਇਹ ਵੀ ਲਿਖ ਦੇਵੇ ਕਿ ਉਸਨੇ ਬਿਮਾਰੀ ਵੇਲੇ ਮਾਂ ਬਾਪ ਦੀ ਕੀ ਮੱਦਦ ਜਾਂ ਸੇਵਾ ਕੀਤੀ।" ਮਾਤਾ ਪਿਤਾ ਨੇ ਸਾਨੂੰ ਪਾਲਣ ਲੱਗਿਆਂ ਕੋਈ ਕਸਰ ਨਹੀਂ ਸੀ ਛੱਡੀ, ਪਰ ਉਨ੍ਹਾਂ ਦੇ ਔਖੇ ਵੇਲੇ ਅਸੀਂ ਇਕ ਦਿਨ ਵੀ ਉਨ੍ਹਾਂ ਦੀ ਸੇਵਾ ਨਹੀਂ ਕਰ ਸਕੇ। ਇਸ ਲਈ ਸਾਡਾ ਕਿਸੇ ਦਾ ਕੋਈ ਹੱਕ ਨਹੀਂ ਬਣਦਾ ਕਿ ਅਸੀਂ ਉਨ੍ਹਾਂ ਦੀ ਜਾਇਦਾਦ ਵਿਚੋਂ ਹਿੱਸਾ ਮੰਗੀਏ। ਉਨ੍ਹਾਂ ਜੋ ਕੀਤਾ ਬਹੁਤ ਠੀਕ ਕੀਤਾ। ਮੈਨੂੰ ਉਨ੍ਹਾਂ ਦੇ ਫ਼ੈਸਲੇ ਤੇ ਕੋਈ ਇਤਰਾਜ਼ ਨਹੀਂ। ਹੁਣ ਇਸ ਟੋਪਿਕ ਤੇ ਕੋਈ ਗੱਲ ਨਹੀਂ ਹੋਵੇਗੀ।

"ਮੈਂ ਇਸ ਘਰ ਨੂੰ ਕੀ ਕਰਾਂਗੀ?" ਸ਼ੀਲਾਦੇਵੀ ਨੇ ਸੁਆਲ ਕੀਤਾ।

"ਤੁਹਾਨੂੰ ਸਾਰੇ ਹੱਕ ਹਨ, ਜੋ ਤੁਹਾਡਾ ਦਿਲ ਕਰੇ ਤੁਸੀਂ ਇਸ ਘਰ ਦਾ ਕਰੋ, ਰੱਖੋ ਚਾਹੇ ਵੇਚੋ।" ਸਤੀਸ਼ ਨੇ ਆਪਣੇ ਵਲੋਂ ਗੱਲ ਮੁਕਾ ਦਿੱਤੀ।

"ਜੇ ਤੁਸੀਂ ਗੱਲ ਮੇਰੇ ਤੇ ਛੱਡੀ ਹੈ ਤਾਂ ਮੈਂ ਏਥੇ ਭੈਣ ਜੀ ਅਤੇ ਬਾਉਜੀ ਦੇ ਨਾਮ ਤੇ ਇਕ ਸਕੂਲ ਬਣਾਉਣ ਵਾਰੇ ਸੋਚਾਂਗੀ। ਤਾਂ ਕਿ ਉਨ੍ਹਾਂ ਦਾ ਨਾਮ ਜਿੰਦਾ ਰਹਿ ਸਕੇ।" ਸ਼ੀਲਾਦੇਵੀ ਦੀ ਗੱਲ ਸੁਣਕੇ ਸਾਰੇ ਹੈਰਾਨ ਹੋਏ ਉਸ ਵੱਲ ਦੇਖਣ ਲੱਗੇ। ਸਾਰਿਆਂ ਦੇ ਚਿਹਰਿਆਂ ਉੱਤੇ ਸ਼ਰਮਿੰਦਗੀ ਦਾ ਪੋਚਾ ਫਿਰ ਗਿਆ ਲੱਗਦਾ ਸੀ। ਕਿਉਂਕਿ ਸਾਰਿਆਂ ਦੇ ਮਨ ਵਿਚ ਇਹ ਗੱਲ ਸੀ ਕਿ ਸ਼ਾਂਤੀ ਦੇਵੀ ਇਸ ਘਰ ਨੂੰ ਵੇਚਕੇ ਤੇ ਪੈਸਾ ਲੈਕੇ ਚਲੇ ਜਾਏਗੀ।

"ਆਂਟੀ ਜੀ ਇਹ ਤੁਹਾਡੀ ਨਿਰਸਵਾਰਥ ਸੋਚ ਤੇ ਫ਼ਰਾਖਦਿਲੀ ਹੈ, ਅਸੀਂ ਆਪਣੀ ਸੋਚ ਤੇ ਸ਼ਰਮਿੰਦਾ ਹਾਂ।" ਕਿਸੇ ਨੂੰ ਵੀ ਹੋਰ ਕੁ ਕਹਿਣਾ ਨਾ ਸੁੱਝਿਆ। "ਇਕ ਹੋਰ ਗੱਲ" ਸ਼ੀਲਾ ਦੇਵੀ ਫਿਰ ਕੁਝ ਕਹਿਣ ਲੱਗੀ। "ਹਾਂ ਜੀ ਉਹ ਵੀ ਦੱਸ ਦਿਓ।" ਸਤੀਸ਼ ਨੇ ਕਿਹਾ।

"ਮੇਰੇ ਕੋਲ ਕੁਝ ਪੈਸੇ ਹਨ, ਪੈਸੇ ਬਾਊ ਜੀ ਦੀ ਬੁੱਕ ਉੱਤੇ ਵੀ ਹਨ। ਮੈਂ ਸੋਚਦੀ ਹਾਂ, ਜੇ ਇਹ ਨਾਲ ਵਾਲਾ ਘਰ ਅਤੇ ਅਗਲੀ ਖਾਲੀ ਥਾਂ ਸਾਨੂੰ ਮਿਲ ਸਕੇ ਤਾਂ ਬਹੁਤ ਚੰਗਾ ਹੋਵੇ। ਘਰ ਵਾਲਿਆਂ ਦਾ ਤਾਂ ਇਹ ਘਰ ਵੇਚਕੇ ਕਿਸੇ ਮੋਡਰਨ ਕਲੋਨੀ ਵਿਚ ਜਾ ਕੇ ਰਹਿਣ ਦਾ ਇਰਾਦਾ ਹੈ। ਇਸ ਇਲਾਕੇ ਵਿਚ ਕੋਈ ਸਕੂਲ ਨਹੀਂ ਹੈ। ਇਸ ਘਾਟ ਦਾ ਜ਼ਿਕਰ ਇਕ ਵਾਰ ਬਾਊਜੀ ਨੇ ਕੀਤਾ ਸੀ। ਉਦੋਂ ਹੀ ਮੇਰੇ ਮਨ ਵਿਚ ਸਕੂਲ ਬਣਾਉਣ ਦਾ ਖਿਆਲ ਉੱਭਰਿਆ ਸੀ। ਪਰ ਸ਼ਾਇਦ ਦੋਹਾਂ ਦੀ ਬਿਮਾਰੀ ਨੇ ਬਾਊ ਜੀ ਨੂੰ ਏਧਰ ਤੁਰਨ ਨਹੀਂ ਦਿੱਤਾ।"

"ਹਾਂ ਭਰਾਵੋ, ਸਾਨੂੰ ਸਾਰਿਆਂ ਨੂੰ ਰਲ਼ਕੇ ਆਂਟੀ ਜੀ ਦਾ ਅਤੇ ਪਿਤਾ ਜੀ ਦਾ ਇਹ ਸੁਪਨਾ ਸਾਕਾਰ ਕਰਨਾ ਚਾਹੀਦਾ ਹੈ, ਆਪਾਂ ਨੂੰ ਇਕ ਮੌਕਾ ਮਿਲ ਰਿਹਾ ਹੈ ਆਪਣੇ ਮਾਂ ਬਾਪ ਲਈ ਕੁਝ ਕਰਨ ਦਾ।" ਸਾਰਿਆਂ ਨੇ ਇਸ ਗੱਲ ਦੀ ਹਾਂਮੀ ਭਰੀ ਕਿ ਉਨ੍ਹਾਂ ਤੋ ਜੋ ਸਰੂ ਉਹ ਦੇਣਗੇ। ਇਸ ਫੈਂਸਲੇ ਤੋਂ ਬਾਅਦ ਸਾਰੇ ਉੱਠ ਖੜੇ ਹੋਏ। ਸਤੀਸ਼

ਆਇਆ ਤਾਂ ਦਸ ਦਿਨਾਂ ਲਈ ਸੀ। ਪਰ ਇਸ ਪ੍ਰੋਜੈਕਟ ਨੇ ਉਸਨੂੰ ਮਹੀਨਾ ਭਰ ਆਹਰੇ ਲਾਈ ਰੱਖਿਆ।

ਸ਼ੀਲਾਦੇਵੀ ਨੇ ਦੂਸਰੇ ਦਿਨ ਨਾਲ ਦੇ ਘਰ ਵਾਲਿਆਂ ਨੂੰ ਪੁੱਛਿਆ, ਉਹ ਤਾਂ ਪਹਿਲਾਂ ਹੀ ਕੋਈ ਗਾਹਕ ਲੱਭਦੇ ਸਨ, ਸੋ ਉਨ੍ਹਾਂ ਨੇ ਸੌਦਾ ਕਰਨ ਲਈ ਢਿੱਲ ਨਾ ਕੀਤੀ। ਸਤੀਸ਼ ਨੇ ਪਲਾਟ ਵਾਲੇ ਮਾਲਿਕ ਨੂੰ ਲੱਭਿਆ ਤੇ ਉਸ ਨਾਲ ਗੱਲ ਕੀਤੀ। ਜਦੋਂ ਉਸਨੂੰ ਪਤਾ ਲੱਗਾ ਕਿ ਇਨ੍ਹਾਂ ਸਕੂਲ ਬਣਾਉਣਾ ਹੈ ਤਾਂ ਉਹ ਰੇਟ ਬਹੁਤਾ ਦੱਸਣ ਲੱਗਾ। ਉਸ ਦੀ ਸੋਚ ਸੀ ਕਿ ਸਕੂਲ ਦਾ ਧੰਦਾ ਅੱਜ ਕੱਲ੍ਹ ਬੜਾ ਮੁਨਾਫੇ ਦਾ ਧੰਦਾ ਹੈ। ਇਸ ਕਰਕੇ ਵੱਧ ਮੁਨਾਫ਼ਾ ਲੈਣਾ ਚਾਹੀਦਾ ਹੈ। ਪਰ ਜਦੋਂ ਸਤੀਸ਼ ਨੇ ਉਸਨੂੰ ਦੱਸਿਆ, "ਅਸੀਂ ਕਮਾਈ ਵਾਸਤੇ ਸਕੂਲ ਨਹੀਂ ਬਣਾਉਣਾ, ਅਸੀਂ ਆਪਣੇ ਮਾਤਾ ਪਿਤਾ ਦੇ ਨਾਮ ਲਈ, ਭਲੇ ਦਾ ਕੰਮ ਕਰਨ ਲਈ ਸਕੂਲ ਬਣਾਉਣਾ ਹੈ, ਤੁਸੀ ਠੀਕ ਠੀਕ ਰੇਟ ਲਓ।" "ਇਸ ਸਕੂਲ ਨੂੰ ਚਲਾਏਗਾ ਕੌਣ ਤੁਸੀ ਕੋਈ ਕਮੇਟੀ ਬਣਾਈ ਹੈ?" ਪਲਾਟ ਦੇ ਮਾਲਿਕ ਸਰਦਾਰ ਜੀ ਨੇ ਜਾਨਣਾ ਚਾਹਿਆ। "ਨਹੀਂ ਕਮੇਟੀ ਤਾਂ ਅਜੇ ਕੋਈ ਨਹੀਂ ਬਣਾਈ, ਅਜੇ ਤਾਂ ਜਗ੍ਹਾ ਵਾਰੇ ਹੀ ਸੋਚ ਵਿਚਾਰ ਹੋ ਰਹੀ ਹੈ।"

"ਸ਼੍ਰੀ ਮਾਨ ਜੀ ਤੁਸੀ ਪਹਿਲਾਂ ਕਮੇਟੀ ਬਣਾਓ, ਉਸ ਕਮੇਟੀ ਨੂੰ ਰਜਿਸਟਰ ਕਰਾਓ, ਉਸ ਕਮੇਟੀ ਵਿਚ ਮੈਨੂੰ ਵੀ ਰੱਖੋ। ਸਾਰੇ ਕਮੇਟੀ ਵਾਲੇ ਬਗੈਰ ਪੈਸੇ ਤੋਂ ਕੰਮ ਕਰਨ ਦੀ ਸਹੁੰ ਚੁੱਕਣ। ਮੈਂ ਇਹ ਥਾਂ ਮੁਫ਼ਤ ਦੇ ਦਿਆਂਗਾ, ਜੇ ਤੁਸੀਂ ਸੱਚ ਹੀ ਨਿਰਸਵਾਰਥ ਕੰਮ ਕਰਨਾ ਹੈ।" ਸਰਦਾਰ ਜੀ ਦੀ ਗੱਲ ਸੁਣਕੇ ਸਤੀਸ਼ ਖੁਸ਼ ਹੋ ਗਿਆ। ਉਸਨੇ ਸਾਰੀ ਗੱਲ ਸ਼ੀਲਾਦੇਵੀ ਨੂੰ ਜਾਕੇ ਦੱਸੀ। ਇਹ ਖੁਸ਼ੀ ਭਰੀ ਖ਼ਬਰ ਸੁਣਕੇ ਸਾਰੇ ਸਬੰਧਤ ਲੋਕ ਖੁਸ਼ ਹੋ ਗਏ। " ਹਾਂ ਸਰਦਾਰ ਜੀ ਦੀ ਗੱਲ ਠੀਕ ਹੈ, ਕੁਝ ਲੋਕ ਧਾਰਮਿਕ ਸਕਸ਼ੀਅਤਾਂ ਦੇ ਨਾਮ ਤੇ ਦੁਕਾਨਾਂ ਖੋਲ੍ਹਕੇ ਅੰਨੀ ਲੁੱਟ ਮਚੌਂਦੇ ਹਨ, ਉਹ ਕੰਮ ਮਹਾਂ ਸਵਾਰਥੀ ਹੋ ਜਾਂਦਾ ਹੈ।" ਮਹੱਲੇ ਵਾਲਿਆਂ ਨੂੰ ਜਦੋਂ ਸਾਰੀ ਗੱਲ ਦਾ ਪਤਾ ਲੱਗਾ ਤਾਂ ਉਹਵੀ ਵਧ ਚੜ੍ਹਕੇ ਇਸ ਕੰਮ ਵਿਚ ਹਿੱਸਾ ਲੈਣ ਲੱਗੇ। ਕਿਉਂਕਿ ਇਸ ਮਹੱਲੇ ਦੇ ਬੱਚਿਆਂ ਨੂੰ ਦੋ ਢਾਈ ਕਿਲੋਮੀਟਰ ਤੋਂ ਪਹਿਲਾਂ ਕੋਈ ਸਕੂਲ ਨਹੀਂ ਸੀ। ਇਸ ਕਰਕੇ ਉਹ ਸਾਰੇ ਖੁਸ਼ ਸਨ ਕਿ ਸਕੂਲ ਬਣਨ ਨਾਲ ਸਾਰਿਆਂ ਨੂੰ ਸੌਖ ਹੋ ਜਾਏਗੀ। ਮਹੱਲੇ ਦੇ ਸਰਮਾਏਦਾਰ ਪਰਿਵਾਰਾਂ ਨੇ ਵੀ ਪੈਸੇ ਦੀ ਮੱਦਦ ਕਰਨ ਦੀ ਗੱਲ ਕੀਤੀ। ਸਤੀਸ਼ ਤੇ ਸ਼ੀਲਾਦੇਵੀ ਦਾ ਹੌਂਸਲਾ ਵਧ ਗਿਆ, ਉਹ ਹੋਰ ਵੀ ਉੱਦਮ ਨਾਲ ਕੰਮ ਕਰਨ ਲੱਗੇ। ਉਨ੍ਹਾਂ ਨੇ ਗਿਆਰਾਂ ਮੈਂਬਰੀ ਕਮੇਟੀ ਵੀ ਬਣਾ ਲਈ, ਤੇ ਰਜਿਸਟਰ ਕਰਾ ਲਈ। ਕਮੇਟੀ ਦੇ ਸਾਰੇ ਹੀ ਮੈਂਬਰ ਪੜ੍ਹੇ ਲਿਖੇ ਸਨ। ਉਨ੍ਹਾਂ ਨੇ ਪਰਚੀਆਂ ਉੱਤੇ ਕੰਮਾਂ ਦਾ ਵੇਰਵਾ ਲਿਖਕੇ ਸੁੱਟ ਦਿੱਤੀਆਂ ਗਈਆਂ। ਜਿਸ ਮੈਂਬਰ ਕੋਲ ਜਿਹੜੀ ਪਰਚੀ ਆਈ ਉਸਨੂੰ ਉਹ ਕੰਮ ਕਰਨ ਦੀ ਜ਼ੁੰਮੇਵਾਰੀ ਮਿਲ ਗਈ। ਇਸ ਤਰੀਕੇ ਨਾਲ ਉਨ੍ਹਾਂ ਦੇ ਕੰਮ ਵੀ ਆਪਣੇ ਆਪ ਵੰਡੇ ਗਏ। ਸਾਰਿਆਂ ਨੇ ਆਪੋ ਆਪਣੀਆਂ ਡਿਊਟੀਆਂ ਸੰਭਾਲ ਲਈਆਂ। ਸਾਰਾ ਕੰਮ "ਸ਼੍ਰੀ ਮਤੀ ਸ਼ੀਲਾ ਜੀ, ਅਤੇ ਸ਼੍ਰੀ ਕ੍ਰਿਸ਼ਨਦੇਵ ਜੀ ਫ਼ਾਊਂਡੇਸ਼ਨ" ਦੇ ਨਾਮ ਹੇਠ ਸ਼ੁਰੂ ਹੋਗਿਆ। ਬਿਲਡਿੰਗ ਦੀ ਦੇਖਰੇਖ ਜੋਗਿੰਦਰ ਸਿੰਘ ਕਰ ਰਹੇ ਸਨ ਤੇ ਪੈਸੇ ਦਾ ਹਿਸਾਬ ਕਿਤਾਬ ਸ਼ੀਲਾ ਜੀ ਦੇ ਹੱਥ ਵਿਚ ਸੀ। ਕਮੇਟੀ ਦੇ ਸਾਰੇ ਹੀ ਮੈਂਬਰਾਂ ਨੂੰ ਕੋਈ ਨਾ ਕੋਈ ਕਰਨ ਵਾਲਾ ਕੰਮ ਮਿਲਿਆ ਹੋਇਆ ਸੀ। ਸਾਰਾ ਸਿਸਟਮ ਇਸ ਤਰੀਕੇ ਨਾਲ ਚਾਲੂ ਕੀਤਾ ਸੀ ਕਿ ਹਰ ਕੰਮ ਦੀ ਜਾਣਕਾਰੀ ਸਾਰੇ ਮੈਂਬਰਾਂ ਨੂੰ ਨਾਲ ਦੀ ਨਾਲ ਮਿਲਦੀ ਰਹੇ। ਜੇ ਕਿਸੇ ਕੋਲੋਂ ਕੋਈ ਗ਼ਲਤੀ ਹੋ ਵੀ ਜਾਵੇ ਤਾਂ ਉਸਦਾ ਸੁਧਾਰ ਜਲਦੀ ਹੋ ਸਕੇ। ਕੰਮ ਸਹੀ ਤਰੀਕੇ ਨਾਲ ਚੱਲ ਰਿਹਾ ਸੀ। ਇਸ ਗੱਲ ਦੀ ਸਤੀਸ਼ ਨੂੰ ਤਸੱਲੀ ਹੋ ਗਈ। ਉਹ ਦਸ ਦਿਨ ਦੀ ਛੁੱਟੀ ਆਇਆ ਸੀ, ਪਰ ਮਹੀਨਾ ਹੋ ਗਿਆ ਸੀ। ਉਸਦੀ ਕੰਪਨੀ ਦਾ ਰਿਮਾਈਂਡਰ ਵੀ ਆ ਚੁੱਕਾ ਸੀ। ਇਸ ਕਰਕੇ ਉਸਨੂੰ ਜਾਣਾ ਪਿਆ।

ਛੇ ਕੁ ਮਹੀਨਿਆਂ ਵਿਚ ਛੇ ਕਮਰੇ ਖੜੇ ਹੋ ਗਏ ਉਨ੍ਹਾਂ 'ਤੇ ਲੈਂਟਰ ਵੀ ਪੈ ਗਿਆ ਪਲੱਸਤਰ ਤੋਂ ਬਾਅਦ ਫਰਸ਼ਾਂ ਦਾ ਕੰਮ ਵੀ ਮੁੱਕਣ ਵਾਲਾ ਸੀ। ਕ੍ਰਿਸ਼ਨਦੇਵ ਹੁਰਾਂ ਦਾ ਘਰ ਉਸੇ ਤਰ੍ਹਾਂ ਹੀ ਨਿਸ਼ਾਨੀ ਵਜੋਂ ਰੱਖਲਿਆ ਗਿਆ ਸੀ। ਸ਼ੀਲਾ ਦੇਵੀ ਨੇ ਉਸ ਵਿਚ ਸਕੂਲ ਦਾ ਦਫ਼ਤਰ ਬਣਾ ਲਿਆ। ਜਦੋਂ ਸਾਰੀ ਬਿਲਡਿੰਗ ਤਿਆਰ ਹੋ ਗਈ ਤਾਂ ਸਤੀਸ਼ ਨੂੰ ਦੱਸ ਦਿੱਤਾ ਗਿਆ। ਟੀਚਰਾਂ ਦੀ ਭਰਤੀ ਤਾਂ ਕਮੇਟੀ ਮੈਂਬਰਾਂ ਨੇ ਕਰ ਲਈ ਸੀ। ਸਾਰੇ ਮੈਂਬਰ ਤੇ ਟੀਚਰ ਰਲਕੇ ਲੋਕਾਂ ਦੇ ਘਰੀ ਜਾਣ ਲੱਗੇ ਤਾਂ ਕਿ ਦੂਜੇ ਮਹੱਲੇ ਵਾਲਿਆਂ ਨੂੰ ਵੀ ਪਤਾ ਲੱਗ ਜਾਏ ਕਿ ਉਨ੍ਹਾਂ ਦੇ ਨੇੜੇ ਵੀ ਸਕੂਲ ਇਸ ਸੀਜ਼ਨ ਤੋਂ ਚਾਲੂ ਹੋਣ ਲੱਗਾ ਹੈ। ਉਹ ਆਪਣੇ ਬੱਚਿਆਂ ਨੂੰ ਇਸ ਸਕੂਲ ਵਿਚ ਦਾਖਲ ਕਰਨ। ਦੋ ਮਹੀਨੇ ਪਏ ਸਨ ਕਲਾਸਾਂ ਚਾਲੂ ਹੋਣ ਵਿਚ। ਪਹਿਲੀ ਤੋਂ ਪੰਜਵੀ ਕਲਾਸ ਤੱਕ ਢਾਈ ਕੁ ਸੌ ਬੱਚਾ ਦਾਖਲ ਹੋ ਗਿਆ ਸੀ। ਪਹਿਲੀ ਮਾਰਚ ਦਾ ਦਿਨ ਸਕੂਲ ਦੀ ਸ਼ੁਰੂਆਤ ਲਈ ਨੀਯਤ ਕੀਤਾ ਗਿਆ।

ਕ੍ਰਿਸ਼ਨਦੇਵ ਦੇ ਸਾਰੇ ਬੱਚੇ ਪਰਿਵਾਰਾਂ ਸਣੇ ਆਏ ਹੋਏ ਸਨ। ਕਮੇਟੀ ਮੈਂਬਰਾਂ ਨੇ ਉਦਘਾਟਨ ਦਾ ਸਾਰਾ ਪ੍ਰਬੰਧ ਕੀਤਾ ਹੋਇਆ ਸੀ। ਮਹੱਲੇ ਦੇ ਹੀ ਇਕ ਬਜ਼ੁਰਗ ਕੋਲੋਂ ਉਦਘਾਟਨ ਦੀ ਰਸਮ ਅਦਾ ਕਰਾਈ ਗਈ। ਲੋਕ ਸ਼ੀਲਾਦੇਵੀ ਅਤੇ ਸਤੀਸ਼ ਦੀ ਚੰਗੀ ਅਤੇ ਨਿਰਸਵਾਰਥ ਸੋਚ ਲਈ ਸਾਰੇ ਕਮੇਟੀ ਮੈਂਬਰਾਂ ਨੂੰ ਵਧਾਈ ਦੇ ਰਹੇ ਸਨ।

ਯੂਨੀਵਰਸਿਟੀਆਂ ਦੀ ਭਰਮਾਰ, ਪਰ ਨਵੀਂ ਸੋਚ ਦੀ ਵੀ ਲੋੜ

-ਪ੍ਰੋ. ਪਿਆਰਾ ਸਿੰਘ ਭੋਗਲ

ਪੰਜਾਬ ਸਰਕਾਰ ਨੇ ਹੁਣੇ-ਹੁਣੇ ਦੋ ਨਵੀਆਂ ਯੂਨੀਵਰਸਿਟੀਆਂ ਦੀ ਸਥਾਪਨਾ ਦੀ ਪ੍ਰਵਾਨਗੀ ਦਿੱਤੀ ਹੈ। ਦੋਵੇਂ ਅੰਮ੍ਰਿਤਸਰ ਵਿਚ ਸਥਾਪਤ ਹੋ ਰਹੀਆਂ ਹਨ। ਪਹਿਲੀ ਖ਼ਾਲਸਾ ਯੂਨੀਵਰਸਿਟੀ ਤੇ ਦੂਜੀ ਸ੍ਰੀ ਗੁਰੂ ਰਾਮ ਦਾਸ ਯੂਨੀਵਰਸਿਟੀ ਆਫ ਮੈਡੀਕਲ ਸਾਇੰਸਿਜ਼ ਐਂਡ ਰਿਸਰਚ। ਹੁਣ ਪੰਜਾਬ ਵਿਚ ਲਗਪਗ 25 ਯੂਨੀਵਰਸਿਟੀਆਂ ਹੋ ਗਈਆਂ ਹਨ। ਇਨ੍ਹਾਂ ਵਿਚ ਅੱਧੀ ਦਰਜਨ ਯੂਨੀਵਰਸਿਟੀਆਂ ਸਰਕਾਰ ਦੀ ਸਹਾਇਤਾ ਪ੍ਰਾਪਤ ਸੰਸਥਾਵਾਂ ਹਨ, ਜਿਵੇਂ ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਮੈਡੀਕਲ ਯੂਨੀਵਰਸਿਟੀ ਫ਼ਰੀਦਕੋਟ ਅਤੇ ਜਲੰਧਰ ਤੇ ਬਠਿੰਡੇ ਦੀਆਂ ਟੈਕਨੀਕਲ ਯੂਨੀਵਰਸਿਟੀਆਂ। ਵਧੇਰੇ ਸੰਸਥਾਵਾਂ ਨਿੱਜੀ ਮਾਲਕਾਂ ਨੇ ਖੋਲ੍ਹੀਆਂ ਹਨ।

ਯੂਨੀਵਰਸਿਟੀਆਂ ਦੀ ਗਿਣਤੀ ਵਧਦੇ ਜਾਣਾ ਕੋਈ ਵਿਗਾੜ ਨਹੀਂ। ਇਹ ਤਾਂ ਸਿੱਖਿਆ ਸੰਸਥਾਵਾਂ ਦਾ ਵਾਧਾ ਹੈ। ਪਰ ਮੁਸ਼ਕਿਲ ਇਹ ਹੈ ਕਿ ਬਿਨਾਂ ਨੀਤੀ ਦੇ ਸਿੱਖਿਆ ਸੰਸਥਾਵਾਂ ਖੋਲ੍ਹਦੇ ਜਾਣਾ ਸਿਰਫ ਗਿਣਨਾਤਮਕ ਵਾਧਾ ਹੀ ਹੁੰਦਾ ਹੈ, ਗੁਣਾਤਮਕ ਵਾਧਾ ਨਹੀਂ।

ਸਿੱਖ ਧਰਮ ਨਾਲ ਸਬੰਧਤ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ 1969 ਵਿਚ ਕਾਇਮ ਹੋਈ। ਕੁਝ ਸਾਲ ਪਹਿਲਾਂ ਫ਼ਤਹਿਗੜ੍ਹ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸਥਾਪਤ ਹੋਈ। ਹੁਣ ਅੰਮ੍ਰਿਤਸਰ ਵਿਚ ਖਾਲਸਾ ਕਾਲਜ ਅੰਮ੍ਰਿਤਸਰ ਨਾਲ ਜੁੜੇ ਪ੍ਰਬੰਧਕਾਂ ਨੇ ਖ਼ਾਲਸਾ ਯੂਨੀਵਰਸਿਟੀ ਕਾਇਮ ਕਰਨ ਦਾ ਫ਼ੈਸਲਾ ਕਰਵਾ ਲਿਆ ਹੈ। ਸਵਾਲ ਹੈ ਕਿ ਇਨ੍ਹਾਂ ਅਦਾਰਿਆਂ ਦੇ ਅਲੱਗ-ਅਲੱਗ ਮਨੋਰਥ ਤੇ ਆਦਰਸ਼ ਕੀ ਹਨ? ਇਨ੍ਹਾਂ ਦੀ ਵਿਸ਼ੇਸ਼ਗਤਾ ਕੀ ਹੋਏਗੀ? ਵਿਸ਼ੇਸ਼ਗਤਾ ਦੇ ਅਨੇਕ ਖੇਤਰ ਖੁੱਲ੍ਹੇ ਪਏ ਹਨ। ਖੋਜ ਮੰਗਦੇ ਹਨ। ਕੀ ਪ੍ਰਬੰਧਕਾਂ ਦਾ ਧਿਆਨ ਖੋਜ ਮੰਗਦੇ ਖੇਤਰਾਂ ਵੱਲ ਹੈ?

ਵਿਡੰਬਣਾ ਇਹ ਹੈ ਕਿ ਪੰਜਾਬ ਦਾ ਵਿਕਾਸ ਰੁਕਿਆ ਪਿਆ ਹੈ। ਖੇਤੀ ਗੰਭੀਰ ਸੰਕਟ ਵਿਚ ਹੈ। 70 ਸਾਲ ਲੰਘਣ ਬਾਅਦ ਵੀ ਪੰਜਾਬ ਅਜੇ ਵੀ ਖੇਤੀ ਪ੍ਰਧਾਨ ਸੂਬਾ ਹੈ। ਆਧੁਨਿਕ ਯੁੱਗ ਵਿਚ ਰੁਜ਼ਗਾਰਾਂ ਦੀ ਪ੍ਰਾਪਤੀ ਲਈ ਖਿੱਤੇ ਵਿਚ ਉਦਯੋਗਾਂ ਦੀ ਸਥਾਪਤੀ ਜ਼ਰੂਰੀ ਹੁੰਦੀ ਹੈ। ਪਰ ਪੰਜਾਬ ਵਿਚ ਉਦਯੋਗ ਵਧ ਨਹੀਂ ਰਹੇ, ਘਟ ਰਹੇ ਹਨ। ਖੇਤੀ ਜੋ ਜਿਣਸਾਂ ਪੈਦਾ ਕਰ ਰਹੀ ਹੈ, ਪੰਜਾਬ ਉਹ ਖਾਦ ਪਦਾਰਥ ਕੱਚੇ ਮਾਲ ਦੇ ਰੂਪ ਵਿਚ ਦੂਜੇ ਸੂਬਿਆਂ ਨੂੰ ਭੇਜੀ ਜਾ ਰਿਹਾ ਹੈ। ਲੋੜ ਇਹ ਹੈ ਕਿ ਅੰਨ ਪਦਾਰਥ ਖੇਤੀ ਆਧਾਰਿਤ ਉਦਯੋਗਾਂ ਰਾਹੀਂ ਡੱਬਾ ਬੰਦ ਪਦਾਰਥਾਂ ਵਿਚ ਬਦਲਣ। ਪਰ ਪੰਜਾਬ ਵਿਚ ਖੇਤੀ ਆਧਾਰਿਤ ਉਦਯੋਗ ਵਧੇ ਹੀ ਨਹੀਂ। ਕਦੇ ਆਲੂ ਮੰਡੀ ਵਿਚ ਰੁਲਦੇ ਹਨ, ਕਦੇ ਕਿੰਨੂਆਂ ਦੀ ਪੈਦਾਵਾਰ ਕਿਰਸਾਣਾਂ ਦੀਆਂ ਮੁਸ਼ਕਿਲਾਂ ਵਧਾ ਦਿੰਦੀ ਹੈ। ਹਰਸਿਮਰਤ ਕੌਰ ਬਾਦਲ ਖੇਤੀ ਆਧਾਰਿਤ ਉਦਯੋਗਾਂ ਦੇ ਮੰਤਰੀ ਹਨ। ਉਹ ਸਾਰੇ ਦੇਸ਼ ਅਤੇ ਪੰਜਾਬ ਵਿਚ ਫੂਡ ਪਾਰਕ ਖੋਲ੍ਹਣ ਦੀ ਮੁਹਿੰਮ ਚਲਾ ਰਹੇ ਹਨ। ਪਰ ਅਜੇ ਵੀ ਪੰਜਾਬ ਖੇਤੀ ਪੈਦਾਵਾਰ ਦਾ 95 ਫ਼ੀਸਦੀ ਹਿੱਸਾ ਕੱਚੇ ਮਾਲ ਦੇ ਰੂਪ ਵਿਚ ਹੀ ਦੂਜੇ ਸੂਬਿਆਂ ਨੂੰ ਬਰਾਮਦ ਕਰਦਾ ਹੈ। ਖੇਤੀ ਨਾਲ ਜੁੜਿਆ ਧੰਦਾ ਡੇਅਰੀ ਫਾਰਮਿੰਗ ਹੈ। ਪੰਜਾਬ ਵਿਚ ਦੁੱਧ ਬਹੁਤ ਪੈਦਾ ਹੋ ਰਿਹਾ ਹੈ। ਪਿਛਲੇ 50-60 ਸਾਲਾਂ ਤੋਂ ਵੇਰਕਾ ਸੰਸਥਾ ਦੁੱਧ ਅਤੇ ਦੁੱਧ ਪਦਾਰਥਾਂ ਦੀ ਮੰਡੀਕਰਨ ਕਰ ਰਹੀ ਹੈ। ਪਰ ਵੇਰਕਾ ਗੁਜਰਾਤ ਦੇ ਅਮੁੱਲ ਤੋਂ ਬਹੁਤ ਪਿੱਛੇ ਹੈ। ਅਮੁੱਲ ਦੇ ਪਦਾਰਥਾਂ ਦੀ ਵਿਕਰੀ ਲਈ ਪੰਜਾਬ ਦੇ ਹਰ ਸ਼ਹਿਰ ਤੇ ਕਸਬੇ ਵਿਚ ਦੁਕਾਨਾਂ ਖੁੱਲ੍ਹ ਗਈਆਂ ਹਨ। ਵੇਰਕਾ ਕਿਉਂ ਨਹੀਂ ਖੋਲ੍ਹ ਸਕਦਾ? ਦੋਵੇਂ ਅਦਾਰੇ ਕੋਆਪ੍ਰੇਟਿਵ ਹਨ। ਕਿਰਸਾਣ ਇਨ੍ਹਾਂ ਦੇ ਹਿੱਸੇਦਾਰ ਹਨ। ਪਰ ਅਮੁੱਲ ਭਾਰਤ ਵਿਚ ਸਭ ਤੋਂ ਵੱਧ ਦੁੱਧ ਪਦਾਰਥ ਵੇਚਣ ਵਾਲੀ ਸੰਸਥਾ ਬਣ ਗਈ ਹੈ। ਵੇਰਕਾ ਕਿਉਂ ਨਹੀਂ ਵਧ-ਫੁਲ ਰਿਹਾ? ਇਹ ਖੋਜ ਪੜਤਾਲ ਸਿਰਫ ਸਰਕਾਰਾਂ ਨੇ ਹੀ ਨਹੀਂ ਕਰਨੀ ਹੁੰਦੀ, ਸਿੱਖਿਆ ਸੰਸਥਾਵਾਂ ਨੇ ਵੀ ਕਰਨੀ ਹੁੰਦੀ ਹੈ। ਸਿੱਖਿਆ ਸੰਸਥਾਵਾਂ ਆਪਣੀ ਖੋਜ ਅਤੇ ਆਪਣੇ ਸਰਵੇਖਣਾਂ ਰਾਹੀਂ ਸਰਕਾਰਾਂ ਨੂੰ ਖ਼ਬਰਦਾਰ ਕਰ ਸਕਦੀਆਂ ਹਨ। ਪਰ ਪੰਜਾਬ ਵਿਚ ਕੋਈ ਸਿੱਖਿਆ ਸੰਸਥਾ ਇਨ੍ਹਾਂ ਮਸਲਿਆਂ ਬਾਰੇ ਨਾ ਚਿੰਤਤ ਹੈ, ਨਾ ਚਿੰਤਨ ਕਰ ਰਹੀ ਹੈ। ਇਉਂ ਜਾਪਦਾ ਹੈ, ਪੰਜਾਬ ਵੱਲ ਜਵਾਬਦੇਹੀ ਦੀ ਭਾਵਨਾ ਹੈ ਹੀ ਨਹੀਂ।

ਸਥਾਪਤ ਹੋ ਚੁੱਕੀਆਂ ਨਿੱਜੀ ਪ੍ਰਬੰਧ ਵਾਲੀਆਂ ਯੂਨੀਵਰਸਿਟੀਆਂ ਉੱਤੇ ਝਾਤੀ ਮਾਰੋ। ਦੋ ਪ੍ਰਵਿਰਤੀਆਂ ਸਾਫ਼ ਨਜ਼ਰ ਆ ਰਹੀਆਂ ਹਨ। ਪਹਿਲੀ ਹੈ, ਸਿਰਫ ਅੰਗਰੇਜ਼ੀ ਮਾਧਿਅਮ ਵਿਚ ਸਿੱਖਿਆ ਦੇਣੀ। ਦੂਜੀ, ਸਿਰਫ ਪੇਸ਼ੇਵਾਰਾਨਾ ਕੋਰਸ ਹੀ ਪੜ੍ਹਾਉਣੇ ਹਨ, ਜਿਵੇਂ ਐਮ.ਬੀ.ਏ., ਐਮ.ਸੀ.ਏ., ਬੀ.ਸੀ.ਏ., ਬੀ.ਟੈੱਕ. ਅਤੇ ਐਮ.ਟੈਕ.। ਇਨ੍ਹਾਂ ਸਾਰੇ ਕੋਰਸਾਂ ਦੇ ਪਾੜ੍ਹੇ-ਮਾਹਰ ਪੰਜਾਬ ਵਿਚ ਯੋਗ ਰੁਜ਼ਗਾਰ ਪ੍ਰਾਪਤ ਨਹੀਂ ਕਰ ਸਕਦੇ। ਅਸੀਂ

ਇਹੋ ਜਿਹੀਆਂ ਐਮ.ਬੀ.ਏ. ਕਰ ਚੁੱਕੀਆਂ ਮੁਟਿਆਰਾਂ ਦੇਖੀਆਂ ਹਨ, ਜਿਨ੍ਹਾਂ ਨੂੰ ਯੋਗ ਰੁਜ਼ਗਾਰ ਨਹੀਂ ਮਿਲਿਆ। ਮਜਬੂਰੀਵੱਸ ਕਿਸੇ ਵਪਾਰਕ ਅਦਾਰੇ ਵਿਚ 8-10 ਹਜ਼ਾਰ ਰੁਪਏ ਮਹੀਨੇ ਦੀ ਤਨਖਾਹ 'ਤੇ ਸੇਲਜ਼ ਗਰਲ ਦਾ ਕੰਮ ਕਰ ਰਹੀਆਂ ਹਨ। ਬਹੁਤੇ ਪੇਸ਼ਾਵਰ ਮਾਹਰ ਪੜ੍ਹਦੇ ਇਥੇ ਹਨ, ਨੌਕਰੀ ਲਈ ਦੱਖਣੀ ਭਾਰਤ ਜਾਂਦੇ ਹਨ ਜਾਂ ਆਸਟਰੇਲੀਆ, ਕੈਨੇਡਾ ਅਤੇ ਅਮਰੀਕਾ ਵਿਚ। ਇਥੋਂ ਦੇ ਧਨ ਨਾਲ ਪੜ੍ਹਾਈ ਕਰਾਈ ਜਾਂਦੀ ਹੈ ਪਰ ਲਾਭ ਦੂਜੇ ਪ੍ਰਦੇਸ਼ ਅਤੇ ਦੂਜੇ ਦੇਸ਼ ਉਠਾਉਂਦੇ ਹਨ। ਅੰਗਰੇਜ਼ੀ ਭਾਸ਼ਾ ਵਿਚ ਇਸ ਨੂੰ ਬਰੇਨ-ਡਰੇਨ ਕਹਿੰਦੇ ਹਨ। ਦਿਮਾਗੀ ਤਾਕਤ ਅਤੇ ਪੜ੍ਹਾਈ-ਸਿਖਲਾਈ ਇਥੋਂ ਦੀ ਵਰਤੀ ਜਾਂਦੀ ਹੈ ਪਰ ਉਸ ਦੀ ਵਰਤੋਂ ਦੂਜੇ ਲੋਕ ਕਰਦੇ ਹਨ। ਪੰਜਾਬੀ ਬੋਲੀ ਅਤੇ ਪੰਜਾਬੀ ਸੱਭਿਆਚਾਰ ਵੱਲ ਇਨ੍ਹਾਂ ਨਿੱਜੀ ਪ੍ਰਬੰਧ ਵਾਲੇ ਅਦਾਰਿਆਂ ਨੇ ਪਿੱਠ ਕੀਤੀ ਹੋਈ ਹੈ। ਅੰਗਰੇਜ਼ੀ ਭਾਸ਼ਾ ਦਾ ਸੱਭਿਆਚਾਰ ਫੈਲਾਇਆ ਜਾ ਰਿਹਾ ਹੈ।

ਪੰਜਾਬ ਨੂੰ ਵਿਗਿਆਨਕ ਗਿਆਨ ਅਤੇ ਤਕਨੀਕੀ ਮੁਹਾਰਤ ਦੀ ਬਹੁਤ ਲੋੜ ਹੈ। ਵਿਗਿਆਨੀ ਹੀ ਖੇਤੀ ਦੀ ਉਪਜ ਵਧਾਉਣ ਦਾ ਤਰੀਕਾ ਦੱਸ ਸਕਦੇ ਹਨ। ਵਿਗਿਆਨੀ ਹੀ ਦੱਸ ਸਕਦੇ ਹਨ ਕਿ ਜੋ ਕਣਕ ਪੈਦਾ ਹੋ ਰਹੀ ਹੈ, ਉਸ ਦੀ ਤਨ ਨੂੰ ਤਾਕਤ ਦੇਣ ਵਾਲੀ ਖੂਬੀ ਕਿੰਨੀ ਕੁ ਹੈ? ਵਿਗਿਆਨੀ ਹੀ ਦੱਸ ਸਕਦੇ ਹਨ ਕਿ ਪੰਜਾਬ ਵਿਚ ਪੈਦਾ ਹੋ ਰਿਹਾ ਕਿੰਨੂ ਜੂਸ ਕੱਢ ਕੇ ਡੱਬਿਆਂ ਵਿਚ ਬੰਦ ਕਰਨ ਅਤੇ ਦੇਸ਼-ਵਿਦੇਸ਼ ਵਿਚ ਵੇਚਣ ਦੀ ਸਿਫ਼ਤ ਕਿਸ ਹੱਦ ਤੱਕ ਰੱਖਦਾ ਹੈ। ਇਸ ਤੋਂ ਵੱਡੀ ਲੋੜ ਹੈ ਕਿ ਵਿਗਿਆਨੀ ਅਜਿਹੀਆਂ ਕਾਢਾਂ ਕੱਢਣ, ਜੋ ਸਿਹਤ-ਸੰਭਾਲ ਲਈ ਢੁਕਵੀਆਂ ਦਵਾਈਆਂ ਦੀ ਤਿਆਰੀ ਵਿਚ ਵਰਤੀਆਂ ਜਾਣ। ਪੰਜਾਬ ਵਿਚ ਚੱਲ ਰਹੇ ਉਦਯੋਗਾਂ ਨੂੰ ਵਧੇਰੇ ਲਾਭਕਾਰੀ ਤੇ ਵਧੇਰੇ ਕੁਸ਼ਲ ਬਣਾਉਣ ਲਈ ਵਿਗਿਆਨਕ ਕਾਢਾਂ ਦੀ ਅਤਿਅੰਤ ਲੋੜ ਹੈ। ਪਰ ਅਫ਼ਸੋਸ ਹੈ, ਵਿਗਿਆਨਕ ਵਿਸ਼ੇ ਯੂਨੀਵਰਸਿਟੀਆਂ ਵਿਚ ਪੜ੍ਹੇ-ਪੜ੍ਹਾਏ ਜਾ ਰਹੇ ਹਨ ਪਰ ਨਵੀਆਂ ਕਾਢਾਂ ਤੇ ਲੱਭਤਾਂ ਪ੍ਰਗਟ ਨਹੀਂ ਹੋ ਰਹੀਆਂ। ਅਸਲ ਵਿਚ ਸਾਰੇ ਭਾਰਤ ਵਿਚ ਹੀ ਵਿਗਿਆਨ ਦੇ ਖੇਤਰ ਵਿਚ ਨਵੀਆਂ ਖੋਜਾਂ ਸਾਹਮਣੇ ਨਹੀਂ ਆ ਰਹੀਆਂ। ਸਿਰਫ ਪੁਲਾੜ-ਵਿਗਿਆਨ ਅਤੇ ਫ਼ੌਜੀ ਸਾਜ਼-ਸਮਾਨ ਬਣਾਉਣ ਵਾਲੇ ਅਦਾਰੇ ਹੀ ਨਵੀਆਂ ਖੋਜਾਂ ਅਤੇ ਇਨ੍ਹਾਂ ਖੋਜਾਂ ਦੇ ਆਧਾਰ 'ਤੇ ਬਣੇ ਨਵੇਂ ਉਪਕਰਨ ਪੇਸ਼ ਕਰ ਰਹੇ ਹਨ। ਇਹ ਤਸੱਲੀ ਵਾਲੀ ਗੱਲ ਹੈ। ਪਰ ਬਾਕੀ ਖੇਤਰਾਂ ਨਾਲ ਜੁੜੇ ਵਿਗਿਆਨੀ ਆਪਣੀਆਂ ਪ੍ਰਯੋਗਸ਼ਾਲਾਵਾਂ ਵਿਚ ਨਵੇਂ ਚਮਤਕਾਰ ਕਿਉਂ ਨਹੀਂ ਪੇਸ਼ ਕਰ ਰਹੇ?

ਸਮਾਜ ਸਿਰਫ ਵਿਗਿਆਨ ਦੇ ਸਹਾਰੇ ਹੀ ਅੱਗੇ ਨਹੀਂ ਵਧਦਾ। ਉਸ ਨੂੰ ਸਮਾਜ-ਵਿਗਿਆਨਾਂ ਤੇ ਮਾਨਵ-ਵਿਗਿਆਨਾਂ ਦੀ ਅਗਵਾਈ ਦੀ ਵੀ ਲੋੜ ਹੁੰਦੀ ਹੈ। ਅਸਲ ਵਿਚ ਜਦੋਂ ਵੀ ਸੰਸਾਰ ਨੇ ਇਕ ਯੁੱਗ ਤੋਂ ਦੂਜੇ ਯੁੱਗ ਵਿਚ ਪ੍ਰਵੇਸ਼ ਕੀਤਾ, ਵਿਗਿਆਨ (ਸਾਇੰਸ) ਅਤੇ ਸਮਾਜ ਵਿਗਿਆਨ ਅਤੇ ਮਾਨਵ ਵਿਗਿਆਨ ਨਾਲ-ਨਾਲ ਤੁਰੇ। ਭਾਰਤ ਵਿਚ ਜਦੋਂ ਅੰਗਰੇਜ਼ੀ ਰਾਜ ਕਾਲ ਵਿਚ ਸੁਤੰਤਰਤਾ ਸੰਗਰਾਮ ਭਖਿਆ, ਤਾਂ ਜਿਨ੍ਹਾਂ ਆਗੂਆਂ ਨੇ ਭਾਰਤੀ ਲੋਕਾਂ ਨੂੰ ਸਭ ਤੋਂ ਪਹਿਲਾਂ ਜਗਾਇਆ, ਉਹ ਸਮਾਜ ਚਿੰਤਕ ਸਨ, ਜਿਵੇਂ ਮਹਾਰਾਸ਼ਟਰ ਦੇ ਬਾਲ ਗੰਗਾਧਰ ਤਿਲਕ ਅਤੇ ਮਹਾਤਮਾ ਗਾਂਧੀ।

ਪੰਜਾਬ ਨੂੰ ਸਮਾਜ ਚਿੰਤਕਾਂ ਦੀ ਬਹੁਤ ਲੋੜ ਹੈ। ਪਰ ਪੰਜਾਬ ਦੇ ਸਿੱਖਿਆ ਅਦਾਰੇ ਨਾ ਨਵੇਂ ਇਤਿਹਾਸਕਾਰ ਉਭਾਰ ਰਹੇ ਹਨ, ਨਾ ਨਵੇਂ ਅਰਥ ਵਿਗਿਆਨੀ ਅਤੇ ਨਾ ਨਵੇਂ ਰਾਜਨੀਤੀ-ਚਿੰਤਕ। ਪਿਛਲੇ 70 ਸਾਲ ਤੋਂ ਪੰਜਾਬੀ ਸਮਾਜ ਖੜੋਤ ਦੀ ਹਾਲਤ ਵਿਚ ਹੈ। ਅੰਦੋਲਨ, ਹਿੰਸਕ ਤੇ ਅਹਿੰਸਕ ਬਹੁਤ ਭਖੇ ਪਰ ਇਨ੍ਹਾਂ ਬਾਰੇ ਖੋਜੀਆਂ ਨੇ ਕੋਈ ਖ਼ਾਸ ਖੋਜ ਨਹੀਂ ਕੀਤੀ। ਪੰਜਾਬ ਦੀ ਰਾਜਨੀਤੀ ਵਿਚ ਅਕਾਲੀਆਂ ਦਾ ਉੱਘੜਵਾਂ ਦਖ਼ਲ ਹੈ। ਪਰ ਅਕਾਲੀ ਰਾਜਨੀਤੀ ਦਾ ਇਤਿਹਾਸ ਲਿਖਣ ਦਾ ਨਿਰਪੱਖ ਤੇ ਗੰਭੀਰ ਯਤਨ ਬਿਲਕੁਲ ਨਹੀਂ ਹੋਇਆ। ਜਿਹੜੇ ਯਤਨ ਹੋਏ ਹਨ, ਉਹ ਉਚ ਪੱਧਰ ਦੇ ਨਹੀਂ ਹਨ। ਪੰਜਾਬ ਦੀ ਆਰਥਿਕਤਾ ਦੀ ਅਜੀਬ ਸਥਿਤੀ ਹੈ। ਆਰਥਿਕਤਾ ਉਹ ਸਿਹਤਮੰਦ ਹੁੰਦੀ ਹੈ, ਜੋ ਲੋਕਾਂ ਦੀ ਲੋੜ ਵੀ ਪੂਰੀ ਕਰੇ ਤੇ ਨਾਲ-ਨਾਲ ਬਹੁਤ ਕੁਝ ਵਾਧੂ (ਸਰਪਲੱਸ) ਵੀ ਪੈਦਾ ਕਰੇ, ਜੋ ਪ੍ਰਗਤੀ ਲਈ ਵਰਤਿਆ ਜਾਏ। ਪੰਜਾਬ ਵਿਚ ਮੁੱਖ ਉਪਜ ਖੇਤੀ ਦੀ ਹੈ। ਇਹ ਲੋਕਾਂ ਨੂੰ ਰਜਵੀਂ ਰੋਟੀ ਦੇਣ ਤੋਂ ਬਾਅਦ ਵਾਫਰ (ਸਰਪਲੱਸ) ਵੀ ਪੈਦਾ ਕਰ ਰਹੀ ਹੈ। ਇਹ ਵਾਫਰ ਉਪਜ ਅਗਲੀ ਖੁਸ਼ਹਾਲੀ ਦੀ ਬੁਨਿਆਦ ਬਣਨੀ ਚਾਹੀਦੀ ਹੈ। ਪਰ ਪੰਜਾਬ ਵਿਚ ਅਗਲੀ ਖੁਸ਼ਹਾਲੀ ਨਹੀਂ ਪੈਦਾ ਹੋ ਰਹੀ। ਨਵੇਂ ਰੁਜ਼ਗਾਰ ਨਹੀਂ ਪੈਦਾ ਹੋ ਰਹੇ। ਨਵੇਂ ਕੰਮ ਧੰਦੇ ਨਹੀਂ ਪੈਦਾ ਹੋ ਰਹੇ। ਇਕ ਨਿੱਕੀ ਜਿਹੀ ਮਿਸਾਲ ਦਿੰਦੇ ਹਾਂ। ਪਿਛਲੇ ਕੁਝ ਸਾਲਾਂ ਵਿਚ ਕਿਰਸਾਣਾਂ ਨੇ ਬਾਸਮਤੀ ਚਾਵਲ ਉਗਾਏ। ਇਹ ਵਾਫਰ ਉਪਜ ਹੈ। ਭਾਰਤ ਇਸ ਦੀ ਕਦਰ ਨਹੀਂ ਪਾ ਰਿਹਾ। ਪਰ ਸਾਰੀ ਦੁਨੀਆ ਵਿਚ ਬਾਸਮਤੀ ਦੀ ਮੰਗ ਹੈ। ਸਾਨੂੰ ਇਹ ਸੋਚ ਕੇ ਹੈਰਾਨੀ ਹੁੰਦੀ ਹੈ ਕਿ ਪੰਜਾਬ ਦੇ ਵਪਾਰੀ ਤੇ ਪੰਜਾਬ ਦੇ ਪ੍ਰਸ਼ਾਸਕ ਪੰਜਾਬ ਦੀ ਵਾਫਰ ਬਾਸਮਤੀ ਲਈ ਮੰਡੀ ਕਿਉਂ ਨਹੀਂ ਲੱਭ ਸਕੇ? ਕੀ ਨਵਾਂ ਸੋਚਣ ਤੇ ਨਵਾਂ ਉੱਦਮ ਕਰਨ ਦੀ ਸਮਰੱਥਾ ਬਿਲਕੁਲ ਮਰ ਚੁੱਕੀ ਹੈ?

98720-42611

'ਸਰ ਮੋਤਾ ਸਿੰਘ' - ਇੰਗਲਿਸ਼ ਜੱਜ ਪੀਠ ਦੀ ਪਹਿਲੀ ਦਸਤਾਰ - ਨਹੀਂ ਰਹੇ

ਸਰ ਮੋਤਾ ਸਿੰਘ, ਇੰਗਲੈਂਡ ਦੇ ਪਹਿਲੇ ਏਸ਼ੀਅਨ ਜੱਜ ੧੩ ਨਵੰਬਰ ਨੂੰ ਪਰਲੋਕ ਸਿਧਾਰ ਗਏ ਉਹਨਾਂ ਨਮਿੱਤ ਰੱਖੇ ਪਾਠ ਦਾ ਭੋਗ ਸਾਊਥਫੀਲਡ (ਲੰਦਨ) ਗੁਰਦੁਆਰੇ ਵਿਖੇ ਅੱਜ ੧੦ ਦਸੰਬਰ ਨੂੰ ਪਾਇਆ ਗਿਆ ਉਹਨਾਂ ਦਾ ਨਾਂ ਸੁਰਖੀਆਂ ਵਿਚ ਉਦੋਂ ਆਇਆ ਜਦੋਂ ੧੯੮੨ 'ਚ ਸੀਸ 'ਤੇ ਚਿੱਟੀ ਦਸਤਾਰ ਨਾਲ ਇੰਗਲਿਸ਼ ਜੱਜ ਪੀਠ ((English Bench) 'ਚ ਸ਼ਾਮਿਲ ਹੋਇ ਇੰਗਲਿਸ਼ ਜੱਜ ਪੀਠ (English Bench) ਦੇ ੩੦੦ ਸਾਲਾਂ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਰਸਰ (Knighthood) ਸਿਰ ਤੇ ਧਾਰਣ ਕੀਤੇ ਬਗੈਰ ਕੋਈ ਇਸ ਵਿਚ ਸ਼ਾਮਿਲ ਹੋਇਆ ਸੀ ੨੦੧੦ 'ਚ ਉਹਨਾਂ ਨੂੰ 'ਸਰ' (ਧਨਗਿਹਟਹੋਦ) ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ ।

੨੬ ਜੁਲਾਈ ੧੯੩੦ ਨੂੰ ਨੈਰੋਬੀ (ਕੀਨਿਆ) ਵਿਖੇ ਸ. ਦਲੀਪ ਸਿੰਘ ਮਠਾੜੂ ਅਤੇ ਬੀਬੀ ਹਰਨਾਮ ਕੌਰ ਦੇ ਸਾਧਾਰਣ ਘਰ ਜਨਮ ਲੈਣ ਵਾਲੇ ਬਾਲ ਲਈ 'ਸਰ' ਦੇ ਖਿਤਾਬ ਤਕ ਦਾ ਸਫਰ ਸੌਖਾ ਨਹੀਂ ਸੀ ਪਿਤਾ ਦੇ ਅਕਾਲ ਚਲਾਣੇ ਕਰਕੇ ਇਹਨਾਂ ਨੇ ੧੬ ਸਾਲ ਦੀ ਛੋਟੀ ਉਮਰ ਵਿਚ ਹੀ ਘਰ ਦੀ, ਪੰਜੇ ਛੋਟੇ ਭੈਣ ਭਰਾਵਾਂ ਦੀ ਜਿੰਮੇਵਾਰੀ ਸਾਂਭੀ ਕੰਮ ਦੇ ਨਾਲ ਪੜ੍ਹਾਈ ਕੀਤੀ ਫਿਰ ਵਕੀਲਾਂ ਦੀ ਇਕ ਯੂਰਪੀਨ ਫਰਮ (European firm) 'ਚ ਨੌਕਰੀ ਕੀਤੀ ੧੯੫੫ 'ਚ ਇੰਗਲੈਂਡ ਤੋਂ ਵਕਾਲਤ ਪੂਰੀ ਕਰਕੇ ਵਾਪਸ ਨੈਰੋਬੀ ਜਾ ਕੇ ਬੈਰਿਸਟਰ ਦਾ ਕੰਮ ਸ਼ੁਰੂ ਕੀਤਾ ਰਾਜਨੀਤੀ 'ਚ ਵੀ ਉਤਰੇ - ਨੈਰੋਬੀ ਦੇ ਕੌਂਸਲਰ (City Councillor ਅਤੇ ਫਿਰ ਐਲਡਰਮੈਨ (Alderman) ਵੀ ਰਹੇ ੧੯੬੫ ਵਿਚ ਹਮੇਸ਼ਾ ਲਈ ਯੂਕੇ ਪਰਵਾਸ ਕਰ ਗਏ ੨ ਸਾਲ ਦੇ ਔਖੇ ਰਾਹ ਤੋਂ ਬਾਦ ੧੯੬੭ 'ਚ ਇੰਗਲਿਸ਼ ਵਕੀਲਾਂ ਦੀ ਸ਼੍ਰੇਣੀ (ਓਨਗਲਸਿਹ ਭ▲ਰ) ਨਾਲ ਜੁੜ ਸਕੇ ਬਿਨਾ ਵਿਗ ਦੇ ਕੇਸ ਪੈਰਵੀ ਕਰਨ ਦੀ ਖੁਲ੍ਹ ਨਹੀਂ ਸੀ ਇਜਾਜ਼ਤ ਮਿਲੀ ਤੇ ਫਿਰ ਪਹਿਲਾ ਕੇਸ ਜਿੱਤਣ 'ਤੇ ਅਖਬਾਰਾਂ ਨੇ ਲਿਖਿਆ - Barrister in Turban Wins Case.

੧੯੬੭ 'ਚ Race Relations ਟੌਨਿਸ ਅਚਟ ਪਾਸ ਹੋਇਆ ਇਹ ੧੯੭੮ ਤਕ ਉਸ ਦੇ ਕਾਨੂੰਨੀ ਮੈਂਬਰ (statutory member) ਰਹੇ ੧੯੭੮ 'ਚ ਇਹਨਾਂ ਨੂੰ ਸਿਲਕ ਪਾਣ ਦੀ ਇਜਾਜ਼ਤ ਮਿਲੀ ਇਹ ਇਜਾਜ਼ਤ ਸਿਰਫ ਉਹਨਾਂ ਸੀਨਿਅਰ ਵਕੀਲਾਂ ਨੂੰ ਮਿਲਦੀ ਹੈ ਜਿਹਨਾਂ ਨੂੰ ਇੰਗਲੈਂਡ ਦੇ ਸ਼ਾਹੀ ਤਾਜ - ਮਹਾਰਾਣੀ ਦਾ ਕਾਨੂੰਨੀ ਸਲਾਹਕਾਰ (QC - Queen's Council) ਬਣਾਇਆ ਜਾਂਦਾ ਹੈ।

ਇਹਨਾਂ ਦੀ ਨਿਆਂਪਾਲਿਕਾ ਨੂੰ ਦੇਣ ਅਤੇ ਚੈਰਿਟੀ ਕੰਮਾਂ ਕਰਕੇ ੨੦੧੦ ਇਹਨਾਂ ਨੂੰ 'ਸਰ' ਦੇ ਖਿਤਾਬ (Knighthood) ਨਾਲ ਸਨਮਾਨਿਤ ਕੀਤਾ ਗਿਆ।



ਸਫਲਤਾ ਦੇ ਸਿਖਰ ਤੇ ਪਹੁੰਚ ਕੇ ਵੀ ਸਹਿਜ ਤੇ ਨਿਮਰ ਰਹੇ, ਗੁਰਬਾਣੀ ਪਾਠ ਨਿਤਨੇਮ ਅਨੁਸਾਰ ਕਰਦੇ ਰਹੇ¢ ਧਾਰਮਿਕ ਆਗੂਆਂ ਦਾ ਸਨਮਾਨ ਕਰਨਾ, ਘਟ ਬੋਲਣਾ ਤੇ ਗੰਭੀਰ ਸੁਭਾ ਇਹਨਾਂ ਦੇ ਗੁਣ ਸਨ¢ ਏਸ਼ੀਅਨ ਵਕੀਲਾਂ ਲਈ ਇਹਨਾਂ ਰਾਹ ਖੋਲ੍ਹ ਦਿੱਤੇ ਜਿਸ ਸਦਕਾ ਅੱਜ ਇਕ ਏਸ਼ੀਅਨ ਬੈਰਿਸਟਰ ਚੈਂਬਰ (Asian Barrister Chamber) ਵੀ ਹੈ¢ ਮਿਹਨਤੀ ਅਤੇ ਅਗਾਂਹਵਧੂ ਸੋਚ ਵਾਲੇ ਕਿਸੀ ਵੀ ਮਨੁੱਖ ਲਈ ਇਹਨਾਂ ਦਾ ਜੀਵਨ ਪ੍ਰੇਰਣਾ ਦਾ ਸ੍ਰੋਤ ਹੈ¢ ਇਹਨਾਂ ਦੇ ਜਾਣ ਦਾ ਨਾ ਪੂਰਿਆ ਜਾਣ ਵਾਲਾ ਘਾਟਾ ਵੀ ਨਾ ਸਿਰਫ ਰਾਮਗੜ੍ਹੀਆ, ਸਿੱਖ, ਏਸ਼ੀਅਨ ਭਾਈਚਾਰੇ ਲਈ ਹੈ ਬਲਕਿ ਇੰਗਲੈਂਡ ਨਿਆਂਪਾਲਿਕਾ ਤੇ ਸਾਰੇ ਯੂਕੇ ਨੂੰ ਹੈ।

—ਅਜੀਤ ਸਿੰਘ ਸੱਗੂ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 200 ਸਾਲਾ ਪ੍ਰਕਾਸ਼ ਪੁਰਬ ਕੌਮੀ ਪੱਧਰ ਤੇ ਪੂਰੇ ਸ਼ਾਨੋ ਸ਼ੌਕਤ ਨਾਲ ਮਨਾਈਆ ਜਾਵੇਗਾ- ਸੁਰਿੰਦਰ ਸਿੰਘ ਨਾਮਧਾਰੀ

ਪੰਜਾਬ ਸਰਕਾਰ ਵੱਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ 200 ਸਾਲ ਪ੍ਰਕਾਸ਼ ਸ਼ਤਾਬਦੀ (ਸਾਲ 2016-2017) ਨੂੰ ਪਹਿਲਾਂ ਹੀ ਰਾਜ ਪੱਧਰ ਤੇ ਮਨਾਇਆਂ ਜਾ ਰਿਹਾ ਹੈ। ਇਸ 200 ਸਾਲ ਇਤਿਹਾਸਕ ਪ੍ਰਕਾਸ਼ ਸਤਾਬਦੀ ਨੂੰ ਕੌਮੀ ਪੱਧਰ ਤੇ ਮਨਾਉਣ ਲਈ ਸ. ਪਰਕਾਸ਼ ਸਿੰਘ ਦੀ ਬਾਦਲ ਮਾਨਯੋਗ ਮੁੱਖ ਮੱਤਰੀ ਪੰਜਾਬ, ਪੰਜਾਬ ਰਾਜ ਦੇ ਮੈਂਬਰ ਪਾਰਲੀਮੈਂਟਸ ਅਤੇ ਕੂਕਾ ਸ਼ਹੀਦ ਯਾਦਗਾਰੀ ਟਰੱਸਟ ਵੱਲੋਂ ਇਹ ਮਸਲਾ ਮਾਨਯੋਗ ਪ੍ਰਧਾਨ ਮੰਤਰੀ ਜੀ ਨਾਲ ਟੇਕਅਪ ਕੀਤਾ ਗਿਆ ਸੀ।

ਮਿਤੀ 15-12-2016 ਨੂੰ ਸ਼ਾਸਤਰੀ ਭਵਨ ਨਵੀਂ ਦਿੱਲੀ ਵਿੱਖੇ ਡਾ. ਮਹੇਸ਼ ਸ਼ਰਮਾ, ਮਾਨਯੋਗ ਸੈਰ ਸਪਾਟਾ ਅਤੇ ਸਭਿਆਚਾਰ ਮੰਤਰੀ ਭਾਰਤ ਸਰਕਾਰ ਦੀ ਪ੍ਰਧਾਨਗੀ ਹੇਠ ਕੂਕਾ ਸ਼ਹੀਦ ਯਾਦਗਾਰੀ ਟਰੱਸਟ ਦੀ ਇੱਕ ਅਹਿਮ ਮੀਟਿੰਗ ਹੋਈ ਜਿਸ ਵਿੱਚ ਸ੍ਰੀ ਸੁਮੇਦਾ ਨੰਦ ਸਰਸਵਤੀ, ਸੰਸਦ ਮੈਂਬਰ (ਸੀਕਰ), ਸ੍ਰੀ ਸੁਰਿੰਦਰ ਸਿੰਘ ਨਾਮਧਾਰੀ, ਪ੍ਰਧਾਨ ਵਿਸ਼ਵ ਨਾਮਧਾਰੀ ਸੰਗਤ, ਗੁਰਸੇਵ ਸਿੰਘ, ਅਮਰਜੀਤ ਸਿੰਘ, ਸ਼ਾਮਿਲ ਸਨ। ਮੀਟਿੰਗ ਦੋਰਨ ਡਾ. ਮਹੇਸ਼ ਸ਼ਰਮਾ ਜੀ ਨੇ ਦੱਸਿਆ ਕਿ ਸ੍ਰੀ ਨਰਿੰਦਰ ਮੋਦੀ ਜੀ, ਮਾਨਯੋਗ ਪ੍ਰਧਾਨ



ਮੰਤਰੀ ਜੀ ਵੱਲੋਂ ਇੱਕ ਵਿਸ਼ੇਸ਼ ਬੈਠਕ ਬੁਲਾਈ ਗਈ ਸੀ। ਜਿਸ ਵਿੱਚ ਸ੍ਰੀ ਰਾਜਨਾਥ ਸਿੰਘ ਜੀ, ਮਾਨਯੋਗ ਕੇਂਦਰੀ ਗ੍ਰਹਿ ਮੰਤਰੀ ਭਾਰਤ ਸਰਕਾਰ ਅਤੇ ਡਾ. ਮਹੇਸ਼ ਸ਼ਰਮਾ ਜੀ, ਮਾਨਯੋਗ ਸੈਰ ਸਪਾਟਾ ਅਤੇ ਸਭਿਟਆਚਾਰਕ ਮੰਤਰੀ ਭਾਰਤ ਸਰਕਾਰ ਸ਼ਾਮਲ ਹੋਏ।

ਇਸ ਅਹਿਮ ਮੀਟਿੰਗ ਵਿਚ ਮਾਨਯੋਗ ਪ੍ਰਧਾਨ ਮੰਤਰੀ ਜੀ ਨੇ ਆਦੇਸ਼ ਦਿੱਤੇ ਕਿ ਕੇਂਦਰ ਸਰਕਾਰ ਵੱਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ 200 ਸਾਲ ਪ੍ਰਕਾਸ਼ ਸ਼ਤਾਬਦੀ ਪੂਰੇ ਸ਼ਾਨੋ-ਸ਼ੌਕਤ ਨਾਲ ਕੌਮੀ ਪੱਧਰ ਤੇ ਮਨਾਈ ਜਾਵੇ। ਇਸ ਸ਼ਤਾਬਦੀ ਨੂੰ ਕੌਮੀ ਪੱਧਰ ਨੇ ਮਨਾਉਣ ਲਈ ਇੱਕ ਨੈਸ਼ਨਲ ਲੈਵਲ ਕਮੇਟੀ ਗਠਿਤ ਕੀਤੀ ਜਾਵੇ ਅਤੇ ਜਲਦੀ ਤੋਂ ਇਸ ਕਮੇਟੀ ਦੀ ਮੀਟਿੰਗ ਬੁਲਾਈ ਜਾਵੇ ਅਤੇ ਇਸ ਮੀਟਿੰਗ ਵਿਚ ਡਿਸਕਸ ਕੀਤਾ ਜਾਣਾ ਵਾਲਾ ਏਜੰਡਾ ਕੂਕਾ ਸ਼ਹੀਦ ਯਦਾਗਰੀ ਟਰੱਸਟ ਤੋਂ ਮਗਵਾਇਆ ਜਾਵੇ। ਹੁਣ ਇਸ ਕਮੇਟੀ ਦੀ ਮੀਟਿੰਗ ਬਹੁਤ ਜਲਦ ਹੋਣ ਜਾ ਰਹੀ ਹੈ।

ਦੇਸ਼-ਵਿਦੇਸ਼ ਵਿਚ ਵੱਸਦੀ ਸਮੁੱਚੀ ਵਿਸ਼ਵ ਨਾਮਧਾਰੀ ਸੰਗਤ ਵਿਚ ਬਹੁਤ ਖੁਸ਼ੀ ਦੀ ਲਹਿਰ ਹੈ। ਸਮੁੱਚੀ ਵਿਸ਼ਵ ਨਾਮਧਾਰੀ ਸੰਗਤ ਮਾਨਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦਾ, ਡਾ. ਮਹੇਸ਼ ਸ਼ਰਮਾ ਜੀ, ਮਾਨਯੋਗ ਸੈਰ-ਸਪਾਟਾ ਤੇ ਸਭਿਆਚਾਰਕ ਮੰਤਰੀ ਭਾਰਤ ਸਰਕਾਰ ਅਤੇ ਸ. ਪਰਕਾਸ਼ ਸਿੰਘ ਜੀ ਬਾਦਲ ਮਾਨਯੋਗ ਮੁੱਖ ਮੰਤਰੀ ਪੰਜਾਬ ਅਤੇ ਹੋਰ ਜਿਨਾਂ ਨੇ ਵੀ ਇਸ ਸ਼ਤਾਬਦੀ ਨੂੰ ਕੌਮੀ ਪੱਥਰ ਤੇ ਮਨਾਉਣ ਲਈ ਯਤਨ ਕੀਤੇ ਉਨ੍ਹਾਂ ਸਭ ਦਾ ਤਹਿ ਦਿਲੋਂ ਕੋਟਨਿ ਕੋਟ ਧੰਨਵਾਦ ਕਰਦੀ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜਲੰਧਰ ਜ਼ੋਨ ਦਾ ਗੁਰਮਤਿ ਸੰਮੇਲਨ ਉਤਸ਼ਾਹ ਪੂਰਵਕ ਮਨਾਇਆ ਗਿਆ ।

ਜੰਗ-ਏ-ਅਜ਼ਾਦੀ ਅਤੇ ਨਾਮਿਲਵਰਤਨ ਲਹਿਰ ਦੇ ਬਾਨੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖਸ਼ਿਸ ਅਤੇ ਹਾਜਰਾ ਹਜੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਅਤੇ ਆਗਿਆ ਸਦਕਾ ਵਿਸ਼ਵ

ਨਾਮਧਾਰੀ ਵਿਦਿਅਕ ਜੱਥਾ ਅਤੇ ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜੱਥਾ ਦੀ ਪ੍ਰੇਰਣਾ ਸਦਕਾ ਨਾਮਧਾਰੀ ਵਿਦਿਅਕ ਜੱਥਾ ਅਤੇ ਨਾਮਧਾਰੀ ਇਸਤਰੀ ਵਿਦਿਅਕ ਜੱਥਾ ਜਲੰਧਰ ਜ਼ੋਨ ਦਾ ਗੁਰਮਤਿ ਸੰਮੇਲਨ ਨਾਮਧਾਰੀ ਸੰਗਤ, ਨਾਮਧਾਰੀ ਵਿਦਿਅਕ ਜੱਥਾ ਅਤੇ ਨਾਮਧਾਰੀ ਇਸਤਰੀ ਵਿਦਿਅਕ ਜੱਥਾ ਜਲੰਧਰ ਸ਼ਹਿਰ ਵੱਲੋਂ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਪੂਰਵਕ ਨਾਮਧਾਰੀ ਧਰਮਸਾਲਾ ਬਸਤੀ ਬੂਰੇ ਖਾਂ, ਪ੍ਰੀਤਨਗਰ, ਸੋਡਲ ਰੋਡ, ਜਲੰਧਰ ਸ਼ਹਿਰ ਵਿਖੇ ਮਨਾਇਆ ਗਿਆ। ਮਿਤੀ 17 ਦਸੰਬਰ ਦਿਨ ਸ਼ਨੀਵਾਰ ਸ਼ਾਮ 7 ਤੋਂ 8 ਨਿਤਨੇਮ ਕੀਤਾ ਗਿਆ, ਉਪਰੰਤ ਜੱਥੇਦਾਰ ਸੰਤ ਬਲਬੀਰ ਸਿੰਘ, ਸੰਤੋਖ ਸਿੰਘ, ਸੁਰਿੰਦਰ ਸਿੰਘ ਪੱਪੂ ਵੱਲੋਂ ਸ਼ਬਦ ਕੀਰਤਨ ਕੀਤਾ ਗਿਆ, ਤਬਲੇ ਤੇ ਸਾਥ ਮਨਸਾ ਸਿੰਘ ਅਤੇ ਕੁਲਵੰਤ ਸਿੰਘ ਨੇ ਦਿੱਤਾ। ਜੱਥੇਦਾਰ ਸੂਬਾ ਸੰਦੀਪ ਸਿੰਘ ਅਤੇ ਨਾਮਧਾਰੀ ਵਿਦਿਅਕ ਜੱਥਾ ਜਲੰਧਰ ਸ਼ਹਿਰ ਵੱਲੋਂ ਨਾਮਧਾਰੀ ਸ਼ੈਲੀ ਢੋਲਕੀ ਛੈਣਿਆਂ ਦੇ ਨਾਲ ਹੱਲੇ ਦਾ ਦੀਵਾਨ ਲਗਾਉਂਦੇ ਹੋਏ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਰਉਪਕਾਰਾਂ ਦਾ ਵਰਣਨ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ ਗਿਆ। ਬਲਵੰਤ ਸਿੰਘ ਦਸੂਹਾ ਅਤੇ ਸਵਿੰਦਰ ਸਿੰਘ ਲੁਧਿਆਣਾ ਨੇ ਕਵਿਤਾਵਾਂ ਪੜ੍ਹ ਕੇ ਇਸ ਗੁਰਮਤਿ ਸੰਮੇਲਨ ਵਿੱਚ ਆਪਣੀ ਹਾਜਰੀ ਲਗਵਾਈ ਸਟੇਜ ਦਾ ਸੰਚਾਲਨ ਕਮਲਜੀਤ ਸਿੰਘ ਪ੍ਰਧਾਨ ਨਾਮਧਾਰੀ ਵਿਦਿਅਕ ਜੱਥਾ ਜਲੰਧਰ ਸ਼ਹਿਰ ਵੱਲੋਂ ਕੀਤਾ ਗਿਆ।

ਅਗਲੇ ਦਿਨ ਐਤਵਾਰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿੱਚ ਜੱਥੇਦਾਰ ਸੰਤ ਬਲਬੀਰ ਸਿੰਘ, ਸੰਤੋਖ ਸਿੰਘ, ਸੁਰਿੰਦਰ ਸਿੰਘ ਪੱਪੂ ਅਤੇ ਸਹਿਯੋਗੀ ਜੱਥੇ ਵੱਲੋਂ ਕੀਤਾ ਗਿਆ। ਉਪਰੰਤ ਸਮਾਗਮ ਦੀ ਅਰਦਾਸ ਕਰਕੇ ਗੁਰਮਤਿ ਸੰਮੇਲਨ ਦੀ ਅਰੰਭਤਾ ਕੀਤੀ। ਜਲੰਧਰ ਜ਼ੋਨ ਦੇ ਵੱਖ-ਵੱਖ ਜੱਥੇ ਢੋਲਕੀ-ਛੈਣਿਆਂ ਦੇ ਨਾਲ ਦੀਵਾਨ ਲਗਾ ਕੇ ਬੋਲਦਿਆਂ "ਹੋਰ ਹੀ ਜੈ ਜੈਕਾਰ ਚੀਨੀ ਵਾਲੇ ਪਾਤਸ਼ਾਹਿ ਦੀ"ਅਤੇ "ਅੱਜ ਦਿਓ ਵਧਾਈਆਂ ਨੀ ਅੱਜ ਦਿਨ ਭਾਗਾਂ ਵਾਲਾ ਚੜ੍ਹਿਆ ਹੈ", ਬੋਲਦਿਆਂ ਗੁਰਮਤਿ ਸੰਮੇਲਨ ਵਿੱਚ ਸ਼ਾਮਿਲ ਹੋਏ। ਸਮੂਹ ਇਲਾਕਾ ਨਿਵਾਸੀਆਂ ਨੇ ਸੰਗਤ ਦੇ ਰੂਪ ਵਿੱਚ ਆਏ ਹੋਏ ਜੱਥਿਆਂ ਤੇ ਫੁੱਲਾਂ ਦੀ ਵਰਖਾ ਕਰਦਿਆਂ ਹੋਇਆਂ ਜੀ ਆਇਆ ਨੂੰ ਆਖਿਆ। ਜਲੰਧਰ ਦੇ ਛੋਟੇ ਛੋਟੇ ਬੱਚਿਆਂ ਨੇ ਵੰਦਨਾ ਕਰਦਿਆਂ ਆਪਣੀ ਪੇਸ਼ਕਾਰੀ ਬਹੁਤ ਹੀ ਸੁੰਦਰ ਅੰਦਾਜ ਵਿੱਚ ਕੀਤੀ। ਇਸ ਤੋਂ ਬਾਅਦ ਜਲੰਧਰ ਜ਼ੋਨ ਦੇ ਵੱਖ-ਵੱਖ ਜੱਥਿਆਂ ਤੋਂ ਇਲਾਵਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਦੇ ਬੱਚਿਆਂ ਨੇ ਆਪਣੇ-ਆਪਣੇ ਸਮੇਂ ਦੇ ਅਨੁਸਾਰ ਹੱਲੇ ਦੇ ਦੀਵਾਨ ਕਵਿਤਾ, ਭਾਸ਼ਨ, ਸ਼ਬਦ ਗਾਇਨ ਕਰਦੇ ਹੋਏ ਸਮੂਹ ਸੰਗਤ ਦਾ ਮਨ ਮੋਹ ਲਿਆ। ਇਸ ਮੌਕੇ **ਵਿਸ਼ਵ ਨਾਮਧਾਰੀ ਸੰਗਤ ਦੇ ਪ੍ਰਧਾਨ ਸੁਰਿੰਦਰ ਸਿੰਘ ਨਾਮਧਾਰੀ** ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਭਾਰਤ ਸਰਕਾਰ ਵੱਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 200ਵਾਂ ਪ੍ਰਕਾਸ਼ ਪੁਰਬ ਨੈਸ਼ਨਲ ਲੈਵਲ ਤੇ ਮਨਾਇਆ ਜਾ ਰਿਹਾ ਹੈ ਅਤੇ ਕਿਹਾ ਕਿ ਜਲੰਧਰ ਜ਼ੋਨ ਵੱਲੋਂ ਮਨਾਏ ਗਏ ਗੁਰਮਤਿ ਸੰਮੇਲਨ ਨੂੰ ਸ਼ਲਾਘਾ ਯੋਗ ਉਪਰਾਲਾ ਦੱਸਦੇ ਹੋਏ ਕਿਹਾ ਕਿ ਅਸੀਂ ਸਾਰੇ ਸਦਾ ਹੀ ਇਹਨਾ ਨੌਜਵਾਨਾਂ ਨੂੰ ਹਮੇਸ਼ਾਂ ਹੀ ਪੂਰਨਸਹਿਯੋਗ ਦੇਵਾਂਗੇ ਕਿਉਂਕਿ ਨੌਜਵਾਨ ਦੇਸ਼ ਅਤੇ ਕੌਮ ਦਾ ਸਰਮਾਇਆ ਹੁੰਦੇ ਹਨ। **ਸੂਬਾ ਬਲਵਿੰਦਰ ਸਿੰਘ ਝੱਲ** ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਸਰਬੰਸਦਾਨੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਨੂੰ ਸੰਭਾਲ ਕੇ ਰੱਖਣਾ ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਦੇਸ਼ ਅਜ਼ਾਦੀ ਲਈ ਅਹਿਮ ਯੋਗਦਾਨ ਅਤੇ ਉਸਦਾ ਪ੍ਰਚਾਰ ਘਰ-ਘਰ ਪਹੁੰਚਾਉਣ ਸੰਬੰਧੀ ਗੁਰਮਤਿ ਸੰਮੇਲਨ ਕਰਵਾਉਣਾ ਸ਼ਲਾਘਾਯੋਗ ਉਪਰਾਲਾ ਹੈ। **ਵਿਸ਼ਵ ਨਾਮਧਾਰੀ ਵਿਦਿਅਕ ਜੱਥਾ ਦੇ ਇੰਚਾਰਜ ਗੁਰਮੁੱਖ ਸਿੰਘ ਰਹਿਬਰ** ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਜਲੰਧਰ ਜ਼ੋਨ ਪਿਛਲੇ ਕਾਫੀ ਸਮੇਂ ਤੋਂ ਬਹੁਤ ਹੀ ਉਤਸ਼ਾਹ ਦੇ ਨਾਲ ਸਮੂਹਿਕ ਰੂਪ ਵਿੱਚ ਗੁਰਮਤਿ ਸੰਮੇਲਨ ਕਰਦਾ ਆ ਰਿਹਾ ਹੈ, ਤਮਾਮ ਬੱਚਿਆਂ ਵੱਲੋਂ ਸਟੇਜ ਤੇ ਆ ਕੇ ਆਪਣੀ ਪ੍ਰਤਿਭਾ ਦਿਖਾਉਣੀ ਬਹੁਤ ਹੀ ਵਧੀਆ ਉਦਮ ਹੈ, ਅਸੀਂ ਹਮੇਸ਼ਾ ਹੀ ਹਰ ਸਮੇਂ ਇਹਨਾ ਨੂੰ ਸਹਿਯੋਗ ਦਿੰਦੇ ਰਹਾਂਗੇ। **ਵਿਸ਼ਵ ਨਾਮਧਾਰੀ ਵਿਦਿਅਕ ਜੱਥਾ ਦੇ ਸਕੱਤਰ ਸੁੱਖਵਿੰਦਰ ਸਿੰਘ ਲਾਇਲ** ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਦੇਸ਼ ਵਿੱਚ ਨਸ਼ਾਖੋਰੀ ਦੇ ਚਲਦੇ ਜਿਆਦਾਤਰ ਬੱਚੇ ਪੱਛਮੀ ਸੱਭਿਅਤਾ ਨਾਲ ਜੁੜ ਕੇ ਆਪਣੇ ਸੱਭਿਆਚਾਰ ਅਤੇ ਆਪਣੀ ਸੰਸਕ੍ਰਿਤੀ ਤੋਂ ਟੁੱਟਦੇ ਜਾ ਰਹੇ ਹਨ। ਅਜਿਹੇ ਸਮੇਂ ਵਿੱਚ ਗੁਰਮਤਿ ਸੰਮੇਲਨ ਕਰਵਾਉਣ ਨਾਲ ਬੱਚਿਆਂ ਨੂੰ ਧਰਮ ਦੇ ਪ੍ਰਤੀ ਸਹੀ ਰਾਹ ਮਿਲਦੀ ਹੈ। **ਨਾਮਧਾਰੀ ਵਿਦਿਅਕ ਜੱਥਾ ਜਲੰਧਰ ਜ਼ੋਨ ਦੇ ਕਨਵੀਨਰ ਨਾਮਧਾਰੀ ਸੁਰਿੰਦਰ ਸਿੰਘ ਛਿੰਦਾ** ਨੇ ਕਿਹਾ ਕਿ ਇਹ ਗੁਰਮਤਿ ਸੰਮੇਲਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਅਤੇ ਆਗਿਆ ਸਦਕਾ ਸਫਲ ਹੋਇਆ ਹੈ। ਅਸੀਂ ਸਾਰੇ ਇਹੀ ਅਰਦਾਸ ਕਰਦੇ ਹਾਂ ਕਿ ਇਹ ਕਿਰਪਾ ਸਦਾ ਹੀ ਬਣੀ ਰਹੇ ਤਾਂ ਜੋ ਇਹੋ ਜਿਹੇ ਗੁਰਮਤਿ ਸੰਮੇਲਨ ਹੋਰ ਉਤਸ਼ਾਹ ਪੂਰਵਕ ਮਨਾਏ ਜਾ ਸਕਣ ਕਿਉਂਕਿ ਬੱਚਿਆਂ ਨੂੰ ਸਿੱਖੀ ਇਤਿਹਾਸ ਅਤੇ ਮਰਿਯਾਦਾ ਦੇ ਨਾਲ ਜੋੜਣ ਲਈ ਇਹ ਗੁਰਮਤਿ ਸੰਮੇਲਨ ਕਰਵਾਉਣੇ ਜਰੂਰੀ ਹਨ। **ਨਾਮਧਾਰੀ ਸੰਗਤ ਜਲੰਧਰ ਦੇ ਪ੍ਰਧਾਨ ਨਾਰਾਇਣ ਸਿੰਘ** ਨੇ ਆਈ ਹੋਈ ਸਮੂਹ ਸੰਗਤ ਅਤੇ ਜੱਥਿਆਂ ਦਾ ਧੰਨਵਾਦ ਬਹੁਤ ਹੀ ਸੁਚੱਜੇ ਢੰਗ ਨਾਲ ਕਰਦਿਆਂ ਹੋਇਆ ਕਿਹਾ ਕਿ ਇਹ ਸੰਮੇਲਨ ਵੇਖ ਕੇ ਬਹੁਤ ਖ਼ੁਸ਼ ਹੋਇਆ ਹੈ ਕਿ ਨੌਜਵਾਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਚੱਲਦੇ ਆ ਰਹੇ ਨਾਮਧਾਰੀ ਸ਼ੈਲੀ ਢੋਲਕੀ-ਛੈਣੇ ਜਦੋਂ ਕਿ ਅੰਗਰੇਜੀ ਰਾਜ ਦੇ ਸਮੇਂ ਸਿੱਖੀ ਪ੍ਰਚਾਰ ਨੂੰ ਘਰ-ਘਰ ਪਹੁੰਚਾਉਣ ਵਾਸਤੇ ਢੋਲਕੀ-ਛੈਣਿਆ ਰਾਹੀਂ ਪ੍ਰਚਾਰ ਆਰੰਭ ਕੀਤਾ, ਉਸ ਸ਼ੈਲੀ ਨੂੰ ਅੱਜ ਨੌਜਵਾਨਾਂ ਵੱਲੋਂ ਸੁਣ ਕੇ, ਵੇਖ ਕੇ ਮੰਨ ਬਹੁਤ ਖ਼ੁਸ਼ ਹੋਇਆ ਅਤੇ ਨਿੱਕੇ ਨਿੱਕੇ ਬੱਚਿਆਂ ਨੇ ਕਵਿਤਾ, ਭਾਸ਼ਣ, ਸ਼ਬਦ ਗਾਇਨ ਕੀਤਾ, ਬੱਚੇ ਅਤੇ ਖਾਸ ਕਰਕੇ ਉਹਨਾ ਦੇ ਮਾਤ-ਪਿਤਾ ਵਧਾਈ ਦੇ ਪਾਤਰ ਹਨ। ਅਸੀਂ ਹਮੇਸ਼ਾਂ ਹੀ ਇਹਨਾ ਬੱਚਿਆਂ ਨੂੰ ਤਹਿਦਿਲੋਂ ਸਾਥ ਦੇਵਾਂਗੇ। ਸਟੇਜ ਦੇ ਸੰਚਾਲਨ ਨਾਮਧਾਰੀ ਵਿਦਿਅਕ ਜੱਥਾ ਫਗਵਾੜਾ ਦੇ ਪ੍ਰਧਾਨ ਨਰਿੰਦਰ ਸਿੰਘ ਅਤੇ ਨਾਮਧਾਰੀ ਵਿਦਿਅਕ ਜੱਥਾ ਜਲੰਧਰ ਸ਼ਹਿਰ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਸੋਨੂੰ ਨੇ ਬਹੁਤ ਹੀ ਪ੍ਰਭਾਵਸ਼ਾਲੀ ਅੰਦਾਜ ਨਾਲ ਕੀਤਾ। ਇਸ ਗੁਰਮਤਿ ਸੰਮੇਲਨ ਵਿੱਚ ਨਾਮਧਾਰੀ ਪੰਥ

ਦੀਆਂ ਬਹੁਤ ਹੀ ਮਹਾਨ ਸਖਸ਼ੀਅਤਾਂ ਨੇ ਸਮੂਲੀਅਤ ਕੀਤੀ। ਇਸ ਮੌਕੇ ਜਲੰਧਰ ਜ਼ੋਨ ਦੇ ਜੱਥਿਆਂ ਤੋਂ ਇਲਾਵਾ ਵਿਸ਼ਵ ਨਾਮਧਾਰੀ ਸੰਗਤ ਦੇ ਪ੍ਰਧਾਨ ਸੁਰਿੰਦਰ ਸਿੰਘ ਨਾਮਧਾਰੀ, ਮਾਸਟਰ ਦਰਸ਼ਨ ਸਿੰਘ, ਸੂਬਾ ਬਲਵਿੰਦਰ ਸਿੰਘ ਝੱਲ, ਸੂਬਾ ਹਰਭਜਨ ਸਿੰਘ, ਸੂਬਾ ਸੁਰਿੰਦਰ ਕੌਰ ਖਰਲ, ਸੂਬਾ ਗੁਲਜ਼ਾਰ ਸਿੰਘ, ਸੂਬਾਹ ਰਜੀਤ ਸਿੰਘ ਮੁਠੱਡਾ, ਸੂਬਾ ਜਸਬੀਰ ਸਿੰਘ, ਸੂਬਾ ਅਮਰੀਕ ਸਿੰਘ, ਸੂਬਾ ਸ਼ਾਮ ਸਿੰਘ, ਸੂਬਾ ਸੁਖਵਿੰਦਰ ਸਿੰਘ, ਸੂਬਾ ਜੋਗਿੰਦਰ ਸਿੰਘ, ਵਿਸ਼ਵ ਨਾਮਧਾਰੀ ਵਿਦਿਅਕ ਜੱਥਾ ਦੇ ਇੰਚਾਰਜ ਗੁਰਮੁੱਖ ਸਿੰਘ ਰਹਿਬਰ, ਸਕੱਤਰ ਸੁਖਵਿੰਦਰ ਸਿੰਘ ਲਾਇਲ, ਡਾ. ਪੁਸ਼ਪਿੰਦਰ ਸਿੰਘ, ਗੁਰਦੇਵ ਸਿੰਘ ਚੀਮਾ, ਗੁਰਮੀਤ ਸਿੰਘ ਚਾਨਾ, ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜੱਥਾ ਦੇ ਸਕੱਤਰ ਬੀਬੀ ਅਮਰਜੀਤ ਕੌਰ, ਬੀਬੀ ਸਿਮਰਤੇਸ਼ਵਰ ਕੌਰ, ਨਾਮਧਾਰੀ ਸੰਗਤ ਲੁਧਿਆਣਾ ਦੇ ਪ੍ਰਧਾਨ ਜੋਗਿੰਦਰ ਸਿੰਘ, ਮੀਤ ਪ੍ਰਧਾਨ ਜੀ.ਪੀ. ਸਿੰਘ, ਨਾਮਧਾਰੀ ਸੰਗਤ ਤਰਨਤਾਰਨ ਦੇ ਪ੍ਰਧਾਨ ਗੁਰਭੇਜ ਸਿੰਘ, ਨਾਮਧਾਰੀ ਵਿਦਿਅਕ ਜੱਥਾ ਦੇ ਸਕੱਤਰ ਅਵਤਾਰ ਸਿੰਘ ਲੁਹਾਰਾ, ਨਾਮਧਾਰੀ ਵਿਦਿਅਕ ਜੱਥਾ ਐਲਨਾਬਾਦ ਦੇ ਪ੍ਰਧਾਨ ਸੁਖਦੇਵ ਸਿੰਘ, ਨਾਮਧਾਰੀ ਵਿਦਿਅਕ ਜੱਥਾ ਸਰਸਾ ਦੇ ਪ੍ਰਧਾਨ ਹਰਜੀਤ ਸਿੰਘ, ਪ੍ਰਭਜੋਤ ਸਿੰਘ, ਰਵਿੰਦਰ ਸਿੰਘ ਜੋਹਲ, ਸਵਰਨ ਸਿੰਘ, ਗੁਰਪ੍ਰੀਤ ਸਿੰਘ, ਹਰਪਾਲ ਸਿੰਘ, ਰਾਮ ਸਿੰਘ, ਸੁਰਿੰਦਰ ਸਿੰਘ ਪੱਪੂ, ਦਵਿੰਦਰ ਸਿੰਘ, ਜਤਿੰਦਰਪਾਲ ਸਿੰਘ, ਸਰਦਾਰਾ ਸਿੰਘ, ਤਰਲੋਕ ਸਿੰਘ, ਪਰਮਿੰਦਰ ਸਿੰਘ ਸਣੇ ਪੰਜਾਬ ਦੇ ਵੱਖ-ਵੱਖ ਜਿਲਿਆਂ ਤੋਂ ਆਈ ਸੰਗਤ ਸ਼ਾਮਿਲ ਸੀ।

-ਨਾਮਧਾਰੀ ਸੁਰਿੰਦਰ ਸਿੰਘ ਛਿੰਦਾ, ਕਨਵੀਨਰ, ਨਾਮਧਾਰੀ ਵਿੱਦਿਅਕ ਜੱਥਾ ਜਲੰਧਰ ਜ਼ੋਨ

ਪੰਜਾਬੀ ਸਾਹਿਤ ਸਭਾ ਦੀ ਇਕੱਤਰਤਾ

ਨਵੀਂ ਦਿੱਲੀ: ਪੰਜਾਬੀ ਸਾਹਿਤ ਸਭਾ (ਰਜਿ.) ਦੀ ਮਾਸਿਕ ਇਕੱਤਰਤਾ ਪੰਜਾਬੀ ਭਵਨ ਵਿਖੇ ਪ੍ਰੋ. ਮਨਜੀਤ ਸਿੰਘ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ ਦੀ ਪ੍ਰਧਾਨਗੀ ਹੇਠ ਹੋਈ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਉੱਘੀ ਕਵਿੱਤਰੀ ਮਨਜੀਤ ਇੰਦਰਾ ਨੇ ਆਪਣੇ ਦੋ ਸਾਹਿਤਕ ਗੀਤ ਤਰੰਨਮ ਵਿਚ ਸੁਣਾਏ ਜਿਨ੍ਹਾਂ ਵਿਚ ਨਾਰੀਵਾਦੀ ਚੇਤਨਾ, ਵੇਦਨਾ-ਸੰਵੇਦਨਾ ਤੇ ਮੁਹੱਬਤ ਭਰੇ ਸ਼ਬਦਾਂ ਵਿਚ ਸੱਚੀ-ਸੁੱਚੀ ਪ੍ਰੀਤ ਦੇ ਵੇਰਵੇ ਸਨ। ਇਸ ਮਗਰੋਂ ਕਥਾਕਾਰ ਤੇ ਨਾਵਲਕਾਰ ਨਛੱਤਰ ਨੇ 'ਲਾਸ਼' ਨਾਂ ਦੀ ਕਹਾਣੀ ਸੁਣਾਈ ਜਿਸ ਦੀ ਬਣਤਰ ਤੇ ਬੁਣਤਰ ਯਥਾਰਥਕ ਸ਼ੈਲੀ ਹੋਣ ਕਰ ਕੇ ਅਸਲੀ ਜ਼ਿੰਦਗੀ ਦੇ ਕਰੀਬ ਪ੍ਰਤੀਤ ਹੋਈ ਭਾਵੇਂ ਕਿ ਇਹ ਫਿਲਮੀ ਦੁਨੀਆਂ ਨਾਲ ਸੰਬੰਧਿਤ ਸੀ। ਗੀਤਕਾਰ ਤੇ ਸੰਗੀਤਕਾਰ ਹਰਿੰਦਰ ਪਤੰਗਾ ਨੇ ਅੰਮ੍ਰਿਤਾ-ਇਮਰੋਜ਼ ਬਾਰੇ ਲਿਖੇ ਪਰ ਅਣਛਪੇ ਕਿੱਸੇ ਵਿਚੋਂ ਕੁਝ ਬੰਦ ਗਾ ਕੇ ਸੁਣਾਏ ਜਿਨ੍ਹਾਂ ਦਾ ਹਾਜ਼ਰ ਸੂਝਵਾਨ ਸਰੋਤਿਆਂ ਨੇ ਭਰਵੀਆਂ ਤਾੜੀਆਂ ਨਾਲ ਸਵਾਗਤ ਕੀਤਾ। ਇਸ ਤੋਂ ਮਗਰੋਂ ਹਰਭਜਨ ਸਿੰਘ ਸਹਿਗਲ ਨੇ ਕਵਿਤਾਵਾਂ ਸੁਣਾਈਆਂ ਜੋ ਉਨ੍ਹਾਂ ਦੀ ਪਹਿਲੀ ਕਾਵਿ-ਸਿਰਜਣਾ ਨਾਲੋਂ ਸਪੱਸ਼ਟ ਵਖਰੇਵਾਂ ਦਰਸਾਉਂਦੀਆਂ ਮਹਿਸੂਸ ਕੀਤੀਆਂ ਗਈਆਂ। ਫਿਰ ਅੰਮ੍ਰਿਤ ਲਾਲ ਮੰਨਣ ਨੇ 'ਧਰਤੀ ਦੇ ਬਲਦ' ਤੇ 'ਸੱਪ ਤੇ ਸੀੜ੍ਹੀ' ਨਾਂ ਦੀਆਂ ਕਵਿਤਾਵਾਂ ਸੁਣਾਈਆਂ ਉਪਰੰਤ ਯੂ. ਕੇ. ਤੋਂ ਪਹੁੰਚੀ ਨਾਮਵਰ ਕਵਿੱਤਰੀ ਕੁਲਵੰਤ ਕੌਰ ਢਿੱਲੋਂ ਨੇ ਦੋ ਕਵਿਤਾਵਾਂ ਸੁਣਾਈਆਂ ਜਿਨ੍ਹਾਂ ਦੀ ਲੈਅ-ਬੱਧਤਾ ਦੇ ਨਾਲ-ਨਾਲ ਕਲਪਨਾ ਨਾਲੋਂ ਯਥਾਰਥ ਵਧੇਰੇ ਝਲਕਦਾ ਦਿਸਿਆ।

ਇਸ ਮਾਸਿਕ ਇਕੱਤਰਤਾ ਦੇ ਸ਼ੁਰੂ ਵਿਚ ਮੰਚ ਸੰਚਾਲਕ ਤੇ ਮੁਖੀ, ਪੰਜਾਬੀ ਭਵਨ ਬਲਬੀਰ ਮਾਧੋਪੁਰੀ ਨੇ ਪਦਮਸ੍ਰੀ ਪ੍ਰਭਜੋਤ ਕੌਰ ਬਾਰੇ ਸੋਗ ਮਤਾ ਪੜ੍ਹਿਆ ਤੇ ਸਦਾ ਲਈ ਵਿਛੜੀ ਇਸ ਜਗਤ ਪ੍ਰਸਿੱਧ ਸ਼ਖ਼ਸੀਅਤ ਨਮਿਤ ਦੋ ਮਿੰਟ ਦਾ ਮੌਨ ਰੱਖ ਕੇ ਸਭਨਾਂ ਵਲੋਂ ਸ਼ਰਧਾਂਜਲੀ ਦਿਤੀ ਗਈ।

ਡਾ. ਮਨਜੀਤ ਸਿੰਘ ਨੇ ਆਪਣੇ ਪ੍ਰਧਾਨਗੀ ਸ਼ਬਦਾਂ ਵਿਚ ਪੜ੍ਹੀਆਂ ਗਈਆਂ ਰਚਨਾਵਾਂ ਉਤੇ ਮੁੱਲਵਾਨ ਟਿੱਪਣੀਆਂ ਕਰਦਿਆਂ ਸੰਖੇਪ 'ਚ ਸਾਹਿਤ ਦੇ ਸਰੋਕਾਰ ਨਾਲ ਜੁੜੇ ਮੁੱਦਿਆਂ ਨੂੰ ਆਪਣੇ ਨਵੇਕਲੇ ਅੰਦਾਜ਼ ਵਿਚ ਉਭਾਰਿਆ।

-ਬਲਬੀਰ ਮਾਧੋਪੁਰੀ

ਪੰਜਾਬੀ ਸਾਹਿਤ ਸਭਾ ਸੰਗਰੂਰ

ਰਜਿ: ਦਾ ਮਾਸਕ ਪੱਤਰ 'ਪਹਿਲ' ਲੋਕ ਅਰਪਣ

ਇਕ ਪ੍ਰਭਾਵਸ਼ਾਲੀ ਸਮਾਗਮ ਵਿਚ ਪੰਜਾਬੀ ਸਹਿਤ ਸਭਾ ਸੰਗਰੂਰ ਰਜਿ: ਦੁਆਰਾ ਪ੍ਰਕਾਸ਼ਤ ਮਾਸਿਕ ਪੱਤਰ ਪਹਿਲ। ਡਾ: ਤੇਜਵੰਤ ਮਾਨ, ਗਰਗ ਪਵਨ ਹਰਚੰਦਪੁਰੀ, ਡਾ: ਭਗਵੰਤ ਸਿੰਘ ਅਤੇ ਬੂਟਾ ਸਿੰਘ ਚੌਹਾਨ ਦੇ ਪ੍ਰਧਾਨਗੀ ਮੰਡਲ ਨੇ ਜਾਰੀ ਕੀਤਾ।



ਇਸ ਪੱਤਰ ਵਿਚ ਸਭਾ ਦੀਆਂ ਮਾਸਿਕ ਇਕਤਰਤਾਵਾਂ ਵਿਚ ਪੜ੍ਹੀਆਂ ਜਾਣ ਵਾਲੀਆਂ ਰਚਨਾਵਾਂ ਹੀ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਹਨ। ਇਸ ਸਮਾਗਮ ਵਿਚ ਬੂਟਾ ਸਿੰਘ ਚੌਹਾਨ ਦੇ ਨਾਵਲ 'ਸਾਥ ਪਰਿੰਦਿਆਂ ਦਾ' ਉਤੇ ਡਾ: ਤੇਜਵੰਤ ਮਾਨ ਨੇ ਪੇਪਰ ਪੜ੍ਹਿਆ। ਡਾ. ਇਕਬਾਲ ਸਿੰਘ, ਡਾ. ਰਾਜ ਕੁਮਾਰ ਗਰਗ, ਡਾ. ਦਵਿੰਦਰ ਕੌਰ, ਡਾ. ਗੁਰਬਚਨ ਸ਼ਨੇੜੀ, ਡਾ. ਜਸਮਿੰਦਰ ਸਿੰਘ, ਡਾ. ਭਗਵੰਤ ਸਿੰਘ, ਡਾ. ਭੁਪਿੰਦਰ ਬੇਦੀ, ਆਦਿ ਵਿਦਵਾਨਾ ਨੇ ਹਿਸਾ ਲਿਆ। ਸਭਾ ਵਲੋਂ ਬੂਟਾ ਸਿੰਘ ਚੌਹਾਨ ਦਾ ਸਨਮਾਨ ਕੀਤਾ ਗਿਆ।

ਗੁਰਨਾਮ ਸਿੰਘ
ਜਨਰਲ ਸਕੱਤਰ


ਸੁਲੱਖਣ ਸਰੱਹਦੀ ਅਤੇ ਮੋਹਨ ਸ਼ਰਮਾ 'ਕੇਵਲ ਵਿੱਗ ਐਵਾਰਡ-2016' ਨਾਲ ਸਨਮਾਨਿਤ

ਪ੍ਰਮੁੱਖ ਪੱਤਰਕਾਰ, ਸਾਹਿਤ ਪ੍ਰੇਮੀ ਅਤੇ 'ਜਨਤਾ ਸੰਸਾਰ' ਮੈਗਜ਼ੀਨ ਦੇ ਫਾਊਂਡਰ ਸੰਪਾਦਕ ਸਵਰਗੀ ਸ੍ਰੀ ਕੇਵਲ ਵਿੱਗ ਦੀ ਯਾਦ ਵਿਚ ਸਥਾਪਿਤ 'ਕੇਵਲ ਵਿੱਗ ਐਵਾਰਡ-2016' ਦਾ ਮੁੱਖ ਸਮਾਗਮ ਕੇ.ਐੱਲ. ਸਹਿਗਲ ਮੈਮੋਰੀਅਲ ਹਾਲ, ਜਲੰਧਰ ਵਿਖੇ ਹੋਇਆ। ਕੇਵਲ ਵਿੱਗ ਫਾਊਂਡੇਸ਼ਨ ਦੇ ਮੁੱਖੀ ਜਤਿੰਦਰ ਮੋਹਨ ਵਿੱਗ ਨੇ ਦੱਸਿਆ ਕਿ ਇਸ ਵਾਰ ਪੰਜਾਬੀ ਗ਼ਜ਼ਲ ਦੇ ਸੁਹਿਰਦ ਹਸਤਾਖਰ ਸ੍ਰੀ ਸੁੱਲਖਣ ਸਰਹੱਦੀ ਨੂੰ ਬਤੌਰ ਸਰਵੋਤਮ ਸ਼ਾਇਰ ਅਤੇ ਪ੍ਰਮੁੱਖ ਵਾਰਤਕ ਲਿਖਾਰੀ ਸ੍ਰੀ ਮੋਹਨ ਸ਼ਰਮਾ ਨੂੰ ਬਤੌਰ ਸਰਵੋਤਮ ਲੇਖਕ ਇਹ ਯਾਦਗਾਰੀ ਐਵਾਰਡ ਪ੍ਰਦਾਨ ਕੀਤੇ ਗਏ। ਉਹਨਾਂ ਅੱਗੇ ਦੱਸਿਆ ਕਿ ਹਰ ਸਾਲ ਸਵਰਗੀ ਸ੍ਰੀ ਕੇਵਲ ਵਿੱਗ ਦੀ ਬਰਸੀ ਦੇ ਅਵਸਰ 'ਤੇ ਇਹ ਸਮਾਗਮ ਆਯੋਜਿਤ ਕੀਤਾ ਜਾਂਦਾ ਹੈ, ਇਸ ਵਾਰ ਸ੍ਰੀ ਕੇਵਲ ਵਿੱਗ ਦੀ 24ਵੀਂ ਬਰਸੀ ਦੇ ਅਵਸਰ 'ਤੇ ਸਵਰਗੀ ਸ੍ਰੀ ਕੇਵਲ ਵਿੱਗ ਨੂੰ ਭਾਵਪੂਰਨ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਸ੍ਰੀ ਵਿੱਗ ਇਕ ਬਹੁੱਪਖੀ ਸ਼ਖ਼ਸੀਅਤ ਸਨ, ਜਿਨ੍ਹਾਂ ਨੇ ਪੰਜਾਬੀ ਨੂੰ ਸਰਕਾਰੀ ਭਾਸ਼ਾ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ ਤੇ ਉਹ ਪੱਤਰਕਾਰੀ ਦੇ ਖੇਤਰ ਵਿਚ 25-30 ਸਾਲ ਸਰਗਰਮੀ ਨਾਲ ਵਿਚਰਦੇ ਰਹੇ ਸਨ। ਉਨ੍ਹਾਂ ਦੀ ਯਾਦ ਵਿਚ 'ਕੇਵਲ ਵਿੱਗ ਐਵਾਰਡ' ਸੰਨ 1994 ਵਿਚ ਸਥਾਪਿਤ ਕੀਤਾ ਸੀ, ਜੋ ਹਰ ਸਾਲ ਦੋ ਪ੍ਰਮੁੱਖ ਲਿਖਾਰੀਆਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ।

ਕੇਵਲ ਵਿੱਗ ਫਾਊਂਡੇਸ਼ਨ ਦੇ ਮੁੱਖੀ ਜਤਿੰਦਰ ਮੋਹਨ ਵਿੱਗ ਨੇ ਸਮਾਗਮ ਵਿਚ ਪੁੱਜੇ ਸਭ ਮਹਿਮਾਨਾਂ ਦਾ ਸਵਾਗਤ ਕਰਦਿਆਂ ਦੱਸਿਆ ਕਿ ਇਸ ਐਵਾਰਡ ਨੇ ਸਾਹਿਤਕ ਹਲਕਿਆਂ ਵਿਚ



ਆਪਣੀ ਵਿਲੱਖਣ ਪਹਿਚਾਣ ਸਥਾਪਿਤ ਕੀਤੀ ਹੈ ਤੇ ਹੁਣ ਤੱਕ 53 ਪ੍ਰਮੁੱਖ ਸ਼ਖ਼ਸੀਅਤਾਂ ਨੂੰ ਇਸ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਫਾਊਂਡੇਸ਼ਨ ਵਲੋਂ ਸ੍ਰੀ ਸੰਗਤ ਰਾਮ ਨੇ ਸਨਮਾਨਿਤ ਸ਼ਖ਼ਸੀਅਤ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਸੁਲੱਖਣ ਸਰਹੱਦੀ ਨੇ ਆਪਣੀਆਂ ਸਾਹਿਤਕ ਘਾਲਣਾਵਾਂ ਦੀ ਬਦੌਲਤ ਆਪਣਾ ਵੱਖਰਾ ਸਥਾਨ ਬਣਾਇਆ ਹੋਇਆ ਹੈ, ਪੰਜਾਬੀ ਗ਼ਜ਼ਲ ਦੀ ਸਿਰਜਣਾ ਵਿਚ ਉਹ ਪਿਛਲੇ 50 ਸਾਲਾਂ ਤੋਂ ਸਰਗਰਮੀ ਨਾਲ ਵਿਚਰ ਰਹੇ ਹਨ। ਸਰਹੱਦੀ ਨੇ ਪੰਜਾਬੀ ਨਾਲੋਂ ਦਲੇਰੀ ਨਾਲ ਰੂੜੀਵਾਦੀ ਰਵਾਇਤਾਂ ਨੂੰ ਤੋੜ ਕੇ ਪੰਜਾਬੀ ਗ਼ਜ਼ਲ ਨੂੰ ਪੰਜਾਬੀ ਬਣਾਇਆ ਹੈ। 42 ਕਿਤਾਬਾਂ ਦੇ ਲੇਖਕ ਸਰੱਹਦੀ ਨੇ ਪੰਜਾਬੀ ਗ਼ਜ਼ਲ ਦੇ 'ਪਿੰਗਲ ਤੇ ਅਰੂਜ਼ ਸੰਦਰਭ ਕੋਸ਼' ਇਕ ਖੋਜ ਭਰਪੂਰ 818 ਸਫ਼ਿਆਂ ਦੀ ਪੁਸਤਕ ਦੀ ਸਿਰਜਣਾ ਕਰਕੇ ਇਤਿਹਾਸ ਸਿਰਜ ਦਿੱਤਾ ਹੈ। ਉਹਨਾਂ ਨੇ ਦੂਜੀ ਸ਼ਖ਼ਸੀਅਤ ਬਾਰੇ ਦੱਸਿਆ ਕਿ ਨਿਰੰਤਰ ਸਾਧਨਾਂ ਅਤੇ ਸੰਘਰਸ਼ ਦਾ ਨਾਂ ਹੀ ਮੋਹਨ ਸ਼ਰਮਾ ਹੈ। ਜੋ 1969 ਤੋਂ ਲੈ ਕੇ 1992 ਤੱਕ ਇਕ ਆਦਰਸ਼ ਅਧਿਆਪਕ ਵਜੋਂ ਵੱਖ-ਵੱਖ ਸਕੂਲਾਂ ਵਿਚ ਸੇਵਾ ਕਰਦੇ ਰਹੇ ਸਨ, 1992 ਵਿਚ ਉਹ ਅਧਿਆਪਕ ਤੋਂ ਜਿਲ੍ਹਾ ਬੱਚਤ ਅਫ਼ਸਰ ਨਿਯੁਕਤ ਹੋ ਗਏ। ਫਰਵਰੀ 2006 ਵਿਚ ਸੇਵਾ ਮੁਕਤ ਹੋਣ ਉਪਰੰਤ ਮੋਹਨ ਸ਼ਰਮਾ ਨੇ ਆਪਣੀ ਜ਼ਿੰਦਗੀ ਵਿਚ ਖੜੋਤ ਨਹੀਂ ਲਿਆਂਦੀ, ਸਗੋਂ ਪੰਜਾਬ ਵਿਚ ਵਹਿ ਰਹੇ ਛੇਵੇਂ ਨਸ਼ਿਆਂ ਦੇ ਦਰਿਆ ਨੂੰ ਠੱਲ੍ਹ ਪਾਉਣ ਲਈ ਮੋਹਰੀ ਭੂਮਿਕਾ ਨਿਭਾਈ। ਹੁਣ ਤੱਕ ਉਹ 19 ਕਿਤਾਬਾਂ ਲਿਖ ਚੁੱਕੇ ਹਨ, ਜਿਨ੍ਹਾਂ ਵਿਚੋਂ 6 ਕਿਤਾਬਾਂ ਨਸ਼ਿਆਂ ਦੇ ਖ਼ਿਲਾਫ਼ ਲੋਕਾਂ ਨੂੰ ਮਾੜੇ ਪ੍ਰਭਾਵ ਤੋਂ ਸੁਚੇਤ ਕਰਦੀਆਂ ਹਨ। ਇਸ ਮੌਕੇ 'ਤੇ ਸ਼ਹਿਰ ਦੇ ਪਤਵੰਤੇ, ਲਿਖਾਰੀ ਸ਼ਾਇਰ ਤੇ ਬੁੱਧੀਜੀਵੀ ਭਾਰੀ ਗਿਣਤੀ ਵਿਚ ਮੌਜੂਦ ਸਨ। ਸਮਾਗਮ ਦਾ ਮੰਚ ਸੰਚਾਲਨ ਸੁਖਪ੍ਰੀਤ ਕੌਰ ਨੇ ਸਾਹਿਤਕ ਅੰਦਾਜ਼ ਵਿਚ ਕੀਤਾ।



ਠੇਕੇਦਾਰ ਹਰਭਜਨ ਸਿੰਘ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਪਣੇ ਇੱਕ ਪ੍ਰਾਜੈਕਟ ਬਾਰੇ ਜਾਣਕਾਰੀ ਦਿੰਦੇ ਹੋਏ



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਾਮਧਾਰੀ ਵਿੱਦਿਅਕ ਜੱਥਾ
ਨਾਮਧਾਰੀ ਇਸਤਰੀ ਵਿੱਦਿਅਕ ਜੱਥਾ ਜਲੰਧਰ ਜ਼ੋਨ ਵਲੋਂ ਜਲੰਧਰ ਵਿਖੇ ਆਯੋਜਿਤ ਗੁਰਮਤਿ ਸੰਮੇਲਨ
17-18 ਦਸੰਬਰ 2016, ਜਲੰਧਰ। ਤਸਵੀਰਾਂ ਦੀ ਜ਼ੁਬਾਨੀ

P.O. Regd. No. PB/JL-016/2015-2017 **WARIAM** Ladowali Road, Jalandhar -144001
Regd. RNI No. 26453/75
January:2017

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289, ਮੋਬਾਇਲ- 98143-18720